INTERNATIONAL MAGAZINE

RNI No. 61816/95

Date of Publishing :19/03/2024
Page No. from 1 to 60
Date of posting
Last Date of Every Month
Posted by MBU

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਅਪ੍ਰੈਲ 2024




ਖੰਡੇ ਤੋਂ ਪੈਦਾ ਹੋਏ
ਖੰਡੇ ਵਾਗੂੰ ਤਿਖੇ ਹਾਂ
ਪਾਏ ਸੀ ਵਿਚ ਪਤਾਸੇ
ਤਾ ਹੀ ਤਾਂ ਮਿਠੇ ਹਾਂ

ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ
ਜੱਥੇ ਸਮੇਤ ਆਸਟਰੇਲੀਆ ਵਿਖੇ ਗੁਰਮਤਿ ਪ੍ਰਚਾਰ ਫੇਰੀ ਦੌਰਾਨ, ਸੰਗਤਾਂ
ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।























# ਆਤਮ ਮਾਰਗ


ਸਾਲ-ਤੀਹਵਾਂ, ਮਹੀਨਾ-ਅਪ੍ਰੈਲ, 2024

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |
| 98146-12900 | 97798-16909 |


**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

**Email :atammarg1@yahoo.co.in**


Registration Under Foreign Contribution (Regulation) Act 1976 R. No. 115320023


**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

Please visit us on internet at :-

For Atam Marg Email : atammarg1@yahoo.co.in,

Website & Live video -

www.ratwarasahib.org<br>
www.vgrmct.org<br>
www.ratwarasahib.in

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**

**98728-14385, 94172-14385**

**98147-12900**

**ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ**

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

**ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ**

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


1. ਸੰਪਾਦਕੀ 5

*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 9

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

3. ਵਿਸਾਖੀ 19

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਮੰਝ ਪਿਆਰਾ ਗੁਰੂ ਨੂੰ.......॥ 40

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਨਾਮੁ ਪ੍ਰਭੂ ਕਾ ਲਾਗਾ ਮੀਠਾ 45

*ਸੰਤ ਬਾਬਾ ਹਰਪਾਲ ਸਿੰਘ ਜੀ*

6. ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ 49

*ਡਾ. ਜਗਜੀਤ ਸਿੰਘ*

7. ਗੁਰਬਾਣੀ ਅਰਥ ਭੰਡਾਰ 52

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

8. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56

ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,

ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

ਨਿਰੰਕਾਰੀ ਜੋਤਿ 1469 ਈ. ਨੂੰ ਨਿਰਾਕਾਰ ਤੋਂ ਸਾਕਾਰ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋਈ। ਇਲਾਹੀ ਜੋਤਿ ਦੇ ਇਲਾਹੀ ਨਾਦ ਦਾ ਸਫ਼ਰ ਸ਼ੁਰੂ ਹੋਇਆ। ***'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।' (ਭਾਈ ਗੁਰਦਾਸ ਜੀ)*** ਇਸ ਰੋਸ਼ਨੀ ਦੇ ਸੋਮੇ ਵਿਚ ਸੁਭਾਇਮਾਨ ਅਧਿਆਤਮਿਕ ਤੱਤ ਅਤੀਤ ਦੀਆਂ ਕਿਰਨਾਂ ਨਾਲੋਂ ਵਿਲੱਖਣ ਸਨ। ਪਹਿਲਾਂ ਐਲਾਨਾਮਾ 1469 ਈ. ਵਿਚ ਵੇਈਂ ਨਦੀ ਪ੍ਰਵੇਸ਼ ਤੋਂ ਬਾਅਦ ਵਿਚ ਪ੍ਰਾਪਤ ਹੋਇਆ ਜੋ ਕਿ ਇਸ ਤਰ੍ਹਾਂ ਹੈ ***'ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥ (ਅੰਗ-੧੧੩੬)*** ਇਹ ਨਿਵੇਕਲੇਪਣ ਦੀ ਬੁਨਿਆਦ ਸੀ ਤੇ ਮੰਜ਼ਲਿ ਵੀ ਇਸੇ ਦੇ ਅੰਤਰਗਤ ਛੁਪੀ ਹੋਈ ਸੀ। ਵੇਈ ਨਦੀ ਪ੍ਰਵੇਸ਼ ਰਾਹੀਂ ਮਿਲੇ ਇਲਾਹੀ ਨਾਦ ***('ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥')*** ਦੀ ਵਿਆਖਿਆ ਰਾਹੀਂ ਖ਼ਾਲਸਾ ਆਦਰਸ਼ ਦੀ ਸਥਾਪਨਾ ਵਿਚ ਪੂਰੇ 200 ਸਾਲਾਂ ਦਾ ਸਮਾਂ ਲੱਗਿਆ। 1499 ਈ. ਦੇ ਐਲਾਨਾਮੇ ਅਤੇ ਵੇਂਈ ਨਦੀ ਪ੍ਰਵੇਸ਼ ਵਿਚ ਮੂਲਮੰਤ੍ਰ ਰੂਪੀ ਅੰਮ੍ਰਿਤ ਦਾ ਪਿਆਲਾ ਛਕਣ 'ਤੇ ਭੁੰਚਣ ਵਿਚ 200 ਸਾਲ ਦਾ ਸਮਾਂ ਲੱਗਿਆ। ਭਾਵ –

*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ*
*ਜਿਸ ਕਾ ਸਭਸੁ ਅਧਾਰੋ ॥*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥*
*ਏਹ ਵਸਤੁ ਤਜੀ ਨਹ ਜਾਈ*
*ਨਿਤ ਨਿਤ ਰਖੁ ਉਰਿ ਧਾਰੋ ॥*
*ਤਮ ਸੰਸਾਰੁ ਚਰਨ ਲਗਿ ਤਰੀਐ*
*ਸਭੁ ਨਾਨਕ ਬ੍ਰਹਮ ਪਸਾਰੋ ॥ ਅੰਗ- ੧੪੨੯*

ਅੰਮ੍ਰਿਤ ਰੂਪੀ ਥਾਲ 1604 ਈ. ਵਿਚ ਪ੍ਰਕਾਸ਼ਿਤ ਹੋਇਆ। ਪ੍ਰਮੁੱਖ ਅਨਮੋਲ ਅਧਿਆਤਮਕ ਤੱਤਾਂ ਸਤ, ਸੰਤੋਖ ਤੇ ਵੀਚਾਰ ਦਾ ਸਫ਼ਰ ***'...ਸਭੁ ਨਾਨਕ ਬ੍ਰਹਮ ਪਸਾਰੋ ॥' (ਅੰਗ-੧੪੨੯)*** ਤੱਕ ਪਹੁੰਚਿਆ। ਇਹੀ ਸਿੱਖੀ ਦੀ ਮੰਜ਼ਿਲੇ-ਏ-ਮਕਸੂਦ ਹੈ। ਇਸ ਬੁਨਿਆਦ ਨੇ ਉਦੋਂ ਮਹਿਲ ਦਾ ਰੂਪ ਧਾਰਨ ਕੀਤਾ ਜਦੋਂ ਭਾਈ ਸਾਹਿਬ ਘਨ੍ਹਈਆ ਜੀ ਸਾਰਿਆਂ ਵਿਚ 'ਬ੍ਰਹਮ ਪਸਾਰੋ' ਦਾ ਝਲਕਾਰਾ ਦੇਖ ਜਲ ਛਕਾਉਣ ਦੀ ਸੇਵਾ ਨਿਭਾ ਰਹੇ ਹਨ।

ਇਹ ਇਕ ਆਤਮਿਕ, ਰੂਹਾਨੀ ਅਤੇ ਆਤਮ ਮਾਰਗੀ ਪੈਂਡਾ ਹੈ। ਇਸ ਨੇ 230 ਸਾਲ ਵਿਚ ਨਵੀਆਂ ਲੀਹਾਂ, ਨਵੇਂ ਪੂਰਨੇ, ਨਵੇਂ ਦਸਹਿਦੇ, ਨਵੀਆਂ ਰਵਾਇਤਾਂ, ਨਵੀਆਂ ਰਹਿਤਾਂ, ਨਵੀਆਂ ਮਰਿਆਦਾਵਾਂ (ਕੋਡ ਆਫ਼ ਕਡੰਕਟ) ਦੇ ਕੇ ਮੰਜ਼ਿਲ ਤਕ ਪਹੁੰਚਣਾ ਕੀਤਾ। ਇਲਾਹੀ ਜੋਤਿ ਨੇ 10 ਜਾਮੇ ਧਾਰਨ ਕੀਤੇ। ਹਰ ਇਕ ਜਾਮੇ ਦੀ ਬੁਨਿਆਦ ਪਹਿਲੇ ਜਾਮੇ ਵਾਲੀ ਹੀ ਰਹੀ। ਮੁੱਢਲੀ ਬੁਨਿਆਦ ਜੋ ***'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥'*** 'ਤੇ ਖੜ੍ਹੀ ਸੀ ਇਸ ਉਤੇ ਸਿੱਖੀ ਰੂਪ ਮਹਿਲ ਉਸਾਰਨਾ ਸੀ। ਇਕ ਨਿਵੇਕਲੀ ਕਰਾਮਾਤਿ ਸੰਸਾਰ ਮੰਚ 'ਤੇ ਪ੍ਰਗਟ ਕਰਨੀ ਸੀ ਜਿਸ ਦੀ ਮਾਨਤਾ 'ੴ 'ਤੇ ਟਿਕੀ ਸੀ। ਆਦਰਸ਼ ਮਨੁੱਖ ਦੀ ਕਲਪਨਾ ਗੁਰਮੁਖ, ਬ੍ਰਹਮਗਿਆਨੀ ਅਤੇ ਖਾਲਸੇ ਰੂਪ ਵਿਚ ਚਿੰਤਨ ਅਤੇ ਚੇਤਨਾ ਦੀ ਸ਼ਕਤੀਸ਼ਾਲੀ ਪਰੰਪਰਾ ਚਲਾਉਣੀ ਸੀ। ਇਸ ਨੂੰ ਸਿੱਖ ਕੌਮ ਕਿਹਾ ਜਾਂਦਾ ਹੈ। ਇਹੀ ਸਿੱਖ ਕੌਮ 1699 ਈ. ਦੀ ਵਿਸਾਖੀ ਤੋਂ ਖਾਲਸਾ ਪੰਥ ਰੂਪ ਵਿਚ ਪ੍ਰਗਟ ਹੋ ਜਾਂਦੀ ਹੈ।

ਭਾਵੇਂ ਜਨ ਸਧਾਰਨ ਦੀ ਮਾਨਸਕਿਤਾ ਨੂੰ ਮਜ਼ਬੂਤ ਕਰਨ ਦੇ ਉਪਰਾਲੇ ਪਹਿਲੇ ਜਾਮੇ ਵਿਚ ਹੀ ਸ਼ੁਰੂ ਹੋ ਚੁੱਕੇ ਸਨ। 'ਬਾਬਰ ਬਾਣੀ' ਦੇ ਹਵਾਲੇ ਅਨੁਸਾਰ ਸਮਾਜਿਕ, ਧਾਰਮਿਕ, ਰਾਜਨੀਤਿਕ ਅਤਿਆਚਾਰਾਂ ਤੇ ਭਾਰਤੀ ਲੋਕਾਂ ਦੀ ਬੇਵਸੀ ਦੀ ਸਥਿਤੀ ਸਾਹਮਣੇ ਨਜ਼ਰ ਆਉਂਦੀ ਹੈ। ਬਾਬਰ ਬਾਣੀ ਵਿਚ ਪ੍ਰਗਟਾਏ ਵਿਚਾਰ ਇਕ ਨਵਾਂ ਇਨਕਲਾਬ ਸੀ।

ਇਹੋ ਜਿਹੇ ਸਮਕਾਲੀ ਹਾਲਾਤਾਂ ਪ੍ਰਤੀ ਅਜਿਹੇ ਚਿੰਤਨ ਦੀ ਪ੍ਰਥਾ ਪਾਉਣ ਦਾ ਮੰਤਵ ਚਿਰਾਂ ਤੋਂ ਲਤਾੜੀਆਂ ਅਤੇ ਪੀੜਤ ਧਿਰਾਂ ਦਾ ਸਵੈ ਮਾਣ ਜਗਾਉਣਾ ਸੀ। ਇਲਾਹੀ ਜੋਤਿ ਵਲੋਂ ਦਸ ਜਾਮਿਆਂ ਵਿਚ ਬਾਣੀ ਅਤੇ ਵਿਹਾਰਿਕ ਜੀਵਨ ਰਾਹੀਂ ਮਾਨਵੀ ਚੇਤਨਾ ਨੂੰ ਸ਼ਬਦ ਨਾਲ ਜੋੜਿਆ। ਸਤਿਗੁਰਾਂ ਦੀ ਧਰਮ ਅਤੇ ਰਾਜਨੀਤੀ ਦੇ ਮੇਲ ਨਾਲ ਉਪਜੀ

ਇਕਸੁਰਤਾ ਦੀ ਤਾਕਤ ਨੇ ਧਾਰਮਿਕ ਦੁਨੀਆਂ ਦਾ ਇਤਿਹਾਸ ਬਦਲ ਕੇ ਰੱਖ ਦਿਤਾ। ਇਕ ਐਸਾ ਪੰਥ ਤਿਆਰ ਕੀਤਾ ਗਿਆ ਜਿਸ ਵਿਚ ਸ਼ਸਤਰ ਦੀ ਦਿਸ਼ਾ ਨਿਰਦੇਸ਼ਨ ਸ਼ਾਸਤਰ ਕਰ ਰਿਹਾ ਸੀ। ਵੰਡ ਵਿਤਕਰੇ ਤੋਂ ਉਪਰ ਉੱਠ ਕੇ ਸਿੱਖ ਧਰਮ ਨੇ ਮਨੁੱਖ ਨੂੰ ਬੁਨਿਆਦੀ ਇਕਾਈ ਵਜੋਂ ਪਰਮ ਸਤਿ ਦੇ ਅਜਿਹੇ ਅੰਸ ਸਰੂਪ ਵਿਚ ਦੇਖਿਆ ਜਿਹੜਾ ਆਪਣੇ ਮੂਲ ਸੁਭਾਅ ਨੂੰ ਪਛਾਣ ਕੇ ਅਸਲ ਵਿਚ ਮੁੜ ਵਿਲੀਨ ਹੋਣ ਲਈ ਬੇਤਾਬ ਹੈ ਅਤੇ ਆਪਣੇ ਸ਼ੁਭ ਕਰਮਾਂ ਨਾਲ ਆਤਮ ਮਾਰਗ ਦੇ ਇਸ ਪੈਂਡੇ 'ਤੇ ਚੱਲ ਕੇ ਸਚਖੰਡ ਦੀ ਮੰਜ਼ਿਲ ਪਾ ਸਕਦਾ ਹੈ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*

*ਅੰਗ- ੪੪੧*

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਵਲੋਂ ਖਾਲਸਾ ਸਿਰਜਣਾ ਵੇਲੇ ਊਚ, ਨੀਚ ਦੇ ਭੇਦ ਨੂੰ ਮਿਟਾਉਣ ਲਈ ਨਾਈ, ਝਿਊਰ, ਜੱਟ, ਛੀਂਬਾ ਅਤੇ ਖੱਤਰੀ, ਅਖੌਤੀ ਜਾਤ ਨਾਲ ਸਬੰਧਿਤਾਂ ਨੂੰ ਇਕ ਬਾਟੇ ਵਿਚ ਅੰਮ੍ਰਿਤਪਾਨ ਕਰਵਾ ਕੇ ਅਜਿਹੀ ਵਿਲੱਖਣ ਪੰਚ ਪ੍ਰਧਾਨੀ ਇਕਾਈ ਨੂੰ ਆਪਣਾ ਆਗੂ ਮੰਨ ਕੇ ਇਕ ਵਿਲੱਖਣ ਮਿਸਾਲ ਕਾਇਮ ਕੀਤੀ। ਇਸ ਨਵੀਂ ਪਿਰਤ, ਨਵੀਂ ਕੌਮ, ਨਵੇਂ ਪੰਥ ਨੇ ਭਾਰਤ ਦੀ ਸਮਾਜਿਕ, ਧਾਰਮਿਕ, ਰਾਜਨੀਤਿਕ ਪਰਿਪੇਖ ਵਿਚ ਨਵੇਂ ਅਨੂਠੇ ਮੋੜ ਲਿਆਂਦੇ। ਭਾਵ ਮਾਨਵਤਾ ਵਿਚ ਤਬਦੀਲੀਆਂ ਦਾ ਦੌਰ ਸ਼ੁਰੂ ਹੋਇਆ। 'ਖ਼ਾਲਸਾ ਆਦਰਸ਼' ਪ੍ਰਗਟ ਹੋਣ ਨਾਲ ਭਾਰਤ ਦੀ ਸੰਸਕ੍ਰਿਤੀ ਅੰਦਰ ਇਕ ਨਵਾਂ ਇਕਰੂਪਤਾ ਵਾਲਾ ਸੁਚੱਜਾ ਸਿਸਟਮ ਸਾਮ੍ਹਣੇ ਆਇਆ। ਖਾਲਸੇ ਨੇ ਪੁਰਾਣਾ ਕ੍ਰਿਤਨਾਸ਼, ਕੁਲਨਾਸ਼, ਧਰਮ ਨਾਸ਼ ਕਰਕੇ ਸਭ ਜਾਤ-ਪਾਤ ਦੇ ਬੰਧਨਾਂ ਨੂੰ ਤੋੜ ਕੇ ਰੂੜੀਵਾਦੀ ਪਰੰਪਰਾਗਤ ਕੱਟੜਤਾ ਤੋਂ ਮੁਕਤੀ ਪ੍ਰਾਪਤੀ ਕੀਤੀ ਅਤੇ ਭਗਤੀ ਤੇ ਸ਼ਕਤੀ ਦੇ ਸੁਮੇਲ ਨੇ ਸੁਖ ਤੇ ਸ਼ਾਂਤੀ ਦੇ ਨਵੇਂ ਸਾਰਥਕ ਨਤੀਜੇ ਮਾਨਵਤਾ ਨੂੰ ਦਿਤੇ।

ਐਸੇ ਸਮਾਜ ਦੀ ਸਿਰਜਣਾ ਹੋਈ ਜਿਸ ਵਿਚ ਭਗਤੀ ਦੇ ਅਧਾਰ 'ਤੇ ਲੋਕ ਕਲਿਆਣ ਅਤੇ ਆਤਮ ਕਲਿਆਣ ਦਾ ਸਾਂਝਾ ਟੀਚਾ ਮਿਥਿਆ ਗਿਆ।

ਇਤਿਹਾਸਕ ਹਵਾਲੇ ਅਨੁਸਾਰ ਭਾਰਤੀ ਇਤਿਹਾਸ ਵਿਚ ਸਿੱਖ ਧਰਮ ਤੋਂ ਪਹਿਲਾਂ ਭਗਤੀ ਤੇ ਭਗੌਤੀ ਦੇ ਸੁਮੇਲ ਦੀ ਅਜਿਹੀ ਕੋਈ ਮਿਸਾਲ ਨਹੀਂ ਸੀ। ਸੰਤ ਕੇਵਲ ਸੰਤ ਅਤੇ ਸਿਪਾਹੀ ਕੇਵਲ ਸਿਪਾਹੀ ਸਨ। ਸੰਤ ਸਿਪਾਹੀ ਦੇ ਇਸ ਸਰੂਪ ਨੇ ਮਿਸਲਾਂ ਤੱਕ ਪਹੁੰਚਦੇ 'ਖ਼ਾਲਸਾ ਰਾਜ' ਸਥਾਪਿਤ ਕਰ ਲਿਆ। ਸਿੱਖੀ ਦੀ ਗਲੋਬਲੀ (ਵਿਸ਼ਵੀਕਰਨ) ਦੀ ਯੋਜਨਾ ਤਹਿਤ ਸਤਿਗੁਰਾਂ ਅਤੇ ਸਿੱਖਾਂ ਨੂੰ ਅਨੇਕਾਂ ਚਣੌਤੀਆਂ ਦਾ ਸਾਮ੍ਹਣਾ ਕਰਨਾ ਪਿਆ। ਪਰੰਤੂ ਸਹਿਜ, ਜੁਗਤਿ ਅਤੇ ਸਿਮਰਨ ਦੇ ਥੰਮਾਂ ਸਿਰ ਅਜਿਹੇ ਵਡਮੁੱਲੇ ਕਾਰਜ ਨੇਪਰੇ ਚੜ੍ਹੇ ਜਿਨ੍ਹਾਂ ਨਾਲ ਦੁਨੀਆਂ ਦੇ ਧਾਰਮਿਕ ਤੇ ਰਾਜਨੀਤਿਕ ਇਤਿਹਾਸ ਫ਼ਖਰ ਮਹਿਸੂਸ ਕਰ ਸਕਦੇ ਹਨ।

ਵਰਣ ਆਸ਼ਰਮ ਦੀਆਂ ਵੰਡਾਂ ਨਾਲ ਭਰੀ ਸਮਾਜਿਕ ਵਿਵਸਥਾ ਤੋਂ ਉਪਰ ਉਠ ਕੇ ਦਸਵੇਂ ਪਾਤਸ਼ਾਹ ਨੇ ਕੇਵਲ ਦੋ ਹੀ ਸ਼੍ਰੇਣੀਆਂ ਵਿਚ ਮਨੁੱਖਤਾ ਨੂੰ ਵੇਖਿਆ। ਇਕ ਚੰਗੇ ਕਰਮ ਕਰਨ ਵਾਲੇ ਗੁਰਮੁਖ ਰੂਪੀ ਦੇਵਤੇ ਤੇ ਦੂਜੇ ਰਾਖਸ਼ੀ ਕਰਮ ਕਰਨ ਵਾਲੇ ਮਨਮੁੱਖ। ਦਸਮ ਪਿਤਾ ਅਨੁਸਾਰ ਇਹ ਦੋਵੇਂ ਹੀ ਸ਼੍ਰੇਣੀਆਂ ਆਪਣੇ-ਆਪਣੇ ਕਰਮਾਂ ਦੇ ਅਧਾਰ 'ਤੇ ਚੰਗੀਆਂ ਜਾਂ ਬੁਰੀਆਂ ਬਣ ਸਕਦੀਆਂ ਸਨ ਅਤੇ ਇਹ ਕੋਈ ਸਦੀਵੀ ਵੰਡ ਨਹੀਂ ਹੈ -

*ਸਾਧ ਕਰਮ ਜੇ ਪੁਰਖ ਕਮਾਵਹਿ*
*ਨਾਮ ਦੇਵਤਾ ਜਗਤ ਕਹਾਵੈ*
*ਸੁਕ੍ਰਿਤ ਕਰਮ ਜੇ ਜਗ ਮਹਿ ਕਰਹੀ*
*ਨਾਮ ਅਸੁਰ ਤਿਨ ਕੋ ਸਭ ਧਰਹੀ॥*

*ਦਸਮ ਗ੍ਰੰਥ, ਬਚਿਤ੍ਰ ਨਾਟਕ*

ਇਹ ਉਹ ਗੁਰਮੁਖ ਅਵਸਥਾ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਭਗਤੀ 'ਤੇ ਜ਼ੋਰ ਦਿਤਾ ਗਿਆ ਹੈ। ਇਹ ਭਗਤੀ ਬਿਨਾਂ ਕਿਸੇ ਪਾਖੰਡ, ਅੰਧ ਵਿਸ਼ਵਾਸ਼, ਵਹਿਮ ਭਰਮ ਤੋਂ ਸੱਚੇ ਮਨੋ ਕੀਤੀ ਜਾਣੀ ਹੈ।

ਦਸਮ ਗੁਰੂ ਕ੍ਰਿਤ ਜਾਪੁ ਸਾਹਿਬ, ਅਕਾਲ ਉਸਤਤਿ ਆਦਿ ਅਜਿਹੀਆਂ ਬਾਣੀਆਂ ਹਨ ਜੋ ਭਰਪੂਰ ਰੂਪ ਵਿਚ ਆਤਮਿਕ ਉਚਾਈ ਵਲ ਸੰਕੇਤ ਤੇ ਪ੍ਰੇਰਨਾ ਦਿੰਦੀਆਂ ਹਨ। ਇਹਨਾਂ ਵਿਚ ਮਨ ਬਚ ਕਰਮ ਦੀ ਇਕਸੁਰਤਾ ਦੀ ਜੁਗਤਿ ਦਰਸਾਈ ਗਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ -

*ਯਾਹੀ ਕਾਜ ਧਰਾ ਹਮ ਜਨਮੰ॥*
*ਸਮਝ ਲੇਹੁ ਸਾਧੂ ਸਭ ਮਨਮੰ॥*
*ਧਰਮ ਚਲਾਵਨ ਸੰਤ ਉਬਾਰਨ॥*
*ਦੁਸਟ ਸਭਨ ਕੋ ਮੂਲ ਉਪਾਰਨ॥*

ਸਮੁੱਚਾ ਜੀਵਨ ਆਪ ਜੀ ਨੇ ਉਪਰੋਕਤ ਤੁਕਾਂ ਦੀ ਵਿਹਾਰਿਕ ਪੂਰਤੀ 'ਤੇ ਲਾ ਦਿਤਾ।

ਦੁਸ਼ਟਾਂ ਦਾ ਨਾਸ਼ ਕਰ ਧਰਮ ਦੇ ਬੋਲਬਾਲੇ ਸਥਾਪਿਤ ਕੀਤੇ। ਲਤਾੜੀ, ਪਛਾੜੀ, ਬੇਵਸ ਜਨਤਾ ਅੰਦਰ ਸਾਹਸ, ਨਿਡਰਤਾ ਭਰ ਜ਼ੁਲਮ ਦਾ ਮੁਕਾਬਲਾ ਡਟ ਕੇ ਕਰਨ ਦਾ ਉਤਸ਼ਾਹ ਭਰਿਆ -

*ਇਨ ਗਰੀਬ ਸਿੱਖਨ ਕਉ ਦਯੋ ਪਾਤਸ਼ਾਹੀ।*
*ਇਹ ਯਾਦ ਰਖੈ ਹਮਰੀ ਗੁਰਿਆਈ*

ਦਾਨ ਦੀ ਪ੍ਰਥਾ ਨੂੰ ਮੋੜ ਦਿੰਦਿਆਂ ਦਸਵੇਂ ਪਾਤਸ਼ਾਹ ਨੇ ਖ਼ਾਲਸੇ ਨੂੰ ਮੋਹਰੀ ਬਣਾਇਆ।

*ਸੇਵ ਕਰੀ ਇਨਹੀ ਕੀ ਭਾਵਤ*
*ਅਉਰ ਕੀ ਸੇਵ ਸੁਹਾਤ ਨ ਜੀ ਕੋ॥*
*ਦਾਨ ਦਯੋ ਇਨਹੀ ਕੋ ਭਲੋ,*
*ਅਰੁ ਆਨ ਕੋ ਦਾਨ ਨ ਲਾਗਤ ਨੀਕੋ॥*
*ਆਗੈ ਫਲੈ ਇਨ ਹੀ ਕੋ ਦਯੋ,*
*ਜਗ ਮਹਿ ਜਸੁ, ਅਉਰ ਦਯੋ ਸਭ ਫੀਕੋ॥*
*ਮੋ ਗ੍ਰਿਹ ਮੈ ਤਨ ਤੇ ਮਨ ਤੇ,*
*ਸਿਰ ਲਉ ਧਨ ਹੈ ਸਭਹੀ ਇਨਹੀ ਕੋ॥*
*(ਗਿਆਨ ਪ੍ਰਬੋਧ, ਪਾ: ੧੦)*

ਇਹੀ ਖ਼ਾਲਸਾ, ਗੁਰਮੁਖ, ਗੁਰਸਿੱਖ, ਬ੍ਰਹਮ ਗਿਆਨੀ, ਸੰਤ ਸਾਧ ਹੈ। ਵੱਖੋ-ਵੱਖ ਨਾਵਾਂ ਨਾਲ ਸੰਬੋਧਿਤ ਹੈ ਪਰ ਆਤਮਿਕ ਤੇ ਵਿਹਾਰਕਿ ਅਵਸਥਾ ਵਿਚ ਇਕਸਾਰਤਾ ਤੇ ਇਕਸੁਰਤਾ ਹੈ। ਇਹ ਇਕ ਮਹਾਨ ਆਦਰਸ਼ ਹੈ ਜਿਸ ਦੀ ਪੂਰਤੀ 1699 ਈ. ਵਿਸਾਖੀ ਨੂੰ ਹੋਈ। ਇਹੀ ਉਹ ਕਰਾਮਾਤ ਸੀ ਜਿਸ ਤਹਿਤ ਸੱਚੇ ਪਾਤਸ਼ਾਹ ਨੇ ਇਹ ਐਲਾਨਾਮਾ ਪ੍ਰਗਟ ਕਰ ਲੋਕਾਈ ਨੂੰ ਦਿਖਾ ਦਿਤਾ -

*ਚਿੜੀਓਂ ਸੇ ਜਬ ਬਾਜ ਤੜਾਉਂ।*
*ਤਬੈ ਗੋਬਿੰਦ ਸਿੰਘ ਨਾਮ ਕਹਾਉਂ।*

ਇਸ ਉਪਰੋਕਤ ਅਸੰਭਵ ਕਾਰਜ ਨੂੰ ਕਰਨ ਹਿਤ ਆਪ ਜੀ ਨੇ ਪ੍ਰਮਾਤਮਾ ਦੀ ਸ਼ਰਨ ਮੰਗ ਕੇ ਹੋਰ ਨਿਵੇਕਲੀ ਤੋਰ ਤੋਰੀ -

*ਖੜਗ ਕੇਤ ਮੈ ਸਰਣਿ ਤਿਹਾਰੀ॥*
*ਆਪ ਹਾਥ ਦੈ ਲੇਹੁ ਉਬਾਰੀ॥*
*ਸਰਬ ਠੌਰ ਮੋ ਹੋਹੁ ਸਹਾਈ॥*
*ਦੁਸਟ ਦੋਖ ਤੇ ਲੇਹੁ ਬਚਾਈ॥ ਕਬਯੋ ਬਾਚ ਬੇਨਤੀ ਚੌਪਈ*

ਪੰਥ ਦੀ ਵਰਤਮਾਨ ਤੇ ਭਵਿੱਖਤ ਚੜ੍ਹਦੀ ਕਲਾ ਲਈ ਵੀ ਬੇਨਤੀ ਰੂਪ ਵਿਚ ਆਪ ਜੀ ਨੇ ਫੁਰਮਾਇਆ -

*ਠਾਢ ਭਯੋ ਮੈ ਜੋਰਿ ਕਰ,*
*ਬਚਨ ਕਹਾ ਸਿਰ ਨਿਆਇ॥*
*ਪੰਥ ਚਲੈ ਤਬ ਜਗਤ ਮੈ,*
*ਜਬ ਤੁਮ ਕਰਹੁ ਸਹਾਇ॥*
*ਅਕਾਲ ਪੁਰਖ ਬਾਚ॥ਚੌਪਈ॥*

ਐਸੀ ਅਰਦਾਸ ਭਾਵਨਾ ਨਾਲ ਆਰੰਭ ਕੀਤੇ ਪੰਥ ਦੀ ਸਦਾ ਚੜ੍ਹਦੀ ਕਲਾ ਰਹੇਗੀ। ਪਰ ਲੋੜ ਹੈ ਪੰਥਕ ਸਿਧਾਂਤਾਂ ਅਸੂਲਾਂ ਨੂੰ ਹੀ ਸਾਮ੍ਹਣੇ ਰੱਖ ਜੀਵਨ ਬਸਰ ਕਰਨ ਦੀ। ਤਰਾਸਦੀ ਇਸ ਗੱਲ ਦੀ ਹੈ ਕਿ ਕੌਮੀ ਅਸੂਲ, ਸਿਧਾਂਤ ਪਰੰਪਰਾਵਾਂ ਨੂੰ ਤਿਲਾਂਜਲੀ ਦੇ ਕੇ ਚੜ੍ਹਦੀ ਕਲਾ ਮੰਗੀ ਜਾ ਰਹੀ ਹੈ। ਕਦਾਚਿਤ ਗੁਰੂ ਨੂੰ ਪ੍ਰਵਾਨ ਨਹੀਂ ਹੈ ਇਹ ਬਾਤ। ਗੁਰੂ ਜੀ ਦਾ ਸਿਧਾਂਤ ਤਾਂ ਹੈ -

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ਅੰਗ - ੬੨*

ਸੱਚ ਨਾਲ ਜੁੜਨ ਤੋਂ ਵੱਧ ਕੀਮਤ ਸੱਚ ਤੇ ਚੱਲਣ ਵਾਲੇ ਦੀ ਪੈਂਦੀ ਹੈ। ਸੱਚੇ ਪਾਤਸ਼ਾਹ ਦਾ ਫੁਰਮਾਨ ਹੈ -

*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥ (ਸਰਬ ਲੋਅ ਗ੍ਰੰਥ 'ਚੋਂ)*

ਲੋੜ ਹੈ ਪਰੰਪਰਾਵਾਂ, ਸਿਧਾਤਾਂ, ਬਾਣੀ ਬਾਣੇ ਦੇ ਧਾਰਨੀ ਹੋ, ਪੂਰਨ ਰੂਪ ਵਿਚ ਖ਼ਾਲਸਾ ਬਣ ਕੇ, ਖ਼ਾਲਸਾ ਪੰਥ ਦੇ ਅੰਗ ਬਣਨ ਦੀ। ਫਿਰ ਸਦਾ ਹੀ ਚੜ੍ਹਦੀ ਕਲਾ ਹੈ। ਦਸਮੇਸ਼ ਪਿਤਾ ਦਾ ਬਚਨ ਹੈ -

*ਪੰਥ ਖ਼ਾਲਸਾ ਖੇਤੀ ਮੇਰੀ*
*ਕਰਹੁੰ ਸੰਭਾਲ ਮੈ ਤਿਸ ਕੇਰੀ॥ ਸੂਰਜ ਪ੍ਰਕਾਸ਼*

ਸੱਚੇ ਪਾਤਸ਼ਾਹ ਪੰਥ ਤੋਂ ਵੱਖ ਨਹੀਂ ਹਨ। ਪੰਜਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਆਪ ਜੀ ਅੰਮ੍ਰਿਤ ਪ੍ਰਾਪਤ ਕਰ, ਖਾਲਸਾ ਪੰਥ ਦੇ ਸਤਿਗੁਰੂ ਹੁੰਦੇ ਹੋਏ ਖਾਲਸਾ ਪੰਥ ਦਾ ਅੰਗ ਵੀ ਬਣ ਗਏ।

ਆਉ! ਜਾਤ-ਪਾਤ, ਭੇਖਾਂ, ਪਾਖੰਡਾਂ, ਵਹਿਮਾਂ ਭਰਮਾਂ ਤੋਂ ਨਿਆਰਾ, ਸਭ ਦਾ ਸਾਂਝਾ, ਸਭਨਾਂ ਦਾ ਪਿਆਰਾ ਆਦਰਸ਼, ਸਭਨਾਂ ਨੂੰ ਪਿਆਰ ਨਾਲ ਕਲਾਵੇ ਵਿਚ ਲੈਣ ਵਾਲਾ, ਸਭਨਾਂ ਦੇ ਦੁਖਾਂ ਦਾ ਸਾਂਝੀਵਾਲ, ਸਭਨਾਂ ਦਾ ਮਿੱਤਰ, ਜ਼ਾਲਮ ਤੇ ਜ਼ੁਲਮ ਦਾ ਟਾਕਰਾ ਕਰਨ ਵਾਲਾ, ਮਾਨਵਤਾ ਨੂੰ ਸੁਖ ਸ਼ਾਂਤੀ ਪ੍ਰਦਾਨ ਕਰਨ ਵਾਲਾ, ਆਪ ਚਿੰਤਨ ਤੇ ਚੇਤਨਾ ਦਾ ਜਾਗ੍ਰਿਤ, ਸਵੈ ਮੂਲ ਦੀ ਪਛਾਣ ਕਰਨ ਤੇ ਕਰਾਉਣ ਵਾਲਾ ਖ਼ਾਲਸਾ ਆਦਰਸ਼ ਧਾਰਨ ਕਰੀਏ।

ਵਿਸਾਖੀ ਦੇ ਪਵਿੱਤਰ ਪੁਰਬ ਦੀਆਂ ਸਮੂੰਹ ਪਾਠਕ ਜਨਾਂ ਅਤੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਹੋਣ ਜੀ। ਅਰਦਾਸ ਵਿਚ ਜੁੜੀਏ ਅਸੀਂ ਵੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖ਼ਾਲਸਾ ਆਦਰਸ਼ਾਂ ਦੇ ਅਸੂਲਾਂ ਪਹਿਰਾ ਦਿੰਦੇ ਹੋਏ ਸੱਚੇ ਪਾਤਸ਼ਾਹ ਦੀਆਂ ਖੁਸ਼ੀਆਂ ਦੇ ਪਾਤਰ ਬਣੀਏ।

ਦੂਜੀ ਵਧਾਈ ਦੇ ਪਾਤਰ ਸਮੂੰਹ ਪਾਠਕ ਜਨ ਤੇ ਸੰਗਤਾਂ ਹਨ। ਦਾਸ ਨੂੰ ਇਹ ਦੱਸਣ ਵਿਚ ਖੁਸ਼ੀ ਤੇ ਗੌਰਵ ਮਹਿਸੂਸ ਹੋ ਰਿਹਾ ਹੈ ਕਿ ਹਥਲੇ ਅੰਕ

ਅਪ੍ਰੈਲ ਵਿਸਾਖੀ ਤੋਂ 'ਆਤਮ ਮਾਰਗ' ਮੈਗਜ਼ੀਨ 30ਵੇਂ ਸਾਲ ਵਿਚ ਪ੍ਰਵੇਸ਼ ਕਰ ਰਿਹਾ ਹੈ। ਪਿਛਲੇ 29 ਸਾਲਾਂ ਤੋਂ ਲਗਾਤਾਰ ਰੂਹਾਨੀ ਸਮੱਗਰੀ ਆਤਮਿਕ ਪੈਂਡਿਆਂ ਦੇ ਪੂਰਨੇ ਪਾ, ਆਤਮ ਮਾਰਗੀ ਰਾਹੀਆਂ ਲਈ ਵਰਦਾਨ ਸਿੱਧ ਹੋ ਰਿਹਾ ਹੈ। ਪਿਆਰੇ ਮਹਾਂਪੁਰਖਾਂ ਦੀਆਂ ਜਨਮਾਂ-ਜਨਮਾਂ ਦੀਆਂ ਕਮਾਈਆਂ ਵਿਚੋਂ ਆਏ ਅਨੁਭਵੀ ਪ੍ਰਵਚਨ ਜੋ ਕਿ ਗੁਰਮਤਿ ਦੇ ਗੂੜ੍ਹੇ ਤੇ ਡੂੰਘੇ ਸਿਧਾਂਤਾਂ ਦੇ ਸਰਲ ਬੋਲੀ ਤੇ ਸ਼ੈਲੀ ਵਿਚ ਹਨ, ਸਾਡੇ ਸਨਮੁਖ ਆ ਰਹੇ ਹਨ। ਇਸ ਤੋਂ ਇਲਾਵਾ ਹੋਰ ਵੀ ਸਬੁੱਧੀਜੀਵੀ ਵਿਦਵਾਨਾਂ ਦੇ ਲੇਖ ਸਮੇਂ-ਸਮੇਂ ਸਿਰ ਇਸ ਦਾ ਸ਼ਿੰਗਾਰ ਬਣਦੇ ਹਨ। ਪਹਿਲੀ ਜਮਾਤ ਦੀ ਪੜ੍ਹਾਈ ਤੋਂ ਲੈ ਕੇ ਰੂਹਾਨੀਅਤ ਦੀ ਪੀਐਚ.ਡੀ ਤਕ ਦੇ ਪੂਰਨੇ ਅੱਖਰਾਂ ਦੇ ਰੂਪ ਵਿਚ ਸਾਨੂੰ ਪ੍ਰਾਪਤ ਹੁੰਦੇ ਹਨ। ਆਉ! ਸਾਰੇ ਰਲ ਮਿਲ ਕੇ ਇਸ ਦੀ ਹੋਰ ਚੜ੍ਹਦੀ ਕਲਾ ਲਈ 30ਵੇਂ ਸਾਲ ਲਈ ਨਵੇਂ ਮੈਂਬਰ ਬਣਾ ਗੁਰਮਤਿ ਦਾ ਸਿਧਾਂਤਕ ਸੁਨੇਹਾ ਘਰ-ਘਰ ਪਹੁੰਚਾਉਣ ਦਾ ਪ੍ਰਣ ਕਰੀਏ। ਟਰੱਸਟ ਰਤਵਾੜਾ ਸਾਹਿਬ ਇਸ ਦੀ ਚੜ੍ਹਦੀ ਕਲਾ ਲਈ ਲਗਾਤਾਰ ਪਿਛਲੇ ਦਹਾਕਿਆਂ ਤੋਂ ਯਤਨਸ਼ੀਲ ਹੈ। ਇਸ ਦੀ, ਪ੍ਰਿੰਟਿੰਗ (ਛਪਾਈ) ਕਾਗਜ਼ ਤੇ ਹੋਰ ਦਫ਼ਤਰੀ ਖਰਚੇ ਭਾਵੇਂ ਕਿੰਨੇ ਵੀ ਹੋਣ ਪਰ ਇਨ੍ਹਾਂ ਖਰਚਿਆਂ ਦਾ ਬੋਝ 'ਆਤਮ ਮਾਰਗ' ਅਦਾਰੇ 'ਤੇ ਨਹੀਂ ਪੈਣ ਦਿਤਾ ਜਾਂਦਾ। ਇਕੋ ਇਕ ਟੀਚਾ ਹੈ ਕਿ ਇਸ ਦੀ ਵਡੇਰਤੀ ਰਾਹੀਂ ਗੁਰਮਤਿ ਦੇ ਸਿਧਾਂਤਾਂ ਨੂੰ ਘਰ-ਘਰ ਵਿਚ ਪਹੁੰਚਾਇਆ ਜਾਵੇ। ਭਾਵੇਂ ਮਹੀਨਾਵਾਰੀ ਤੇ ਸਾਲਾਨਾ ਖਰਚੇ ਇਸ ਦੀ ਆਮਦਨ ਤੋਂ ਕਿਤੇ ਵਧੀਕ ਹੋ ਜਾਂਦੇ ਹਨ। ਟਰੱਸਟ ਵਲੋਂ ਇਸ ਅਦਾਰੇ ਦੀ ਮਾਇਕ ਮਦਦ ਲਗਾਤਾਰ ਕੀਤੀ ਜਾ ਰਹੀ ਹੈ। ਇਨ੍ਹਾਂ ਮਾਇਕੀ ਪਰਸਥਿਤੀਆਂ ਨੂੰ ਧਿਆਨ ਵਿਚ ਰਖਦੇ ਹੋਏ ਫਿਰ ਵੀ ਇਸ ਦੀ ਛਪਾਈ ਲਗਾਤਾਰ ਸੁਚੱਜੇ ਢੰਗ ਨਾਲ ਜਾਰੀ ਹੈ। ਲੋੜ ਹੈ ਸੰਗਤਾਂ ਇਸ ਉਪਰਾਲੇ ਦਾ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰਨ। ਇੰਟਰਨੈੱਟ ਮੀਡੀਏ ਦੀ ਵਰਤੋਂ ਬਹੁਤਾਤ ਦੀ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਹੈ ਪਰ ਉਸ ਇੰਟਰਨੈਟੀ ਜ਼ਿੰਦਗੀ ਵਿਚੋਂ ਸਮਾਂ ਕੱਢ ਕੇ ਆਪਣੀਆਂ ਧਾਰਮਿਕ ਰਹੁਰੀਤਾਂ ਇਤਿਹਾਸ ਨਾਲ ਜਾਣੂ ਹੋਣਾ ਵੀ ਜ਼ਰੂਰੀ ਹੈ। ਅਜੋਕੇ ਸਥਿਤੀ ਵਿਚ ਮਹਾਂਪੁਰਸ਼ਾਂ, ਰੱਬ ਦੇ ਪਿਆਰਿਆਂ ਦੇ ਜਨਮਾਂ-ਜਨਮਾਂ ਦੀ ਕਮਾਈ ਵਿਚੋਂ ਆਏ ਪ੍ਰਵਚਨ ਮਿਲਣੇ ਅਸੰਭਵ ਹਨ। ਵਿਰਲੇ-ਵਿਰਲੇ ਰੱਬ ਦੇ ਪਿਆਰੇ ਹਨ ਜਿਨ੍ਹਾਂ 'ਤੇ ਵਾਹਿਗੁਰੂ ਜੀ ਨੇ ਬਖਸ਼ਿਸ਼ ਕੀਤੀ ਹੈ ਤੇ ਉਸ ਬਖਸ਼ਿਸ਼ ਵਿਚੋਂ ਉਹ ਸਾਨੂੰ ਅਮੋਲਕ ਬਚਨਾਂ ਰਾਹੀਂ ਸੇਧ ਦਿੰਦੇ ਹਨ।

'ਆਤਮ ਮਾਰਗ' ਐਸੀਆਂ ਬਖਸ਼ਿਸ਼ਾਂ ਨਾਲ ਭਰਪੂਰ ਰੂਹਾਨੀ ਪਟਾਰੀ ਹੈ, ਜਿਸ ਦਾ ਮੁੱਖ ਮੋਟੋ (ਮੰਤਵ) ***'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥' (ਅੰਗ-੮੪੬)*** ਇਹੀ ਸਾਰਿਆਂ ਦੀ ਮੰਜ਼ਿਲ ਹੈ। ਅਰਦਾਸ ਹੈ ਕਿ ਇਸੇ ਜਨਮ ਵਿਚ ਪਹੁੰਚ ਜਾਈਏ ਮੰਜ਼ਿਲ ਤੱਕ ਜਾਂ ਉਸ ਦੇ ਨੇੜੇ ਤੇੜੇ।

*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥* *ਅੰਗ- ੬੯੪*

ਧੰਨਵਾਦ ਸਹਿਤ।

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਵੈਸਾਖਿ
# ਸੰਗਰਾਂਦ - ਅਪ੍ਰੈਲ 13 (ਦਿਨ ਸਨਿੱਚਰਵਾਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥***
***ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥***
***ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥***
***ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥***
***ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥***
***ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥***
***ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥***
***ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥***
***ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥***
***ਅੰਗ - ੧੩੩***

ਪਿਛਲੇ ਚੇਤ ਦੇ ਮਹੀਨੇ ਵਿਚ ਕਿਰਤ ਕਰਮ ਦੇ ਵਿਛੁੜੇ ਹੋਏ ਜੀਵ ਦੀ ਪੁਕਾਰ ਸੁਣ ਕੇ ਜੋ ਅਣਗਿਣਤ ਵਾਰੀ 84 ਦੇ ਚੱਕਰਾਂ ਵਿਚ ਘੁੰਮ ਕੇ ਮਹਾਨ ਦੁਖਾਂ ਨੂੰ ਪ੍ਰਾਪਤ ਕਰਕੇ ਆਪਣੀ ਹੀਣਤਾ ਨੂੰ ਦਸਦਾ, ਆਪਣੇ ਦੁਖਾਂ ਭਰੇ ਤਜਰਬਿਆਂ ਨੂੰ ਦਸਣ ਲਈ ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰੋ, ਮੇਰਾ ਜੀਵਨ ਵਿਅਰਥ ਜਾ ਰਿਹਾ ਹੈ। ਮੈਂ ਕਈ ਵਾਰੀ ਮਨੁੱਖ ਬਣ ਚੁਕਿਆ ਹਾਂ ਪਰ ਹਰ ਵਾਰੀ ਮਾਇਆ ਦੇ ਚੱਕਰਾਂ ਵਿਚ ਪੈ ਜਾਂਦਾ ਹਾਂ। ਗੁਰੂ ਪਾਸ ਅਰਦਾਸ ਕਰਦਾ ਹਾਂ ਕਿ ਮੈਨੂੰ -

***ਬੈਰੁ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥***
***ਅੰਗ - ੨੬੮***

ਹੁਣ ਮੈਨੂੰ ਤੁਸੀਂ ਆਪਣੇ ਪਵਿੱਤਰ ਨਾਮ ਦੀ ਦਾਤ ਬਖਸ਼ੋ। ਤੁਹਾਡੇ ਮੁਖਾਰਬਿੰਦ ਤੋਂ ਮੈਂ ਸੁਣਿਆ ਹੈ ਕਿ ਵਾਹਿਗੁਰੂ ਜੀ ਹਰ ਇਕ ਨਾਲ ਘਟ-ਘਟ ਵਿਚ ਵਸਦੇ ਹਨ ਅਤੇ ਉਨ੍ਹਾਂ ਦਾ ਇਸੇ ਸਰੀਰ ਵਿਚ ਨਿਸ਼ਚਲ ਥਾਂ ਹੈ ਜਿਸ ਦਾ ਸਰੂਪ ਸਦਾ ਥਿਰ ਹੈ -

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ॥***
***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ॥***
***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ***
***ਆਪੇ ਅਲਖੁ ਲਖਾਇਦਾ॥ ਅੰਗ - ੧੦੩੩***

ਮੈਂ ਮਨਮੁਖ ਹੋਇਆ-ਹੋਇਆ ਤੇਰਾ ਬਚਨ ਸਰਵਣ ਨਹੀਂ ਕਰ ਰਿਹਾ। ਮੇਰੇ ਕੋਲ ਉਹ ਨੈਣ ਨਹੀਂ ਜਿਸ ਨਾਲ ਪ੍ਰਭੂ ਦੇ ਦਰਸ਼ਨ ਹੋ ਜਾਣ। ਮੈਂ ਤੇਰੇ ਪਿਆਰ ਤੋਂ ਵਾਂਝਾ ਰਹਿ ਕੇ ਛਿੰਨ ਭੰਗਰ ਮਾਇਆ ਦੇ ਸੁਖਾਂ ਵਿਚ ਲਗਿਆ ਹੋਇਆ ਹਾਂ। ਮੈਂ ਕਾਲੇ ਲੇਖ ਲਿਖ ਰਿਹਾ ਹਾਂ ਜਿਸ ਦਾ ਫਲ ਮੈਨੂੰ ਭੁਗਤਣਾ ਬਹੁਤ ਮੁਸ਼ਕਲ ਹੋ ਜਾਵੇਗਾ। ਅਜਿਹੇ ਮੇਰੇ ਜੀਵਨ ਵਿਚ ਸੁਖ ਨਾਮ ਦੀ ਕੋਈ ਚੀਜ਼ ਆ ਹੀ ਨਹੀਂ ਸਕਦੀ।

***ਰਤਨੁ ਪਦਾਰਥੁ ਪਲਰਿ ਤਿਆਗੈ॥***
***ਮਨਮੁਖੁ ਅੰਧਾ ਦੂਜੈ ਭਾਇ ਲਾਗੈ॥***
***ਜੋ ਬੀਜੈ ਸੋਈ ਫਲੁ ਪਾਏ***
***ਸੁਪਨੈ ਸੁਖੁ ਨ ਪਾਵਣਿਆ॥ ਅੰਗ - ੧੧੩***

ਮੇਰਾ ਮਨ ਮੈਲਾ ਹੈ, ਮੈਂ ਵਾਹਿਗੁਰੂ ਜੀ ਨੂੰ ਧਿਆਉਂਦਾ ਰਿਹਾ ਕਿਉਂਕਿ ਮੈਨੂੰ ਸੋਝੀ ਨਹੀਂ ਹੈ ਇਸ ਗੱਲ ਦੀ; ਜੇ ਮੈਂ ਕੋਈ ਨੇਕ ਕੰਮ ਭੀ ਕਰਦਾ ਹਾਂ ਤਾਂ ਮੇਰੇ ਅੰਦਰ ਅਭਿਮਾਨ ਪੈਦਾ ਹੋ ਜਾਂਦਾ ਹੈ ਤੇ ਮੇਰੇ ਮਨ ਨੂੰ ਹਉਮੈ ਦੀ ਹੋਰ ਮੈਲ ਲਗ ਜਾਂਦੀ ਹੈ। ਮੇਰਾ ਜੀਵਨ ਇਕ ਮੁਰਦੇ ਵਰਗਾ ਜੀਵਨ ਹੈ ਜਿਸ ਬਾਰੇ ਆਪ ਦਾ ਫੁਰਮਾਨ ਹੈ -

***ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥***
***ਜਲ ਬਿਨੁ ਸਾਖ ਕੁਮਲਾਵਤੀ***
***ਉਪਜਹਿ ਨਾਹੀ ਦਾਮ॥ ਅੰਗ - ੧੩੩***

ਮੇਰੀ ਤਾਂ ਇਹ ਹਾਲਤ ਹੈ -

***ਇਹੁ ਮਨੁ ਮੈਲਾ ਇਕੁ ਨ ਧਿਆਏ॥***
***ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ॥***
***ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ***
***ਹੋਰੁ ਵਧੇਰੈ ਹਉਮੈ ਮਲੁ ਲਾਵਣਿਆ॥***
***ਅੰਗ - ੧੧੬***

ਹੇ ਸਤਿਗੁਰੂ! ਮੈਂ ਤੇਰੇ ਮਹਾਂਪੁਰਸ਼ਾਂ ਦੀ ਸੰਗਤ ਕੀਤੀ ਅਤੇ ਉਹਨਾਂ ਦਸਿਆ ਕਿ ਜੇ ਮੇਰੇ ਵਰਗਾ ਗੁਰੂ ਦੀ ਸ਼ਰਨ ਵਿਚ ਆ ਜਾਵੇ ਤਾਂ ਮੇਰੇ ਵਰਗੇ ਨੂੰ ਪ੍ਰਾਪਤੀ ਹੋ ਜਾਂਦੀ ਹੈ ਕਿਉਂਕਿ ਗੁਰੂ ਦੇ ਕੋਲ ਅਨੇਕ-ਅਨੇਕ ਉਤਮ ਪਦਾਰਥ ਹਨ। ਇਸ ਸਰੀਰ ਵਿਚ ਤੇਰਾ ਨਉਨਿਧ ਨਾਮ ਵਸਦਾ ਹੈ ਜਿਵੇਂ ਕਿ ਫੁਰਮਾਨ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***
***ਅੰਗ - ੨੯੩***

ਅਸੀਂ ਬਹੁਤ ਹੀ ਅਣਜਾਣ ਹਾਂ। ਆਪ ਨੇ ਫੁਰਮਾਨ ਕੀਤਾ ਹੈ ਕਿ ਇਸ ਸਰੀਰ ਵਿਚ ਨਾਮ ਦਾ ਭੰਡਾਰਾ ਅਖੁੱਟ ਹੈ। ਇਸੇ ਸਰੀਰ ਵਿਚ ਅਲਖ ਤੇ ਅਪਾਰ ਵਾਹਿਗੁਰੂ ਜੀ ਵਸਦਾ ਹੈ, ਆਪੇ ਭੂਤ ਤੇ ਆਪੇ ਪ੍ਰਗਟ ਰੂਪ ਵਿਚ ਵਰਤਦਾ ਹੈ। ਜੋ ਗੁਰ ਸ਼ਬਦ ਦੁਆਰਾ ਆਪਾ ਭਾਵ ਗੁਆ ਲੈਂਦੇ ਹਨ ਉਨ੍ਹਾਂ ਉਤੇ ਪ੍ਰਗਟ ਹੋ ਜਾਂਦਾ ਹੈ। ਇਹ ਅੰਮ੍ਰਿਤ ਨਾਮ ਜੋ ਮਹਾਂ ਮੀਠਾ ਰਸ ਹੈ, ਉਸਦੇ ਦੁਆਲੇ ਬਜਰ ਕਪਾਟ ਹਨ ਉਹ ਭੀ ਆਪ ਫੁਰਮਾਉਂਦੇ ਹੋ ਕਿ ਹਉਮੈ ਦੇ ਮਿਟਣ ਨਾਲ ਖੁਲ੍ਹ ਜਾਂਦੇ ਹਨ ਅਤੇ ਅਮੋਲਕ ਨਾਮ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋ ਜਾਂਦਾ ਹੈ। ਸ਼ਬਦ ਦੀ ਕਮਾਈ ਬਿਨਾਂ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਤੇਰੀ ਕ੍ਰਿਪਾ ਨਾਲ ਹੀ ਮਨ ਵਿਚ ਨਾਮ ਵਸਦਾ ਹੈ। ਜਦੋਂ ਨਾਮ ਅੰਦਰ ਵਸ ਗਿਆ, ਹਉਮੈ ਟੁੱਟ ਗਈ ਫੇਰ ਗੁਰੂ ਦੇ ਗਿਆਨ ਦਾ ਸੁਰਮਾ ਅੰਤ੍ਰੀਵੀ ਅੱਖਾਂ ਵਿਚ ਪਾ ਲਿਆ, ਫਿਰ ਚਾਨਣ ਹੋ ਜਾਂਦਾ ਹੈ ਅਤੇ ਅਗਿਆਨ ਦਾ ਹਨੇਰਾ ਦੂਰ ਹੋ ਕੇ ਮੇਰੀ ਜੋਤੀ ਉਸ ਪ੍ਰਮ ਜੋਤੀ ਆਤਮਾ ਪ੍ਰਮਾਤਮਾ ਵਿਚ ਰਲ ਗਈ ਜਿਵੇਂ ਕਿ ਫੁਰਮਾਨ ਹੈ -

***ਇਸੁ ਗੁਫਾ ਮਹਿ ਅਖੁਟ ਭੰਡਾਰਾ॥***
***ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥***
***ਆਪੇ ਗੁਪਤੁ ਪਰਗਟੁ ਹੈ ਆਪੇ***
***ਗੁਰ ਸਬਦੀ ਆਪੁ ਵੰਞਾਵਣਿਆ॥***
***ਹਉ ਵਾਰੀ ਜੀਉ ਵਾਰੀ***
***ਅੰਮ੍ਰਿਤ ਨਾਮੁ ਮੰਨਿ ਵਸਾਵਣਿਆ॥***
***ਅੰਮ੍ਰਿਤ ਨਾਮੁ ਮਹਾ ਰਸੁ ਮੀਠਾ***
***ਗੁਰਮਤੀ ਅੰਮ੍ਰਿਤੁ ਪੀਆਵਣਿਆ॥***
***ਹਉਮੈ ਮਾਰਿ ਬਜਰ ਕਪਾਟ ਖੁਲਾਇਆ॥***
***ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ॥***
***ਬਿਨੁ ਸਬਦੈ ਨਾਮੁ ਨ ਪਾਏ ਕੋਈ***
***ਗੁਰ ਕਿਰਪਾ ਮੰਨਿ ਵਸਾਵਣਿਆ॥***
***ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥***
***ਅੰਤਰਿ ਚਾਨਣੁ***
***ਅਗਿਆਨੁ ਅੰਧੇਰੁ ਗਵਾਇਆ॥***
***ਜੋਤੀ ਜੋਤਿ ਮਿਲੀ ਮਨੁ ਮਾਨਿਆ***
***ਹਰਿ ਦਰਿ ਸੋਭਾ ਪਾਵਣਿਆ।।***
***ਅੰਗ - ੧੨੪***

ਸਾਧ ਸੰਗਤ! ਕਿਰਤ ਕਰਮ ਦੇ ਵਿਛੋੜੇ ਕਰਕੇ ਅਸੀਂ ਆਪਣੇ ਘਰ ਹੁੰਦੀ ਵਸਤੂ ਨੂੰ ਪਛਾਣ ਨਹੀਂ ਸਕਦੇ ਅਤੇ 84 ਲੱਖ ਜੂਨਾਂ ਦੇ ਗੇੜੇ ਖਾਂਦੇ ਹਾਂ। ਅਸੀਂ ਆਪਣੇ ਅੰਦਰ ਦੀ ਖੋਜ ਛੱਡ ਕੇ ਬਾਹਰ ਮਾਇਆ ਦੇ ਵਿਚ ਭਟਕਦੇ ਫਿਰਦੇ ਹਾਂ। ਇਹ ਸਾਰਾ ਹਉਮੈ ਦੀ ਮੈਲ ਕਾਰਨ ਅਸਾਡਾ ਵਰਤਾਰਾ ਹੈ। ਜਦੋਂ ਤਕ ਅਸੀਂ ਗਿਆਨ ਇੰਦ੍ਰਿਆਂ, ਕਰਮ ਇੰਦ੍ਰਿਆਂ ਨੂੰ ਆਪਣੇ ਸੰਜਮ ਵਿਚ ਨਹੀਂ ਲਿਆਉਂਦੇ, ਓਨਾਂ ਚਿਰ ਅੰਦਰ ਦੀ ਕੋਈ ਵੀ ਸੋਝੀ ਸਾਨੂੰ ਪ੍ਰਾਪਤ ਨਹੀਂ ਹੁੰਦੀ। ਸ਼ਬਦ ਤੋਂ ਬਗੈਰ ਅਸਾਡੇ ਅੰਦਰ ਪੂਰੀ ਤਰ੍ਹਾਂ ਹਨ੍ਹੇਰਾ ਹੈ। ਸ਼ਬਦ ਦੀ ਸੋਝੀ ਦੇਣ ਵਾਲਾ ਸਤਿਗੁਰੂ ਹੈ ਜਿਸ ਸ਼ਬਦ ਦੀ ਘਾਲ ਕਮਾਈ ਕਰਕੇ ਅਸਾਡੇ ਹੱਥ ਕੁੰਜੀ ਆ ਜਾਂਦੀ ਹੈ। ਜਦੋਂ ਇਸ ਕੁੰਜੀ ਨਾਲ ਅਸੀਂ ਅੰਦਰ ਚੜ੍ਹਾਈ ਕਰਦੇ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਜਿਸ ਦੀ ਤਲਾਸ਼ ਵਿਚ ਕ੍ਰੋੜਾਂ ਜਨਮ ਬਰਬਾਦ ਕਰ ਦਿਤੇ, ਉਹ ਤਾਂ ਮੇਰੇ ਅੰਦਰ ਹੀ ਹੈ ਤੇ ਮੈਂ ਨਿਗੁਰਾ ਰਹਿ ਕੇ ਇਸ ਸੋਝੀ ਤੋਂ ਵਾਂਝਾ ਰਿਹਾ ਹਾਂ, ਮੈਂ ਗੁਰਮੁਖ ਦੀ ਸੰਗਤ ਨਾ ਕਰਕੇ ਭਟਕਦਾ ਰਿਹਾ। ਹੁਣ ਮੈਨੂੰ ਗੁਰਮੁਖ ਦੀ ਸੰਗਤ ਦੀ ਮਹਾਨਤਾ ਦਾ ਪਤਾ ਲਗਿਆ ਹੈ। ਉਸਦੇ ਬਚਨਾਂ ਤੇ ਪ੍ਰਤੀਤ ਆਈ ਹੈ। ਹੇ

ਸਤਿਗੁਰੂ! ਤੂੰ ਕ੍ਰਿਪਾ ਕਰਕੇ ਮੈਨੂੰ ਉਸਦੇ ਨਾਮ ਦੀ ਦਾਤ ਬਖਸ਼। ਸਰੀਰ ਤੋਂ ਬਾਹਰ ਮੈਂ ਪ੍ਰਕ੍ਰਿਤੀ ਦੇ ਸੁਖਾਂ ਵਿਚੋਂ ਪ੍ਰੇਮ ਸੁਖ ਨੂੰ ਭਾਲਦਾ ਰਿਹਾ ਪਰ ਮੇਰੇ ਗਿਆਨ ਚਕਸ਼ੂ ਨਾ ਹੋਣ ਕਰਕੇ ਪਤਾ ਨਾ ਲੱਗਿਆ ਕਿ ਇਹ ਵਸਤੂ ਤਾਂ ਗੁਰਮੁਖ ਦੀ ਮਿਹਰ ਨਾਲ ਹੀ ਪ੍ਰਾਪਤ ਹੋਇਆ ਕਰਦੀ ਹੈ ਉਸਦੇ ਪਾਸ ਅਮੁੱਲ ਦਾਤ ਨਾਮ ਦੀ ਹੈ, ਫੁਰਮਾਨ ਹੈ -

*ਸਰੀਰਹੁ ਭਾਲਣਿ ਕੋ ਬਾਹਰਿ ਜਾਏ॥*
*ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥*
*ਮਨਮੁਖ ਅੰਧੇ ਸੂਝੈ ਨਾਹੀ*
*ਫਿਰਿ ਘਿਰਿ ਆਇ*
*ਗੁਰਮੁਖਿ ਵਥੁ ਪਾਵਣਿਆ॥*
*ਗੁਰ ਪਰਸਾਦੀ ਸਚਾ ਹਰਿ ਪਾਏ॥*
*ਮਨਿ ਤਨਿ ਵੇਖੈ ਹਉਮੈ ਮੈਲੁ ਜਾਏ॥*
*ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ*
*ਸਚੈ ਸਬਦਿ ਸਮਾਵਣਿਆ॥*
*ਨਉ ਦਰ ਠਾਕੇ ਧਾਵਤੁ ਰਹਾਏ।।*
*ਦਸਵੈ ਨਿਜ ਘਰਿ ਵਾਸਾ ਪਾਏ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦੁ ਸੁਣਾਵਣਿਆ॥*
*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥*

**ਅੰਗ - ੧੨੪**

ਇਸ ਤਰ੍ਹਾਂ ਜਗਿਆਸੂ ਦੇ ਪ੍ਰਤੀਕ ਦੇ ਘਰ ਵਿਚੋਂ ਉਠੇ ਵਿਰਲਾਪ ਨੂੰ ਸੁਣ ਕੇ ਪੂਰੇ ਸਤਿਗੁਰੂ ਨੇ ਦਸ ਦਿਤਾ ਕਿ ਤੇਰੇ ਬਿਰਹਾ ਦਾ ਕਾਰਨ ਤੇਰੀ ਆਪਣੀ ਹੀ ਭੁੱਲ ਹੈ, ਤੂੰ ਪ੍ਰਮੇਸ਼ਰ ਨੂੰ ਭੁਲਿਆ ਤਾਂ ਇਸ ਹਾਲਤ ਵਿਚ 84 ਲੱਖ ਜੂਨਾਂ ਵਿਚ ਘੁਮੇਟਣੀਆਂ ਖਾਂਦਾ ਰਿਹਾ। ਚੇਤ ਦੇ ਮਹੀਨੇ ਨੂੰ ਪ੍ਰਤੀਕ ਬਣਾ ਕੇ ਗੁਰੂ ਮਹਾਰਾਜ ਨੇ ਦੱਸਿਆ ਕਿ -

*ਚੇਤਿ ਗੋਵਿੰਦੁ ਅਰਾਧੀਐ*
*ਹੋਵੈ ਅਨੰਦੁ ਘਣਾ॥* **ਅੰਗ - ੧੩੩**

ਪਰ ਇਸ ਅਨੰਦ ਦੀ ਪ੍ਰਾਪਤੀ ਦਾ ਗੁਪਤ ਭੇਤ ਇਹ ਹੈ ਕਿ ਗੁਰੂ ਤੋਂ ਸ਼ਬਦ ਪ੍ਰਾਪਤ ਕਰਕੇ ਰਸਨਾ ਦੇ ਨਾਲ ਉਸ ਗੁਰਮੰਤ੍ਰ ਦਾ ਜਾਪ ਕਰ। ਗੁਰਮੁਖ ਦੇ ਦਿਤੇ ਸ਼ਬਦ ਦੀ ਕਮਾਈ ਕਰਦਿਆਂ ਚੇਤ ਦਾ ਮਹੀਨਾ ਬੀਤ ਗਿਆ, ਅੰਦਰ ਲਗਨ ਲੱਗ ਗਈ। ਜਿਸ ਵਿਚ ਲਗਨ ਹੋਰ ਵਧੇਰੇ ਲਗਦੀ ਹੈ ਅਤੇ ਆਪ ਇਸ ਬਿਰਹਨ ਨੂੰ ਮਾਰਗ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਜੋ ਮਾਇਆ ਦੇ ਪਿਆਰ ਵਿਚ ਲਗ ਕੇ ਵਾਹਿਗੁਰੂ ਜੀ ਨੂੰ ਭੁੱਲ ਚੁੱਕੇ ਹਨ, ਵਾਹਿਗੁਰੂ ਜੀ ਦੇ ਪ੍ਰੇਮ ਤੋਂ ਕਿਤੇ ਵੱਧ ਮਾਇਆ ਦੇ ਪ੍ਰੇਮ ਨੂੰ ਜਾਣਦੇ ਹਨ, ਉਹ ਵਿਛੋੜੇ ਵਿਚ ਪਏ ਹੋਏ ਹਨ। ਉਨ੍ਹਾਂ ਦੇ ਸਾਮ੍ਹਣੇ ਮਾਇਆ ਦੀ ਬਹੁਤ ਸਖਤ ਦੀਵਾਰ ਹੈ, ਜੋ ਅੰਦਰ ਵਸਦੇ ਪ੍ਰਭੂ ਨਾਲ ਮੇਲ ਨਹੀਂ ਹੋਣ ਦਿੰਦੀ। ਉਹ ਹਰੀ ਵਰਗੇ ਪ੍ਰੇਮ ਪਿਆਰੇ ਸੱਜਣ ਨੂੰ ਭੁੱਲ ਕੇ ਮਾਇਆ ਦੇ ਛਲਾਵਿਆਂ ਵਿਚ ਆ ਕੇ, ਜਿਸ ਵਿਚ ਸੁਖ ਦਾ ਨਾਮ ਨਿਸ਼ਾਨ ਨਹੀਂ ਹੈ, ਉਸਦੀ ਪ੍ਰੀਤ ਵਿਚ ਉਲਝ ਗਏ ਹਨ। ਪ੍ਰਤੱਖ ਰੂਪ ਵਿਚ ਦੇਖ ਲਵੋ ਕਿ ਇਕ ਪਾਸੇ ਵਾਹਿਗੁਰੂ ਜੀ ਹਨ, ਇਕ ਪਾਸੇ ਇਸਤ੍ਰੀ ਹੈ, ਪੁੱਤਰ ਹੈ, ਧਨ ਹੈ, ਆਪਣਾ ਮਾਣ ਹੈ, ਪ੍ਰਭਤਾ ਹੈ; ਇਨ੍ਹਾਂ ਵਿਚੋਂ ਕੋਈ ਵੀ ਚੀਜ਼ ਸਰੀਰ ਛੱਡਣ ਉਪਰੰਤ ਪ੍ਰਲੋਕ ਵਿਚ ਨਾਲ ਨਹੀਂ ਜਾਇਆ ਕਰਦੀ; ਇਥੋਂ ਤਕ ਵੀ ਹੈ, ਇਹ ਸਾਰੇ ਸਬੰਧੀ ਸੁਖਾਂ ਦੇ ਸਬੰਧੀ ਹਨ ਇਨ੍ਹਾਂ ਦਾ ਪਿਆਰ ਝੂਠਾ ਪਿਆਰ ਹੈ। ਇਹ ਜਾਣਦੇ ਹੋਇਆਂ ਵੀ ਉਹ ਇਸ ਛਲਾਵੇ ਵਿਚੋਂ ਨਹੀਂ ਨਿਕਲ ਸਕਦਾ। ਵਾਹਿਗੁਰੂ ਜੀ ਨਾਲ ਕਿੰਚਤ ਮਾਤਰ ਵੀ ਪਿਆਰ ਨਹੀਂ ਹੈ। ਵਾਹਿਗੂਰੂ ਜੀ ਜੀਵਾਂ ਦੇ ਚਿਤ ਚੇਤੇ ਵੀ ਨਹੀਂ ਹੈ। ਉਸਦਾ ਕਦੇ ਵੀ ਅਭਾਵ ਨਹੀਂ ਹੁੰਦਾ, ਉਹ ਸਦਾ ਹੀ ਪਿਆਰ ਦ੍ਰਿਸ਼ਟੀ ਨਾਲ ਸਭ ਨੂੰ ਦੇਖਦਾ ਹੈ। ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ ਅਤੇ ਬਿਨਾਂ ਮੰਗਿਆਂ ਅਣਗਿਣਤ ਦਾਤਾਂ ਦੀ ਵਰਸ਼ਾ ਸਦਾ ਹੀ ਕਰਦਾ ਰਹਿੰਦਾ ਹੈ। ਅਸਾਡੇ ਜੀਵਨ ਲਈ ਆਕਸੀਜਨ ਦੀ ਕਿੰਨੀ ਲੋੜ ਹੈ, ਉਸ ਪ੍ਰਭੂ ਨੇ ਇਸ ਹਵਾ ਵਿਚ ਕਾਰਬਨ ਦੀ ਥਾਂ ਸਾਨੂੰ ਜਿਉਂਦਾ ਰੱਖਣ ਲਈ ਆਕਸੀਜਨ ਦਿਤੀ ਹੈ, ਅੱਖਾਂ ਵਿਚ ਜੋਤੀ ਦਿਤੀ, ਕੰਨਾਂ ਵਿਚ ਸੁਣਨ ਦੀ ਸ਼ਕਤੀ, ਹੱਥਾਂ ਪੈਰਾਂ ਵਿਚ ਚਲਣ ਤੇ ਕੰਮ ਕਰਨ ਦੀ ਸ਼ਕਤੀ ਦਿਤੀ ਹੈ, ਅਸੀਂ ਨਹੀਂ ਜਾਣਦੇ ਕਿ ਬਹੁਤ ਸਾਰੇ ਵੀਚਾਰਵਾਨਾਂ ਨੇ ਇਸ ਸਰੀਰ ਵਿਚ 72 ਕਰੋੜ, 72 ਲੱਖ, 72 ਹਜ਼ਾਰ, ਦੋ ਸੌ blood channel ਦਸੇ ਹਨ। ਇਸ ਸਰੀਰ ਨੂੰ 14 ਖਰਬ ਸੈਲ ਲੱਗੇ ਕਹੇ ਜਾਂਦੇ ਹਨ ਜਿਨ੍ਹਾਂ ਰਾਹੀਂ ਅਸਾਡੇ ਅੰਦਰ ਜੀਵਨ ਰੌ ਸਾਨੂੰ ਜੀਵਤ ਰਖਦੀ ਹੈ। ਇੜਾ, ਪਿੰਗਲਾ, ਸੁਖਮਨਾ ਸਾਨੂੰ ਜਿਉਂਣ ਵਾਲੀਆਂ ਨਾੜੀਆਂ ਦਿਤੀਆਂ ਹਨ। ਸੁਖਮਨਾ ਦੇ ਵਿਚ ਬਿਜਲੀ ਦਾ ਭੰਡਾਰ ਹੈ, ਭੁਜੰਗਾ ਨਾੜੀ ਨੇ ਕੁੰਡਲਨੀ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਇਸ ਸ਼ਕਤੀ ਨੂੰ ਜਦੋਂ ਅਸੀਂ ਜਗਾ ਲਈਏ ਤਾਂ ਅਸਾਨੂੰ ਤਿੰਨਾਂ ਲੋਕਾਂ ਦੀ ਸੋਝੀ ਹੋ ਜਾਂਦੀ ਹੈ। ਇਸੇ ਤਰ੍ਹਾਂ ਨਾਲ ਉਸ ਪ੍ਰਭੂ ਨੇ ਦਿਬਯ ਨੇਤਰ ਬਖਸ਼ੇ ਹਨ ਜਿਸ ਦੇ ਰਾਹੀਂ ਉਸਨੂੰ, ਅਸੀਂ ਘਟ-ਘਟ ਵਿਚ ਰਮਿਆ ਦੇਖ ਸਕਦੇ ਹਾਂ। ਦਿਬਯ ਕੰਨਾਂ ਦੀ ਬਖਸ਼ਿਸ਼ ਕੀਤੀ ਹੈ ਜਿਸ ਰਾਹੀਂ ਅਸੀਂ ਮਹਾਨ ਸੁਰੀਲੇ ਅਨਹਦ ਸ਼ਬਦਾਂ ਨੂੰ ਸੁਣ ਸਕਦੇ

ਹਾਂ; ਦਿਬਯ ਨਾਸਕਾ ਰਾਹੀਂ ਅਸੀਂ ਆਪਣੇ ਅੰਦਰ ਹਰ ਵਕਤ ਸੁਗੰਧਤ ਹੋਏ-ਹੋਏ ਮਹਿਸੂਸ ਕਰ ਸਕਦੇ ਹਾਂ। ਦਿਬਯ ਰਸਨਾ ਰਾਹੀਂ ਅਸੀਂ ਸਾਰਿਆਂ ਰਸਾਂ ਤੋਂ ਸ਼੍ਰੋਮਣੀ ਰਸ, ਜਿਸਨੂੰ ਨਾਮ ਰਸ ਕਿਹਾ ਜਾਂਦਾ ਹੈ, ਉਸਦਾ ਸਵਾਦ ਮਾਣ ਸਕਦੇ ਹਾਂ। ਉਸ ਮਹਾਨ ਪ੍ਰਭੂ ਨੂੰ ਆਪਣੇ ਅੰਦਰੋਂ ਹੀ ਤਲਾਸ਼ ਕਰਕੇ ਕੇਵਲ ਅਸੀਂ ਆਪ ਹੀ ਜਨਮ ਮਰਨ ਦੇ ਚੱਕਰ ਵਿਚੋਂ ਨਹੀਂ ਛੁੱਟਦੇ ਪ੍ਰੰਤੂ ਅਨੇਕ-ਅਨੇਕ ਜੀਵਾਂ ਨੂੰ ਅਸੀਂ ਛੁਡਾ ਸਕਦੇ ਹਾਂ ਜਿਵੇਂ ਕਿ ਫੁਰਮਾਨ ਹੈ -

*ਜਿਨੀ ਨਾਮੁ ਧਿਆਇਆ*
*ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*
*ਅੰਗ - ੮*

ਸੋ ਆਪੇ ਹੀ ਵਿਚਾਰ ਕੇ ਦੇਖ ਲੈਣਾ ਜਿਵੇਂ ਕਿ ਇਕ ਪਾਸੇ ਛਿਨ ਭੰਗਰ ਮਾਇਆ ਦੇ ਸੁਖ ਹਨ ਜਿਨ੍ਹਾਂ ਵਿਚ ਦੁਖ ਹੀ ਦੁਖ ਹਨ ਜਿਵੇਂ ਕਿ ਫੁਰਮਾਨ ਹੈ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ*
*ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ*
*ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ*
*ਵਿਸਟਾ ਕੇ ਕੀਰੇ॥ ਅੰਗ - ੭੦੭*

ਪਰ ਨਾਲ ਹੀ ਗੁਰੂ ਮਹਾਰਾਜ ਨੇ ਅਸਾਨੂੰ ਦਸ ਦਿਤਾ ਹੈ ਕਿ ਪ੍ਰਭੂ ਨਾਮ ਦੀ ਪ੍ਰਾਪਤੀ ਤੋਂ ਬਗੈਰ ਜੀਵ ਕਿਸੇ ਤਰ੍ਹਾਂ ਵੀ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ।

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ॥ ਅੰਗ - ੭੦੭*

ਸੋ ਇਸ ਵੈਸਾਖ ਦੇ ਮਹੀਨੇ ਵਿਚ ਸਾਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਦੱਸ ਦਿਤਾ ਹੈ -

*ਵੈਸਾਖਿ ਧੀਰਨਿ ਕਿਉ ਵਾਢੀਆ*
*ਜਿਨਾ ਪ੍ਰੇਮ ਬਿਛੋਹੁ॥*
*ਹਰਿ ਸਾਜਨੁ ਪੁਰਖੁ ਵਿਸਾਰਿ ਕੈ*
*ਲਗੀ ਮਾਇਆ ਧੋਹੁ॥*
*ਪੁਤ੍ਰ ਕਲਤ੍ਰ ਨ ਸੰਗਿ ਧਨਾ*
*ਹਰਿ ਅਵਿਨਾਸੀ ਓਹੁ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥*
*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥*
*ਅੰਗ - ੧੩੩*

ਸੋ ਇਸ ਤਰ੍ਹਾਂ ਨਾਲ ਇਕ ਪਾਸੇ ਵਾਹਿਗੁਰੂ ਜੀ ਦਾ ਪਿਆਰ ਹੈ ਜੋ ਨਾਲ ਨਿਭਦਾ ਹੈ। ਜਿਥੇ ਕਿਸੇ ਦੀ ਪਹੁੰਚਣ ਦੀ ਸਮਰਥਾ ਨਹੀਂ ਹੈ ਉਥੇ ਨਾਮ ਸਹਾਇਤਾ ਕਰਦਾ ਹੈ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥*
*ਅਨਿਕ ਪੁਨਹ ਚਰਨ ਕਰਤ ਨਹੀ ਤਰੈ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥*
*ਗੁਰਮੁਖਿ ਨਾਮੁ ਜਪਹੁ ਮਨ ਮੇਰੇ॥*
*ਨਾਨਕ ਪਾਵਹੁ ਸੂਖ ਘਨੇਰੇ॥*
*ਅੰਗ - ੨੬੪*

ਦੂਸਰੇ ਪਾਸੇ ਉਹ ਮਾਇਆ ਹੈ ਜਿਸ ਨਾਲ ਪ੍ਰੇਮ ਪਾ ਕੇ ਅਸਾਨੂੰ ਦੁਖ ਹੀ ਦੁਖ ਹੋਇਆ ਕਰਦੇ ਹਨ। ਉਸਦੀ ਪ੍ਰੀਤ ਸੁਖ ਨਹੀਂ ਦਿੰਦੀ, ਉਸਦੀ ਯਾਦ ਮਨ ਵਿਚ ਵਸੀ ਹੋਈ ਅਸਾਨੂੰ ਨਖਿੱਧ ਜੂਨੀਆਂ ਦੀਆਂ ਘੁਮੇਟਣੀਆਂ ਖਿਲਾਉਂਦੀ ਹੈ ਜਿਵੇਂ ਕਿ-

*ਜਿਸ ਕੈ ਅੰਤਰਿ ਰਾਜ ਅਭਿਮਾਨੁ॥*
*ਸੋ ਨਰਕਪਾਤੀ ਹੋਵਤ ਸੁਆਨੁ॥*
*ਅੰਗ - ੨੭੮*

ਕੁੱਤਾ ਹੁੰਦਾ ਹੈ - ਨਰਕਾਂ ਵਿਚ।

*ਜੋ ਜਾਨੈ ਮੈ ਜੋਬਨਵੰਤੁ॥*
*ਸੋ ਹੋਵਤ ਬਿਸਟਾ ਕਾ ਜੰਤੁ॥ ਅੰਗ - ੨੭੮*

ਆਪਣੇ ਆਪ ਨੂੰ ਸੋਹਣਾ ਸਮਝਣ ਵਾਲਾ ਪ੍ਰਮੇਸ਼ਰ ਨੂੰ ਭੁਲਿਆ ਹੋਇਆ ਇਕ ਵਿਸ਼ਟਾ ਦੇ ਜੰਤ ਦੀ ਬਰਾਬਰੀ ਰਖਦਾ ਹੈ। ਮਨੁੱਖ ਸਰੀਰ ਵਿਚ ਸਾਰੇ ਗੁਣ ਵਾਹਿਗੁਰੂ ਦੀ ਬਖਸ਼ਿਸ਼ ਕਰਕੇ ਹਨ। ਸਰੀਰਕ ਤੰਦਰੁਸਤੀ, ਜੋਬਨ, ਜ਼ਸਮਾਨੀ ਖਿੱਚ ਵਾਹਿਗੁਰੂ ਜੀ ਦੀ ਮਿਹਰ ਹੈ। ਉਸ ਮਾਲਕ ਨੂੰ ਭੁੱਲ ਕੇ ਜਦੋਂ ਕਹਿੰਦਾ ਹੈ - ਮੈਂ ਸੁੰਦਰ ਹਾਂ, ਮੈਂ ਜੋਬਨਵੰਤ ਹਾਂ, ਮੈਂ ਧਨੀ ਹਾਂ, ਮੈਂ ਇਹ ਹਾਂ। ਮੈਂ ਉਹ ਹਾਂ। ਵਾਹਿਗੁਰੂ ਵਲੋਂ ਭੁਲਿਆ ਜੀਵ ਵਿਸ਼ਟਾ ਦੇ ਕੀੜੇ ਦੀ ਤੁਲਨਾ ਰਖਦਾ ਹੈ। ਸੋ ਇਹ ਮਾਇਆ ਦੇ ਪਿਆਰ ਦੀਆਂ ਗੱਲਾਂ ਹਨ। ਜੇ ਅੰਤ ਸਮੇਂ ਮਾਇਆ ਦੇ ਵਿਚ ਸੁਰਤ ਰਹਿ ਜਾਵੇ ਤਾਂ ਸੱਪ ਦੀ ਜੂਨੀ ਮਿਲਦੀ ਹੈ -

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਸਰਪ ਜੋਨਿ ਵਲਿ ਵਲਿ ਅਉਤਰੈ॥*
*ਅੰਗ - ੫੨੬*

ਇਸੇ ਤਰ੍ਹਾਂ ਨਾਲ ਮਕਾਨਾਂ, ਇੰਡਸਟਰੀਆਂ, ਹੋਰ ਅਨੇਕਾਂ ਜਾਇਦਾਦਾਂ ਵਿਚ ਸੁਰਤ ਰਹਿ ਜਾਵੇ ਤਾਂ ਪ੍ਰੇਤ ਪਿੰਜਰ ਪਾ ਕੇ, ਜਿਸ ਵਿਚ ਦੁਖ ਹੀ ਦੁਖ ਹਨ, ਆਪ ਵੀ ਦੁਖੀ ਹੁੰਦਾ ਹੈ ਤੇ ਦੁਨੀਆਂ ਨੂੰ ਵੀ ਦੁਖੀ ਕਰਦਾ ਹੈ –

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥*
*ਅੰਗ – ੫੨੬*

ਇਸ ਕਰਕੇ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਨ੍ਹਾਂ ਚੀਜ਼ਾਂ ਨਾਲ ਵਾਹਿਗੁਰੂ ਨੂੰ ਭੁਲ ਹੀ ਜਾਂਦਾ ਹੈ। ਵਾਹਿਗੁਰੂ ਨੂੰ ਵਿਸਾਰ ਕੇ ਮਾਇਆ ਦੀ ਧੋਖੇ ਵਾਲੀ ਖਿਚ ਲਗੀ ਹੋਈ ਹੈ ਸੰਸਾਰ ਨੂੰ –

*ਹਰਿ ਸਾਜਨੁ ਪੁਰਖੁ ਵਿਸਾਰਿ ਕੈ*
*ਲਗੀ ਮਾਇਆ ਧੋਹੁ॥ ਅੰਗ – ੧੩੩*

ਜੋ ਇਸਦੇ ਸਬੰਧੀ ਹਨ ਪਹਿਲਾਂ ਤਾਂ ਉਹ ਜਿਉਂਦੇ-ਜਿਉਂਦੇ ਹੀ ਬੇਰੁਖੀਆਂ ਧਾਰਨ ਕਰ ਲੈਂਦੇ ਹਨ। ਜੇ ਆਦਮੀ ਦੇ ਮਨ ਵਿਚ ਭੁਲੇਖਾ ਹੋਵੇ ਕਿ ਪੁੱਤਰ ਸੁਖ ਦਾ ਸਾਧਨ ਹੁੰਦੇ ਹਨ ਅਤੇ ਉਹ ਬੁਢਾਪੇ ਵਿਚ ਜਦੋਂ ਨੈਣ-ਪ੍ਰਾਣ ਚਲਣ ਤੋਂ ਜਵਾਬ ਦੇ ਦੇਣਗੇ, ਉਹ ਸਾਂਭ ਲੈਣਗੇ। ਇਹ ਇਕ ਬਹੁਤ ਵੱਡਾ ਛਲਾਵਾ ਹੈ। ਕਲਜੁਗੀ ਪੁਤਰਾਂ ਵਿਚੋਂ ਕਦੇ ਵੀ ਕਿਸੇ ਨੇ ਆਪਣੇ ਮਾਂ-ਬਾਪ ਦੀ ਸੰਭਾਲ ਨਹੀਂ ਕੀਤੀ। ਮਾਂ ਬਾਪ ਦੀ ਸੇਵਾ ਛੱਡ ਕੇ ਉਹ ਆਪਣੇ ਪਰਿਵਾਰ ਵਿਚ, ਆਪਣੀ ਦੁਨੀਆਂ ਵਿਚ, ਆਪਣੇ ਰੰਗਾਂ ਵਿਚ ਹੀ ਮਸਤ ਰਹਿੰਦੇ ਹਨ। ਇਹ ਤਾਂ ਪੁਰਾਣੇ ਸਮੇਂ ਸਨ ਜਦੋਂ ਸਰਵਣ ਵਰਗੇ ਪੁੱਤਰ ਨੇਤਰਾਂ ਹੀਣੇ ਮਾਂ ਬਾਪ ਨੂੰ ਮਿਲ ਗਏ ਸਨ ਅਤੇ ਉਹ ਆਪਣੇ ਸਾਰੇ ਸੁੱਖ ਛੱਡ ਕੇ ਮਾਂ-ਬਾਪ ਨੂੰ ਵਹਿੰਗੀ ਵਿਚ ਬਿਠਾ ਕੇ 68 ਤੀਰਥਾਂ ਦਾ ਇਸ਼ਨਾਨ ਕਰਾ ਰਿਹਾ ਸੀ। ਹੁਣ ਵਾਲੇ ਪੁਤਰ ਮਾਂ ਬਾਪ ਨਾਲ ਕੋਈ ਸਬੰਧ ਨਹੀਂ ਰਖਦੇ। ਜਦੋਂ ਸ਼ਾਦੀ ਹੋ ਜਾਵੇ ਤਾਂ ਆਪਣੀ ਵਖਰੀ ਦੁਨੀਆਂ ਬਣਾ ਲੈਂਦੇ ਹਨ ਅਤੇ ਝੂਠੇ ਪਿਆਰ ਦੇ ਰੰਗਾਂ ਵਿਚ ਪੈ ਕੇ ਆਪਣੇ ਫਰਜ਼ ਤੋਂ ਪੂਰੀ ਤਰ੍ਹਾਂ ਕੁਤਾਹੀ ਕਰਦੇ ਹਨ। ਮਾਂ ਬਾਪ ਨੂੰ ਸੰਭਾਲਣਾ ਤਾਂ ਕੀ, ਉਹ ਪਿੱਠ ਦੇ ਕੇ ਨੱਠ ਜਾਂਦੇ ਹਨ ਅਤੇ ਇਹੋ ਆਸ ਰਖਦੇ ਹਨ ਕਿ ਅਸਾਨੂੰ ਕੋਈ ਹੋਰ ਬੰਦਾ ਉਨ੍ਹਾਂ ਦਾ ਕ੍ਰਿਆ ਕਰਮ ਕਰਕੇ ਦਸ ਦੇਵੇ ਕਿ ਉਹ ਸੰਸਾਰ ਤੋਂ ਚੜ੍ਹਾਈ ਕਰ ਗਏ ਹਨ। ਇਹ ਮੈਂ ਸਤਿ ਦੀ ਗੱਲ ਕਰ ਰਿਹਾ ਹਾਂ ਕਿਉਂਕਿ ਮੈਂ ਇਹ ਤਜਰਬਾ ਦੇਖਿਆ ਹੋਇਆ ਹੈ। ਮੇਰੇ ਪਾਸ ਬਹੁਤ ਐਸੇ ਮਾਂ-ਬਾਪ ਆਉਂਦੇ ਹੀ ਰਹਿੰਦੇ ਹਨ। ਕਈ ਬਜ਼ੁਰਗ ਤਾਂ ਅਸਾਡੇ ਪਾਸ ਹੀ ਆ ਗਏ ਕਿ ਮੈਨੂੰ ਆਪਣੇ ਹੀ ਪੁੱਤਰ ਤੋਂ ਡਰ ਹੈ ਕਿ ਮੇਰਾ ਗਲ ਨਾ ਘੁਟ ਦੇਵੇ। ਜਦੋਂ ਪੁੱਤਰ ਨੂੰ ਪਾਲਣਾ ਹੁੰਦਾ ਹੈ ਤਾਂ ਕਿੰਨੀ ਖੇਦ, ਕਿੰਨੀ ਖੇਚਲ ਆਪਣੇ ਉਪਰ ਸਹਿੰਦਾ ਹੈ। ਪਰ ਗੁਰੂ ਮਹਾਰਾਜ ਦਾ ਜੋ ਬਚਨ ਹੈ ਉਸਨੂੰ ਪੂਰੀ ਤਰ੍ਹਾਂ ਵਿਸਾਰ ਕੇ ਆਪਣਾ ਜੀਵਨ, ਆਪਣਾ ਸੁਖ ਨਸ਼ਟ ਕਰ ਲਿਆ ਜਾਂਦਾ ਹੈ। ਇਥੋਂ ਤਕ ਵੀ ਮੈਂ ਦੇਖਿਆ ਹੈ ਕਿ ਜਿਸਨੂੰ ਪੁੱਤਰ ਦੀ ਦਾਤ ਨਹੀਂ ਮਿਲੀ ਹੋਈ, ਉਹ ਬਹੁਤ ਹੀ ਉਦਾਸੀ ਵਿਚ ਜੀਵਨ ਬਤੀਤ ਕਰਦੇ ਹਨ। ਹਰ ਸੁਆਸ ਪੁੱਤਰ ਆਉਣ ਦੀ ਆਸ ਮਨ ਵਿਚ ਰਖਦੇ ਹਨ। ਅਜਿਹੇ ਪ੍ਰੇਮੀ ਵਾਹਿਗੁਰੂ ਜੀ ਨੂੰ ਹਮੇਸ਼ਾ ਹੀ ਭੁੱਲੇ ਰਹਿੰਦੇ ਹਨ ਜਿਸ ਨੇ ਸਦਾ ਹੀ ਸਾਥ ਦੇਣਾ ਹੈ ਜੋ ਪਿਆਰ ਵਿਚ ਵਸ ਆਇਆ ਹੋਇਆ ਆਪਣੇ ਪਿਆਰਿਆਂ ਦੀ ਗੱਲ ਮੰਨ ਕੇ ਸਭ ਕੁਝ ਦੇ ਦਿੰਦਾ ਹੈ –

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ॥*
*ਤਿਨ ਕੀ ਸੋਭਾ ਸਭਨੀ ਥਾਈ*
*ਜਿਨ ਪ੍ਰਭ ਕੇ ਚਰਣ ਪਰਾਤੇ॥ ਅੰਗ – ੭੪੮*

ਸੋ ਐਸੇ ਵਾਹਿਗੁਰੂ ਜੀ ਨੂੰ ਛੱਡ ਕੇ ਮੋਹ ਮਾਇਆ ਦੇ ਝੂਠੇ ਧੰਦਿਆਂ ਵਿਚ ਪੈ ਕੇ ਜੀਵ ਫਸ-ਫਸ ਕੇ ਮਰ ਰਹੇ ਹਨ। ਗੁਰੂ ਮਹਾਰਾਜ ਇਨ੍ਹਾਂ ਨੂੰ ਕੱਢਣ ਵਾਸਤੇ ਅਰਸ਼ੀ ਬਾਣੀ ਰਾਹੀਂ ਪ੍ਰਕਾਸ਼ ਬਖਸ਼ਦੇ ਹਨ ਪਰ ਇਹ ਜੀਵ ਐਸਾ ਢੀਠ ਹੈ ਜੋ ਗੁਰੂ ਪੀਰ ਦਾ ਕੋਈ ਬਚਨ ਆਪਣੇ ਹਿਰਦੇ ਵਿਚ ਨਹੀਂ ਵਸਾਉਂਦਾ। ਪੜ੍ਹਦਾ ਵੀ ਹੈ, ਲੋਕਾਂ ਨੂੰ ਸਮਝੌਤੀਆਂ ਭੀ ਦਿੰਦਾ ਹੈ। ਪਰ ਆਪ ਇਨ੍ਹਾਂ ਉਚ ਅਸੂਲਾਂ ਤੋਂ ਅਛੋਹ ਹੀ ਰਹਿੰਦਾ ਹੈ। ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਹਰ ਸਾਜਨੁ ਪੁਰਖੁ ਵਿਸਾਰਿ ਕੈ*
*ਲਗੀ ਮਾਇਆ ਧੋਹੁ॥ ਅੰਗ-੧੩੩*

ਮਾਇਆ ਦੀ ਖਿਚ ਪਈ ਹੋਈ ਹੈ ਦਿਨ ਰਾਤ। ਇਸ ਖਿਚ ਵਿਚ ਜੀਵ ਧੂਹਿਆ ਜਾ ਰਿਹਾ ਹੈ। 24000 ਸੁਆਸ ਉਸਦਾ ਹਰ ਰੋਜ਼ ਇਸ ਛਲਾਵੇ ਦੀ ਭੇਟ ਚੜ੍ਹ ਜਾਂਦਾ ਹੈ। ਹੁਕਮ ਤਾਂ ਗੁਰੂ ਮਹਾਰਾਜ ਦਾ ਇਹ ਸੀ ਕਿ–

*ਸਾਸਿ ਸਾਸਿ ਸਿਮਰਹੁ ਗੋਬਿੰਦ॥*
*ਮਨ ਅੰਤਰ ਕੀ ਉਤਰੈ ਚਿੰਦ॥*
*ਅੰਗ – ੨੯੫*

ਅਤੇ ਮਹਾਤਮਾ ਕਹਿੰਦੇ ਹਨ ਕਿ –

*ਸਾਸ ਸਾਸ ਹਰਿ ਨਾਮ ਜਪ*

*ਬ੍ਰਿਥਾ ਸਾਸ ਮਤਿ ਖੋਇ।*
*ਕਿਆ ਜਾਨੈ ਕਿ ਅੰਤ ਕਉ*
*ਇਹੀ ਸਾਸ ਮਤਿ ਹੋਇ।*

ਸ੍ਵਾਸਾਂ ਦੀ ਕੀਮਤ ਕੋਈ ਪਾ ਨਹੀਂ ਸਕਦਾ। ਅਜਾਮਲ ਪਾਸ ਸਿਰਫ ਇਕ ਸ੍ਵਾਸ ਆਖਰੀ ਬਚਿਆ ਸੀ ਜਿਸ ਵਿਚ ਉਸ ਨੇ ਜਮਦੂਤਾਂ ਤੋਂ ਡਰ ਕੇ ਆਪਣੇ ਪੁੱਤਰ ਨੂੰ ਅਵਾਜ਼ ਮਾਰੀ ਤੇ ਕਿਹਾ, ਓ ਨਰਾਇਣ! ਲੇਕਿਨ ਉਸਦਾ ਗੁਰੂ ਸਮਰੱਥ ਸੀ ਜਿਸ ਦੇ ਦਰਸ਼ਨਾਂ ਦੇ ਫਲ ਕਰਕੇ ਉਸਨੂੰ ਇਕੋ ਸ੍ਵਾਸ ਵਿਚ ਸੋਝੀ ਆ ਗਈ ਕਿ ਮੇਰੇ ਪੁਤਰ ਨੇ ਇਨ੍ਹਾਂ ਜਮਦੂਤਾਂ ਤੋਂ ਨਹੀਂ ਬਚਾਉਣਾ, ਉਸਨੇ ਮਹਾਨ ਦਿਆਲੂ ਕ੍ਰਿਪਾਲੂ ਨਰਾਇਣ ਨੂੰ ਅਵਾਜ਼ ਮਾਰ ਦਿਤੀ ਜਿਸ ਦੇ ਪਰਿਣਾਮ ਸਰੂਪ ਜਮਦੂਤਾਂ ਦੀ ਮਾਰ ਤੋਂ ਛੁਟ ਗਿਆ। ਦੇਵਗਣਾਂ ਨੇ ਉਸਨੂੰ ਬਿਵਾਨਾਂ ਵਿਚ ਬਿਠਾ ਕੇ ਬੈਕੁੰਠ ਧਾਮ ਵਿਚ ਪਹੁੰਚਾ ਦਿਤਾ। ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰਿ ਨਾਰਾਇਣ ਬੋਲਾਰੇ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ॥ ਅੰਗ - ੯੮੧*

ਗੁਰੂ ਮਹਾਰਾਜ ਜੀ ਇਕ ਥਾਂ ਫੁਰਮਾਨ ਕਰਦੇ ਹਨ -

*ਅਜਾਮਲ ਕਉ ਅੰਤ ਕਾਲ ਮਹਿ*
*ਨਾਰਾਇਨ ਸੁਧਿ ਆਈ॥*
*ਜਾਂ ਗਤਿ ਕਉ ਜੋਗੀਸੁਰ ਬਾਛਤ*
*ਸੋ ਗਤਿ ਛਿਨ ਮਹਿ ਪਾਈ॥ ਅੰਗ - ੯੦੨*

ਸੋ ਕਿਹੋ ਜਿਹੇ ਵਾਹਿਗੁਰੂ ਜੀ ਹੋਏ, ਕਿੰਨੇ ਦਿਆਲੂ, ਕਿੰਨੇ ਪਤਿਤ ਪਾਵਨ, ਕਿ ਭਾਵਨੀ ਹੀ ਦੇਖੀ। ਸੋ ਐਸੇ ਵਾਹਿਗੁਰੂ ਜੀ ਨੂੰ ਛੱਡ ਕੇ 'ਹਰਿ ਸਾਜਣ ਪੁਰਖ ਵਿਸਾਰ ਕੈ' ਮਾਇਆ ਦੇ ਛਲਾਵਿਆਂ ਵਿਚ ਅਸੀਂ ਫਸ ਗਏ ਅਤੇ ਪੁਤਰਾਂ, ਰਿਸ਼ਤੇਦਾਰਾਂ, ਪਰਿਵਾਰ ਵਿਚ ਫਸ ਕੇ ਸਦਾ ਹੀ ਉਸਨੂੰ ਭੁੱਲੇ ਰਹਿੰਦੇ ਹਾਂ ਅਤੇ ਝੂਠਿਆਂ ਧੰਦਿਆਂ ਵਿਚ ਫਸ ਕੇ ਆਪਣਾ ਜੀਵਨ ਬਰਬਾਦ ਕਰ ਦਿੰਦੇ ਹਾਂ।

*ਪੁਤ੍ਰ ਕਲਤ੍ਰ ਨ ਸੰਗਿ ਧਨਾ*
*ਹਰਿ ਅਵਿਨਾਸੀ ਓਹੁ॥*
*ਪਲਚਿ ਪਲਚਿ ਸਗਲੀ ਮੁਈ*
*ਝੂਠੈ ਧੰਧੈ ਮੋਹੁ।। ਅੰਗ - ੧੩੩*

ਉਸਦੇ ਸੱਚੇ ਨਾਮ ਨੂੰ ਭੁਲਾ ਦਿਤਾ ਜਾਂਦਾ ਹੈ, ਉਸਦੀ ਥਾਂ ਸ੍ਵਾਸਾਂ ਦੀ ਕਦਰ ਨਾ ਕਰਦੇ ਹੋਏ ਮਾਇਆ ਦੀ ਕੱਚੀ ਪ੍ਰੀਤ ਨਾਲ ਲਗ ਕੇ ਅਸੀਂ ਆਪਣਾ ਸਮਾਂ ਬਰਬਾਦ ਕਰ ਲੈਂਦੇ ਹਾਂ। ਅਜਾਮਲ ਤੋਂ ਪੁਛੋ ਸ੍ਵਾਸ ਦੀ ਕਿੰਨੀ ਕੀਮਤ ਹੈ।

ਇਕ ਅਧਿਆਤਮਕ ਇਤਿਹਾਸ ਵਿਚ ਕਥਾ ਆਉਂਦੀ ਹੈ ਕਿ ਯੂਨਾਨ ਦਾ ਇਕ ਨੌਜੁਆਨ ਬਾਦਸ਼ਾਹ ਜਿਸ ਦਾ ਨਾਮ ਸਿਕੰਦਰ ਸੀ ਜੋ ਮਕਦੂਨੀਆਂ ਦਾ ਰਹਿਣ ਵਾਲਾ ਸੀ, ਉਸਨੇ 20 ਸਾਲ ਦੀ ਉਮਰ ਵਿਚ ਗੱਦੀ ਤੇ ਬੈਠ ਕੇ ਇਕ ਬਹੁਤ ਵੱਡਾ ਲਸ਼ਕਰ ਤਿਆਰ ਕੀਤਾ। ਉਸਨੇ ਯੂਰਪ ਦੇ ਦੇਸ਼ਾਂ ਉਪਰ ਚੜ੍ਹਾਈ ਕੀਤੀ, ਹਰ ਥਾਂ ਸਫਲਤਾ ਨੇ ਉਸਦੇ ਚਰਨ ਚੁੰਮੇ। ਉਸਨੇ ਪੂਰਬ ਵਲ ਵੀ ਰੁਖ ਕੀਤਾ ਅਤੇ ਇਰਾਨ ਵਰਗੀਆਂ ਅਜਿਤ ਬਾਦਸ਼ਾਹੀਆਂ ਨੂੰ ਜੜ੍ਹੋਂ ਉਖੇੜ ਦਿਤਾ। ਭਾਰਤ ਵਰਸ਼ ਵਿਚ ਦਾਖਲ ਹੋਇਆ, ਭਾਰਤੀ ਸੂਰਮਿਆਂ ਨੇ ਜਾਨਾਂ ਤੋੜ ਕੇ ਮੁਕਾਬਲਾ ਕੀਤਾ। ਬਿਆਸ ਤੇ ਰਾਵੀ ਦੇ ਦਰਮਿਆਨ ਰਾਜ ਕਰਦੇ ਰਾਜਾ ਪੋਰਸ ਨੇ ਬਹੁਤ ਹੀ ਨਿਯਮ ਭਰੀ ਲੜਾਈ ਕੀਤੀ। ਉਸਦੇ ਸਿਪਾਹੀ, ਭਾਰਤੀ ਸੂਰਮਿਆਂ ਦੀ ਬਹਾਦਰੀ ਤੱਕ ਕੇ ਪਿਛੇ ਮੁੜਨ ਦੀ ਗੱਲ ਸੋਚਣ ਲੱਗੇ ਅਤੇ ਬਿਆਸਾ ਦਰਿਆ ਪਾਰ ਨਾ ਕੀਤਾ। ਵਾਪਸੀ ਵਿਚ ਖੁਸ਼ਕੀ ਦਾ ਰਾਹ ਛੱਡ ਕੇ ਕਰਾਚੀ ਤੋਂ ਜਹਾਜ਼ਾਂ ਰਾਹੀਂ ਸਫਰ ਕਰਨ ਦਾ ਪ੍ਰੋਗਰਾਮ ਬਣਾਇਆ। ਉਹ ਅਦਨ ਵਿਚ ਦੀ ਹੁੰਦੇ ਹੋਏ ਬਾਵਲਕੁੰਟੀ ਦੇ ਮੁਕਾਮ ਤੇ ਇਸ਼ਨਾਨ ਕਰਕੇ ਗਰਮ ਸਰਦ ਹੋ ਗਿਆ ਅਤੇ ਐਸੀ ਬਿਮਾਰੀ ਲੱਗੀ ਕਿ ਉਹ ਜਿਉਂ-ਜਿਉਂ ਦਵਾਈ ਕਰਦਾ ਹੈ ਤਿਉਂ-ਤਿਉਂ ਰੋਗ ਵਧਦਾ ਹੀ ਜਾਂਦਾ ਹੈ। ਉਸ ਨੇ ਜੋਤਸ਼ੀਆਂ ਨੂੰ ਬੁਲਾਇਆ ਤੇ ਕਿਹਾ ਕਿ ਜੋਤਸ਼ ਲਾ ਕੇ ਦੇਖੋ ਮੇਰਾ ਅੰਤ ਦਾ ਸਮਾਂ ਕਿਨ੍ਹਾਂ ਹਾਲਾਤ ਵਿਚ ਆਵੇਗਾ? ਜੋਤਸ਼ੀਆਂ ਨੇ ਦੱਸਿਆ ਕਿ ਹੇ ਮਹਾਰਾਜ! ਸਿਕੰਦਰ ਬਾਦਸ਼ਾਹ! ਅਸੀਂ ਸਾਰਿਆਂ ਜੋਤਸ਼ੀਆਂ ਨੇ ਗ੍ਰਹਿਾਂ ਦਾ ਹਿਸਾਬ ਲਾਇਆ ਹੈ ਅਤੇ ਅਸਾਡੇ ਹਿਸਾਬ ਵਿਚ ਬਹੁਤ ਹੀ ਅਜੀਬ ਗੱਲ ਇਹ ਆਈ ਹੈ ਕਿ ਆਪ ਦਾ ਅੰਤ ਉਸ ਸਮੇਂ ਹੋਵੇਗਾ ਜਦੋਂ ਹੇਠ ਧਰਤੀ ਲੋਹੇ ਦੀ ਹੋਵੇਗੀ ਅਤੇ ਅਸਮਾਨ ਸੁਨਹਿਰੀ ਹੋ ਜਾਵੇਗਾ। ਉਸਦੀਆਂ ਸੋਨੇ ਰੰਗੀਆਂ ਕਿਰਨਾਂ ਮੁਖ ਉਤੇ ਪੈਂਦੀਆਂ ਹੋਣਗੀਆਂ ਪਰ ਕਿਸੇ ਨੂੰ ਇਹ ਗੱਲ ਸਪਸ਼ਟ ਤੌਰ ਤੇ ਸਮਝ ਨਾ ਆਈ। ਸਿਕੰਦਰ ਨੇ ਉਸੇ ਹਾਲਤ ਵਿਚ ਸਫਰ ਜਾਰੀ ਰੱਖਿਆ। ਸਰੀਰ ਮਜ਼ਬੂਤ ਸੀ, ਪਾਲਕੀ ਉਤੇ ਸਫਰ ਕਰਨ ਦੀ ਥਾਂ ਘੋੜੇ ਉਤੇ ਹੀ ਸਫਰ ਕਰਦਾ ਰਿਹਾ। ਜਾਂਦੇ-ਜਾਂਦੇ ਇਕ ਐਸੇ ਥਾਂ ਜਾ ਰਿਹਾ ਹੈ ਜਿਥੇ ਨੇੜੇ ਕੋਈ ਦਰਖਤ ਨਹੀਂ ਹੈ, ਹੇਠਾਂ ਧਰਤੀ ਗਰਮ ਹੈ। ਉਸਨੂੰ ਗਸ਼ ਪਈ, ਅੰਗ ਰਖਸ਼ਕਾਂ ਨੇ ਇਕ ਦਮ ਸੰਭਾਲ ਲਿਆ। ਉਸਦੇ ਪਹਿਨੇ ਹੋਏ ਲੋਹੇ ਦੇ ਜ਼ਰਾ ਬਕਤਰ ਧਰਤੀ ਉਤੇ ਵਿਛਾ ਦਿਤੇ। ਸੂਰਜ ਬਹੁਤ ਤੇਜ ਗਰਮੀ

ਦੇ ਰਿਹਾ ਸੀ, ਉਸ ਗਰਮੀ ਤੋਂ ਉਸਦਾ ਮੁਖ ਬਚਾਉਣ ਲਈ ਉਸਦੀ ਸੋਨੇ ਨਾਲ ਮੜ੍ਹੀ ਢਾਲ ਬਰਛੇ ਤੇ ਟੰਗ ਕੇ ਉਸ ਤੇ ਛਾਂ ਕਰ ਦਿਤੀ। ਜਦੋਂ ਉਸ ਨੂੰ ਸੁਰਤ ਆਈ ਤਾਂ ਸਿਕੰਦਰ ਕੀ ਦੇਖਦਾ ਹੈ ਕਿ ਮੇਰੇ ਹੇਠ ਲੋਹਾ ਵਿਛਿਆ ਹੋਇਆ ਹੈ ਅਤੇ ਮੇਰੇ ਮੁਖ ਉਪਰ ਕਿਰਨਾਂ ਸੋਨੇ ਦਾ ਬਿੰਬ ਲੈ ਕੇ ਪੈ ਰਹੀਆਂ ਹਨ, ਇਕ ਦਮ ਯਾਦ ਆ ਗਿਆ ਕਿ ਜੋਤਸ਼ੀਆਂ ਨੇ ਜੋ ਟੋਹ ਲਾਈ ਸੀ ਉਸ ਦੇ ਮੁਤਾਬਿਕ ਮੈਂ ਹੁਣ ਲੋਹੇ ਉਪਰ ਪਿਆ ਹਾਂ ਅਤੇ ਮੈਨੂੰ ਅਸਮਾਨ ਸੁਨਹਿਰੀ ਨਜ਼ਰ ਆ ਰਿਹਾ ਹੈ। ਹੁਣ ਮੇਰਾ ਅੰਤ ਸਮਾਂ ਆ ਗਿਆ। ਉਸ ਵੇਲੇ ਬਹਾਦਰ ਸਿਕੰਦਰ ਬਹੁਤ ਰੋਇਆ। ਬੱਚਿਆਂ ਵਾਂਗੂੰ ਵਿਰਲਾਪ ਕਰਦਾ ਹੈ। ਵੈਦਾਂ ਨੂੰ ਕਿਹਾ ਕਿ ਮੈਨੂੰ ਕੋਈ ਐਸੀ ਦਵਾਈ ਦੇਵੋ ਜਿਸ ਨਾਲ ਮੈਂ ਆਪਣੇ ਦੇਸ਼ ਗਰੀਕ (ਯੂਨਾਨ) ਤਕ ਪਹੁੰਚ ਜਾਵਾਂ ਤੇ ਬਾਰ੍ਹਾਂ ਸਾਲ ਦੇ ਵਿਛੋੜੇ ਪਿਛੋਂ ਆਪਣੀ ਮਾਂ ਨੂੰ ਗਲਵਕੜੀ ਵਿਚ ਲੈ ਸਕਾਂ ਅਤੇ ਦਸ ਸਕਾਂ ਕਿ ਤੇਰੇ ਪੁੱਤਰ ਨੇ ਕਿਵੇਂ ਸੰਸਾਰ ਉਤੇ ਵੱਡੇ-ਵੱਡੇ ਰਾਜਿਆਂ ਨੂੰ ਹਾਰ ਦਿਤੀ। ਮੈਂ ਤੁਹਾਡਾ ਅਹਿਸਾਨ ਕਦੀ ਨਹੀਂ ਭੁਲਾਂਗਾ ਅਤੇ ਆਪਣੇ ਵਲੋਂ ਅੱਧਾ ਰਾਜ ਵੈਦ ਜੀ ਤੁਹਾਨੂੰ ਦੇ ਦੇਵਾਂਗਾ। ਵੈਦ ਚੁਪ ਕਰ ਰਿਹਾ। ਫਿਰ ਉਸਨੇ ਤਰਲਾ ਕੀਤਾ ਅਤੇ ਕਿਹਾ, "ਕੋਈ ਐਸੀ ਦਵਾਈ ਦੇਵੋ ਕਿ ਮੇਰੀ ਆਖਰੀ ਤਮੰਨਾ (ਵਾਸ਼ਨਾ) ਪੂਰੀ ਹੋ ਜਾਵੇ।" ਤਾਂ ਉਸ ਸਮੇਂ ਵੱਡੇ ਵੈਦ ਜੀ ਨੇ ਕਿਹਾ ਕਿ ਐ ਬਾਦਸ਼ਾਹ! ਧਰਤੀ ਦਾ ਰਾਜ ਤਾਂ ਕੀ, ਜੇ ਤੂੰ ਅਸਾਨੂੰ ਤਿੰਨਾਂ ਲੋਕਾਂ ਦਾ ਰਾਜ ਵੀ ਦੇਵੇਂ ਤਾਂ ਵੀ ਅਸੀਂ ਤੈਨੂੰ ਇਕ ਸ੍ਵਾਸ ਨਹੀਂ ਦਿਵਾ ਸਕਦੇ। ਤੇਰੇ ਸ੍ਵਾਸਾਂ ਦੀ ਗੰਢ ਨਾਭੀ ਵਿਚੋਂ ਖੁਲ੍ਹ ਚੁਕੀ ਹੈ, ਹੁਣ ਗਿਣਵੇਂ ਸ੍ਵਾਸ ਰਹਿ ਗਏ ਹਨ। ਜੋ ਕੁਝ ਕਹਿਣਾ ਹੈ ਥੋੜ੍ਹੇ ਸਮੇਂ ਲਈ ਕਹਿ ਸਕਦਾ ਹੈਂ ਕਿਉਂਕਿ ਹੁਣ ਤੇਰਾ ਅੰਤ ਸਮਾਂ ਆ ਗਿਆ। ਉਸ ਵੇਲੇ ਸਿਕੰਦਰ ਬਹੁਤ ਰੋਇਆ ਕਿ ਮੈਂ ਕਿੰਨਾਂ ਬੇਖਬਰ ਰਿਹਾ ਕਿ ਪ੍ਰਮਾਤਮਾ ਦੇ ਦਿਤੇ ਹੋਏ ਸ੍ਵਾਸਾਂ ਦੀ ਕੀਮਤ ਨਾ ਪਾ ਸਕਿਆ, ਮੇਰੇ ਉਪਰ ਕਿੱਡੀ ਦਇਆ ਕੀਤੀ ਸੀ ਕਿ ਇਕ ਸ੍ਵਾਸ ਤਿੰਨਾਂ ਲੋਕਾਂ ਦੇ ਰਾਜ ਤੋਂ ਵੀ ਕੀਮਤੀ ਹੈ। ਚੰਗਾ! ਤੁਸੀਂ ਦੁਨੀਆਂ ਨੂੰ ਦੱਸ ਦੇਣਾ ਕਿ ਸ੍ਵਾਸ ਦੀ ਕੀਮਤ ਕਿੰਨੀ ਹੈ।

ਸੋ ਇਸ ਤਰ੍ਹਾਂ ਅਸੀਂ ਮਾਇਆ ਦੇ ਮੋਹ ਵਿਚ ਪਏ ਹੋਏ ਆਪਣੇ ਸ੍ਵਾਸ ਬਿਰਥੇ ਗੁਆ ਲੈਂਦੇ ਹਾਂ। ਇਕ ਸਵਸਥ ਬੰਦੇ ਨੂੰ ਇਕ ਘੰਟੇ ਵਿਚ 24000 ਸ੍ਵਾਸ ਆਉਂਦੇ ਹਨ ਜੋ ਉਸਦੀ ਕ੍ਰਿਆ ਨਾਲ ਘਟਦੇ ਜਾਂ ਵਧਦੇ ਵੀ ਹਨ। ਨਾਮ ਜਪਣ ਵਾਲੇ ਨੂੰ ਇਕ ਮਿੰਟ ਵਿਚ ਪੰਜ ਜਾਂ ਛੇ ਸ੍ਵਾਸ ਆਇਆ ਕਰਦੇ ਹਨ। ਟਿਕ ਕੇ ਬੈਠੇ ਹੋਏ ਨੂੰ 12 ਸ੍ਵਾਸ ਆਉਂਦੇ ਹਨ। ਸੁੱਤੇ ਪਏ ਨੂੰ 24 ਸ੍ਵਾਸ ਇਕ ਮਿੰਟ ਵਿਚ ਆਉਂਦੇ ਹਨ। ਭੋਗ ਵਿਚ ਤੇ ਮੈਥੁਨ ਵਿਚ ਪ੍ਰਵਿਰਤ ਨੂੰ 64 ਸ੍ਵਾਸ ਆਇਆ ਕਰਦੇ ਹਨ। ਸੌ ਸਾਲ ਦੀ ਜੇ ਅਰੋਗ ਉਮਰ ਹੋਵੇ ਤਾਂ 88 ਕਰੋੜ 66 ਲੱਖ ਸ੍ਵਾਸ ਸਾਰੀ ਉਮਰ ਵਿਚ ਆਉਂਦੇ ਹਨ। ਜੇ 75 ਸਾਲ ਦੀ ਉਮਰ ਹੈ ਤਾਂ 66 ਕਰੋੜ 44 ਲੱਖ ਸ੍ਵਾਸ ਆਇਆ ਕਰਦੇ ਹਨ। ਇਹ ਜੀਵ ਕਿੱਡੇ ਧੋਖੇ ਵਿਚ ਫਸਿਆ ਹੋਇਆ ਹੈ ਕਿ ਸਾਰੇ ਦੇ ਸਾਰੇ ਸ੍ਵਾਸ ਬਿਰਥੇ ਗੁਆ ਲੈਂਦਾ ਹੈ ਉਸਦਾ ਜੀਵਨ ਕਿਸੇ ਵੀ ਕੰਮ ਨਹੀਂ ਆਉਂਦਾ ਜਿਵੇਂ ਕਿਸੇ ਮਹਾਂਪੁਰਸ਼ ਨੇ ਫੁਰਮਾਇਆ ਹੈ -

*ਉਮਰ ਉਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ*
*ਪੈਂਦੀ ਮੁਜਰੇ,*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ*
*ਸੰਝ ਤੇ ਫਜ਼ਰੇ।*

ਸੋ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਪਿਆਰਿਆ! ਤੇਰੀ ਸਮਝ ਵਿਚ ਕੁਝ ਵੀ ਨਹੀਂ ਆਉਂਦਾ।

*ਪੁਤ੍ਰ ਕਲਤ੍ਰ ਨ ਸੰਗਿ ਧਨਾ*
*ਹਰਿ ਅਵਿਨਾਸੀ ਓਹੁ ॥*
*ਪਲਚਿ ਪਲਚਿ ਸਗਲੀ ਮੁਈ*
*ਝੂਠੈ ਧੰਧੈ ਮੋਹੁ ॥ ਅੰਗ - ੧੩੩*

ਉਸ ਅਬਿਨਾਸੀ ਨੇ ਤੇਰੇ ਨਾਲ ਸਹਾਇਤਾ ਕਰਨੀ ਹੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੇ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥*
*ਅੰਗ - ੨੬੪*

ਸਾਰਾ ਸੰਸਾਰ ਫਸ-ਫਸ ਕੇ ਮਰ ਰਿਹਾ ਹੈ। ਬਾਕੀ ਜਿਨ੍ਹਾਂ ਕਰਮਾਂ ਧਰਮਾਂ ਦੇ ਵਿਚ ਆਦਮੀ ਫਸ ਕੇ ਆਪਣਾ ਜੀਵਨ ਲੰਘਾ ਦਿੰਦਾ ਹੈ ਉਸ ਬਾਰੇ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਜਦੋਂ ਉਹ ਪ੍ਰਲੋਕ ਨੂੰ ਜਾਂਦਾ ਹੈ ਤਾਂ ਜਿਵੇਂ ਇਥੇ ਸੜਕਾਂ ਤੇ ਟੋਲ ਟੈਕਸ ਆਉਂਦੇ ਹਨ ਇਸੇ ਤਰ੍ਹਾਂ

ਦਰਗਾਹ ਵਿਚ ਥਾਂ-ਥਾਂ ਤੇ ਲੰਘਾਉਣ ਵਾਲੇ, ਜਿਵੇਂ ਏਥੇ ਸੜਕ ਤੇ ਜਾਣ ਵਾਲਿਆਂ ਤੋਂ ਪੈਸੇ ਲੈਂਦੇ ਹਨ ਇਸੇ ਤਰ੍ਹਾਂ ਉਥੇ ਸ਼ੁਭ ਕਰਮ ਲੈ ਲਿਆ ਜਾਂਦਾ ਹੈ ਕਿਉਂਕਿ ਹਨ੍ਹੇਰੇ ਵਿਚ ਜੀਵ ਠੋਕਰਾਂ ਖਾਂਦਾ ਹੈ ਉਥੇ ਕੀਤਾ ਹੋਇਆ ਪੁੰਨ ਕਰਮ ਦੇ ਕੇ, ਜੀਵ ਲੰਘਦਾ ਹੈ ਉਸਨੂੰ ਥੋੜ੍ਹੇ ਸਮੇਂ ਲਈ ਪ੍ਰਕਾਸ਼ ਮਿਲ ਜਾਂਦਾ ਹੈ -

***ਕਰਮ ਧਰਮ ਪਾਖੰਡ ਜੋ ਦੀਸਹਿ***
***ਤਿਨ ਜਮੁ ਜਾਗਾਤੀ ਲੂਟੈ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ॥ ਅੰਗ - ੭੪੭***

ਸੋ ਫੁਰਮਾਨ ਹੈ -

***ਇਕਸੁ ਹਰਿ ਕੇ ਨਾਮ ਬਿਨੁ***
***ਅਗੈ ਲਈਅਹਿ ਖੋਹਿ॥ ਅੰਗ - ੧੩੩***

ਕਰਮ ਧਰਮ ਖੋਹ ਲਏ ਜਾਂਦੇ ਹਨ, ਜਮ ਜਾਗਾਤੀ ਲੁਟ ਲੈਂਦੇ ਹਨ। ਸੋ ਇਸ ਕਰਕੇ ਵਾਹਿਗੁਰੂ ਤੋਂ ਬਿਨਾਂ ਇਸਦਾ ਰਾਖਾ ਹੋਰ ਕੋਈ ਨਹੀਂ, ਉਸਨੂੰ ਭੁੱਲ ਕੇ ਵਿਗੋਚਾ ਆਉਂਦਾ ਹੈ, ਖੁਆਰ ਹੁੰਦਾ ਹੈ। ਪਰ ਮਹਾਂਪੁਰਸ਼ ਇਸਨੂੰ ਉਚੀ-ਉਚੀ ਬੋਲ ਕੇ ਦਸਦੇ ਹਨ ਅਤੇ ਅਨੇਕਾਂ ਤਰੀਕਿਆਂ ਨਾਲ ਸਮਝਾਉਂਦੇ ਹਨ ਪਰ ਇਹ ਕੰਨਾਂ ਤੋਂ ਪੂਰੀ ਤਰ੍ਹਾਂ ਬੋਲ੍ਹਾ ਹੈ, ਸਤਿ ਸ਼ਬਦ ਨੂੰ ਨਹੀਂ ਸੁਣਦਾ-

***ਮਾਇਆਧਾਰੀ ਅਤਿ ਅੰਨਾ ਬੋਲਾ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ॥***
***ਅੰਗ - ੩੧੩***

ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ ਕਿ ਇਸ ਜੀਵ ਨੂੰ ਚਾਰੇ ਵੇਦ, ਛੇਈ ਸਾਸ਼ਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਗੀਤਾ, ਕੁਰਾਨ ਸ਼ਰੀਫ, ਬਾਈਬਲ, ਤੌਰੇਤ, ਅੰਜੀਲ, ਜੰਬੂਰ, ਬਾਈਬਲ ਆਦਿ ਅਨੇਕਾਂ ਗ੍ਰੰਥ ਸਮੇਤ ਗੁਰੂ ਗ੍ਰੰਥ ਸਾਹਿਬ ਜੀ ਦੇ ਅਤੇ ਅਨੇਕਾਂ ਮਹਾਤਮਾ ਉਪਦੇਸ਼ ਦਿੰਦੇ ਹਨ ਕਿ ਐ ਬੰਦੇ! ਤੈਨੂੰ ਮਨੁਖਾ ਜਨਮ ਬਹੁਤ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ ਤੂੰ ਇਸਨੂੰ ਬਿਰਥਾ ਨਾ ਗੁਆ; ਪੁਕਾਰ-ਪੁਕਾਰ ਕੇ ਕਹਿੰਦੇ ਹਨ -

***ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥***
***ਘਟ ਭੀਤਰਿ ਤੂ ਦੇਖੁ ਬਿਚਾਰਿ॥***
***ਕਹਤ ਕਬੀਰੁ ਜੀਤਿ ਕੈ ਹਾਰਿ॥***
***ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ॥***
***ਅੰਗ - ੧੧੫੯***

ਅਤੇ ਬਹੁਤ ਵਿਸਥਾਰ ਨਾਲ ਸਮਝਾਉਂਦੇ ਹਨ -

***ਜਬ ਲਗੁ ਜਰਾ ਰੋਗੁ ਨਹੀ ਆਇਆ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ।।***
***ਜਬ ਲਗੁ ਬਿਕਲ ਭਈ ਨਹੀ ਬਾਨੀ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ॥***
***ਅਬ ਨ ਭਜਸਿ ਭਜਸਿ ਕਬ ਭਾਈ॥***
***ਆਵੈ ਅੰਤੁ ਨ ਭਜਿਆ ਜਾਈ॥***
***ਜੋ ਕਿਛੁ ਕਰਹਿ ਸੋਈ ਅਬ ਸਾਰੁ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ॥***
***ਅੰਗ - ੧੧੫੯***

ਸੋ ਇਸ ਤਰ੍ਹਾਂ ਨਾਲ ਸਮਝਾਉਣ ਦੇ ਬਾਵਜੂਦ ਇਹ ਜੀਵ ਮਾਇਆ ਦੇ ਜ਼ਹਿਰ ਭਰੇ ਡੰਗ ਨਾਲ ਮੂਰਛਤ ਹੋਇਆ ਹੋਇਆ ਸੁਣਦਾ ਹੀ ਨਹੀਂ, ਧਿਆਨ ਨਹੀਂ ਦਿੰਦਾ, ਉਸ ਸਮੇਂ ਤਕ ਜਦੋਂ ਤਕ ਕਾਲ ਆ ਕੇ ਇਸਦੀ ਗਰਦਨ ਨਹੀਂ ਮਰੋੜ ਦਿੰਦਾ। ਫਿਰ ਇਹ ਪਛਤਾਉਂਦਾ ਹੈ, ਛਟਪਟਾਉਂਦਾ ਹੈ ਪਰ ਹੁਣ ਕੁਝ ਬਣ ਨਹੀਂ ਸਕਦਾ ਕਿਉਂਕਿ ਸਮਾਂ ਤਾਂ ਇਸਨੇ ਗੁਆ ਲਿਆ। ਮਹਾਂਪੁਰਸ਼ਾਂ ਦਾ ਕਹਿਣਾ ਨਹੀਂ ਮੰਨਿਆ। ਬਾਬਾ ਫਰੀਦ ਜੀ ਦਾ ਫੁਰਮਾਨ ਹੈ -

***ਫਰੀਦਾ ਕੂਕੇਦਿਆ ਚਾਂਗੇਦਿਆ***
***ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ***
***ਸੇ ਕਿਤ ਫੇਰਹਿ ਚਿਤ॥ ਅੰਗ - ੧੩੭੮***

ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

***ਇਕਸੁ ਹਰਿ ਕੇ ਨਾਮ ਬਿਨੁ***
***ਅਗੈ ਲਈਅਹਿ ਖੋਹਿ॥ ਅੰਗ - ੧੩੩***

ਵਾਹਿਗੁਰੂ ਨੂੰ ਵਿਸਾਰ ਕੇ ਖੁਆਰ ਹੀ ਹੋਇਆ ਕਰਦਾ ਹੈ ਕਿਉਂਕਿ ਉਸ ਤੋਂ ਬਗੈਰ ਕੋਈ ਵੀ ਸਹਾਇਤਾ ਨਹੀਂ ਕਰ ਸਕਦਾ। ਉਸਨੇ ਗੁਰੂ ਦੀ ਕ੍ਰਿਪਾ, ਗੁਰੂ ਦੀ ਅਗਵਾਈ (guidance) ਰਾਹੀਂ ਆਪਣੇ ਅੰਦਰ ਖੋਜ ਕੇ ਹਉਮੈ ਦੀ ਮੈਲ ਦੂਰ ਕਰਕੇ, ਆਤਮਾ ਪ੍ਰਮਾਤਮਾ ਨੂੰ ਇਕ ਕਰਕੇ ਦੇਖਣਾ ਹੈ ਅਤੇ ਉਸ ਨਾਲ ਪੂਰੀ ਤਰ੍ਹਾਂ ਅਭੇਦ ਹੋਣਾ ਹੈ ਕਿਉਂਕਿ ਇਹ ਮਾਨਸ ਜਨਮ ਦੀ ਵਾਰੀ ਅਸਾਨੂੰ ਇਸ ਕਰਕੇ ਹੀ ਪ੍ਰਾਪਤ ਹੋਈ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥***
***ਅੰਗ - ੧੨***

ਸੋ ਇਸ ਕਰਕੇ -

***ਦਯੁ ਵਿਸਾਰਿ ਵਿਗੁਚਣਾ***
***ਪ੍ਰਭ ਬਿਨੁ ਅਵਰੁ ਨ ਕੋਇ॥ ਅੰਗ-੧੩੪***

ਅੱਗੇ ਜਾ ਕੇ ਤਾਂ ਉਨ੍ਹਾਂ ਨੂੰ ਹੀ ਧੰਨ-ਧੰਨ ਆਖ ਕੇ ਸੋਭਾ ਪ੍ਰਾਪਤ ਹੋਵੇਗੀ, ਜਿਨ੍ਹਾਂ ਨੇ ਇਸ ਸਰੀਰ ਦੇ ਹੁੰਦਿਆਂ ਪੂਰੇ ਸਮਰਥ ਗੁਰੂ ਦੀ ਸ਼ਰਨ ਵਿਚ ਆ ਕੇ ਸ਼ਬਦ ਦੀ ਕਮਾਈ ਕਰਕੇ ਆਪਣੇ ਅੰਦਰਲੇ ਹਨ੍ਹੇਰੇ ਵਿਚ ਸ਼ਬਦ ਦੀ ਜੋਤ ਜਗਾਈ ਹੈ। ਉਨ੍ਹਾਂ ਬਾਰੇ ਫ਼ੁਰਮਾਨ ਹੈ-

*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*

***ਅੰਗ - ੨੮੩***

ਪਰ ਇਸ ਉਪਦੇਸ਼ ਨੂੰ ਬਹੁਤ ਹੀ ਘੱਟ ਬੰਦੇ ਸੁਣਦੇ ਹਨ, ਬਾਕੀ ਆਪਣੀ ਮੂੜ੍ਹ ਮਤ ਦੇ ਅੱਗੇ ਝੁਕੇ ਹੋਏ ਹੋਣ ਕਰਕੇ ਸਤਿ ਉਪਦੇਸ਼ ਨੂੰ ਨਹੀਂ ਸੁਣਦੇ। ਵਿਚਾਰ ਦੇ ਨੇਤਰਾਂ ਤੋਂ ਸੁੰਨ ਹੋਏ ਹੋਏ ਅੰਨ੍ਹੇ ਰਹਿੰਦੇ ਹਨ ਅਤੇ ਗੁਰੂ ਦਾ ਉਪਦੇਸ਼ ਸੁਣ ਕੇ ਹਿਰਦੇ ਵਿਚ ਨਹੀਂ ਵਸਾਉਂਦੇ। ਮਹਾਰਾਜ ਜੀ ਕਹਿੰਦੇ ਹਨ ਕਿ ਜੋ ਇਸ ਮਨੁੱਖਾ ਜਨਮ ਵਿਚ ਪ੍ਰਭੂ ਦੀ ਸ਼ਰਨ ਲੈ ਲੈਂਦਾ ਹੈ, ਉਸਦੀ ਸ਼ਰਨ ਵਿਚ ਆ ਕੇ ਉਸ ਨਾਲ ਜੁੜ ਜਾਂਦਾ ਹੈ, ਉਨ੍ਹਾਂ ਦੀ ਨਿਰਮਲ ਸੋਭਾ ਇਥੇ ਵੀ ਹੁੰਦੀ ਹੈ ਦਰਗਾਹ ਵਿਚ ਵੀ ਹੁੰਦੀ ਹੈ। ਗੁਰੂ ਮਹਾਰਾਜ ਜੀ ਦਾ ਫ਼ੁਰਮਾਨ ਹੈ -

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥*
*ਜਿਹ ਸਿਮਰਤ ਗਨਕਾ ਸੀ ਉਧਰੀ*
*ਤਾ ਕੋ ਜਸੁ ਉਰ ਧਾਰੋ॥* ***ਅੰਗ - ੬੩੨***

ਗਨਕਾ ਵਰਗੀ ਪਾਪਣ, ਪ੍ਰਭੂ ਦੀ ਸ਼ਰਨ ਵਿਚ ਆ ਕੇ ਉਸਦੇ ਨਾਮ ਵਿਚ ਲੀਨ ਹੋਈ। ਦੁਨੀਆਂ ਲਈ ਇਕ ਮਿਸਾਲ ਬਣ ਗਈ ਕਿ ਮਹਾਂ ਪਾਪੀ ਵੀ ਉਸਦੇ ਨਾਮ ਨਾਲ ਉਚੀ ਅਵਸਥਾ ਪ੍ਰਾਪਤ ਕਰ ਸਕਦਾ ਹੈ ਅਤੇ ਨਾਮ ਉਨ੍ਹਾਂ ਦੇ ਪਾਪਾਂ ਨੂੰ ਖਤਮ ਕਰਨ ਦੀ ਸ਼ਕਤੀ ਰਖਦਾ ਹੈ। ਭਾਈ ਗੁਰਦਾਸ ਜੀ ਫ਼ੁਰਮਾਨ ਕਰਦੇ ਹਨ -

*ਗਨਿਕਾ ਪਾਪਣ ਹੋਇਕੈ*
*ਪਾਪਾਂ ਦਾ ਗਲ ਹਾਰ ਪਰੋਤਾ॥*
*ਮਹਾਂ ਪੁਰਖ ਅਚਾਨਚਕ*
*ਗਨਿਕਾ ਵਾੜੇ ਆਇ ਖਲੋਤਾ॥*
*ਦੁਰਮਤਿ ਦੇਖ ਦਇਆਲ ਹੋਇ*
*ਹੱਥਹੁੰ ਉਸਨੋ ਦਿਤੋਸੁ ਤੋਤਾ॥*
*ਰਾਮ ਨਾਮ ਉਪਦੇਸ਼ ਕਰ*
*ਖੇਲ ਗਇਆ ਦੈ ਵਣਜ ਸਓਤਾ॥*
*ਲਿਵ ਲਾਗੀ ਤਿਸ ਤੋਤਿਅਹੁੰ*
*ਨਿਤ ਪੜ੍ਹਾਏ ਕਰੈ ਅਸੋਤਾ।।*
*ਪਤਿਤ ਉਧਾਰਣ ਰਾਮਨਾਮ*
*ਦੁਰਮਤਿ ਪਾਪ ਕਲੇਵਰ ਧੋਤਾ।।*
*ਅੰਤ ਕਾਲ ਜਮ ਜਾਲ ਤੋੜ*
*ਨਰਕੈ ਵਿਚ ਨ ਖਾਧੋਸੁ ਗੋਤਾ॥*
*ਗਈ ਬੈਕੁੰਠ ਬਿਬਾਣ ਚੜ੍ਹ*
*ਨਾਉ ਨਾਰਾਇਣ ਛੋਤ ਅਛੋਤਾ॥*
*ਥਾਉਂ ਨਿਥਾਵੈਂ ਮਾਣ ਮਾਣੋਤਾ॥*

***ਭਾਈ ਗੁਰਦਾਸ ਜੀ, ਵਾਰ 10/21***

ਸੋ ਇਸ ਵਾਸਤੇ ਵਾਹਿਗੁਰੂ ਦੀ ਚਰਨ ਸ਼ਰਨ ਆਉਣ ਵਾਲੇ ਦੀ ਇਥੇ ਵੀ ਸੋਭਾ ਹੁੰਦੀ ਹੈ ਅਤੇ ਦਰਗਾਹ ਵਿਚ ਵੀ ਸੋਭਾ ਹੁੰਦੀ ਹੈ ਅਤੇ ਉਸਨੂੰ -

*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥*

***ਅੰਗ - ੨੫੨***

ਅਤੇ ਉਹ ਗੁਰੂ ਦੀ ਕ੍ਰਿਪਾ ਨਾਲ ਜਮਾਂ ਦੀ ਮਾਰ ਤੋਂ ਬਚ ਜਾਂਦਾ ਹੈ ਕਿਉਂਕਿ ਗੁਰੂ ਨੇ ਉਸਨੂੰ ਆਪਣੇ ਪੱਲੇ ਲਾ ਕੇ ਨਾਮ ਦੀ ਬਖਸ਼ਿਸ਼ ਕੀਤੀ, ਉਸਨੇ ਕਮਾਈ ਕੀਤੀ ਜਿਸ ਬਾਰੇ ਫ਼ੁਰਮਾਨ ਹੈ -

*ਕਬੀਰ ਜਮ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ।।*
*ਏਕੁ ਜੁ ਸਾਧੂ ਮੋਹਿ ਮਿਲਿਓ*
*ਤਿਨਿ ਲੀਆ ਅੰਚਲਿ ਲਾਇ]*

***ਅੰਗ - ੧੩੬੮***

ਅੰਤ ਵਿਚ ਗੁਰੂ ਮਹਾਰਾਜ ਜੀ ਅਸਾਨੂੰ ਦਸਦੇ ਹਨ ਕਿ ਪਿਆਰਿਓ! ਵਾਹਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕਰੋ ਕਿ ਹੇ ਪ੍ਰਭੂ! ਮੇਰੇ ਵਿਚ ਤੈਨੂੰ ਮਿਲਣ ਦੀ ਸਮਰਥਾ ਨਹੀਂ ਹੈ। ਮੈਂ ਇਕ ਅਧਮ ਜੀਵ ਹਾਂ। ਮੈਂ ਮਾਇਆ ਦੇ ਜਾਲ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ ਹਾਂ। ਮੈਂ ਮਾਇਆ ਦੀ ਦਲਦਲ ਵਿਚੋਂ ਉਸ ਤਰ੍ਹਾਂ ਨਹੀਂ ਨਿਕਲ ਸਕਦਾ ਜਿਵੇਂ ਲੰਗੜਾ ਗਧਾ ਦਲਦਲ ਵਿਚ ਫਸਿਆ ਹੋਇਆ ਹੇਠਾਂ ਹੀ ਹੇਠਾਂ ਨਿਘਰਦਾ ਜਾਂਦਾ ਹੈ। ਤੁਸੀਂ ਮੈਨੂੰ ਆਪ ਹੀ ਪ੍ਰਤੱਖ ਹੋ ਕੇ ਇਸ ਮਾਇਆ ਦੀ ਦਲਦਲ ਵਿਚੋਂ ਕੱਢ ਲਵੋ ਤਾਂ ਕਿ ਮੈਂ ਉਸ ਅਨੰਦ ਮੰਡਲ ਵਿਚ ਪਹੁੰਚ ਜਾਵਾਂ ਜਿਸ ਬਾਰੇ ਆਪ ਨੇ ਫ਼ੁਰਮਾਨ ਕੀਤਾ ਹੈ-

*ਚੇਤ ਗੋਬਿੰਦੁ ਆਰਾਧੀਐ*
*ਹੋਵੈ ਅਨੰਦੁ ਘਣਾ॥* ***ਅੰਗ - ੧੩੩***

ਇਸ ਮਹੀਨੇ ਦੇ ਅਖੀਰ ਵਿਚ ਗੁਰੂ ਮਹਾਰਾਜ ਜੀ ਫ਼ੁਰਮਾਨ ਕਰਦੇ ਹਨ ਕਿ ਪਿਆਰਿਓ! ਨਿਸ਼ਚੇਪੂਰਵਕ ਅਸਾਡਾ ਬਚਨ ਮੰਨੋ ਕਿ ਪਹਿਲਾਂ ਤੁਹਾਨੂੰ ਸਮਰਥ ਗੁਰੂ ਮਿਲ ਜਾਵੇ ਅਤੇ ਉਹ ਤੁਹਾਨੂੰ ਵਾਹਿਗੁਰੂ ਜੀ ਨਾਲ ਮਿਲਾ ਦੇਵੇ। ਸੋ ਵਿਸਾਖ ਦਾ ਮਹੀਨਾ, ਤਾਂ ਸੁਹਾਵਾ ਲਗਦਾ ਹੈ -

*ਪ੍ਰੀਤਮ ਚਰਨੀ ਜੋ ਲਗੇ*
*ਤਿਨ ਕੀ ਨਿਰਮਲ ਸੋਇ॥*

*ਨਾਨਕ ਕੀ ਪ੍ਰਭ ਬੇਨਤੀ*
*ਪ੍ਰਭ ਮਿਲਹੁ ਪਰਾਪਤਿ ਹੋਇ॥ ਅੰਗ - ੧੩੪*

ਸੋ ਪਹਿਲੇ ਮਹੀਨੇ ਚੇਤ ਵਿਚ ਬੇਨਤੀ ਕੀਤੀ ਗਈ ਸੀ ਕਿ ਹੇ ਵਾਹਿਗੁਰੂ ਜੀ, ਜੋ ਮੈਨੂੰ ਤੇਰੇ ਨਾਲ ਮਿਲਾਪ ਕਰਾ ਦੇਵੇ ਮੈਂ ਉਸਦੇ ਚਰਨਾਂ ਦੀ ਧੂੜ ਬਣ ਜਾਵਾਂ ਕਿਉਂਕਿ ਮੇਰਾ ਮਨ ਤੇਰੇ ਦਰਸ਼ਨਾਂ ਨੂੰ ਲੋਚਦਾ ਹੈ। ਤੇਰੇ ਮਿਲਾਪ ਤੋਂ ਬਿਨਾਂ ਜੋ ਮੈਨੂੰ ਦੁਖ ਹੋ ਰਿਹਾ ਹੈ ਉਹ ਮੈਂ ਹੀ ਜਾਣਦਾ ਹਾਂ। ਤੇਰੇ ਪਿਆਰ ਤੋਂ ਬਿਨਾਂ ਮੇਰਾ ਜਨਮ ਬਿਰਥਾ ਹੈ। ਚੇਤ ਦੇ ਮਹੀਨੇ ਵਿਚ ਸੰਤਾਂ ਨੇ ਰਸਨਾ ਨਾਲ ਨਾਮ ਜਪਣ ਦੀ ਤਾਕੀਦ ਕੀਤੀ ਸੀ। ਹੁਣ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਤੁਸੀਂ ਆਪ ਮਦਦ ਕਰਕੇ ਆਪਣੇ ਚਰਨਾਂ ਦੇ ਨਾਲ ਲਾਵੋ। ਮੈਂ ਤੈਨੂੰ ਭੁੱਲ ਕੇ ਬੇਅੰਤ ਮਾਇਆ ਦੇ ਆਡੰਬਰਾਂ ਵਿਚ ਖਚਿਤ ਹੋਇਆ ਹੋਇਆ ਹਾਂ, ਮੈਨੂੰ ਇਸ ਗੱਲ ਦੀ ਸੋਝੀ ਗੁਰੂ ਦੁਆਰਾ ਹੋ ਗਈ ਹੈ। ਇਸ ਮਾਨਸ ਜਨਮ ਦੇ ਹੁੰਦਿਆਂ-ਹੁੰਦਿਆਂ ਜੇ ਮੈਂ ਆਪਣੇ ਅੰਦਰ ਤੈਨੂੰ ਨਾ ਵੇਖ ਸਕਿਆ ਤਾਂ ਮੈਂ ਬਾਜ਼ੀ ਜਿੱਤ ਕੇ ਹਾਰਿਆ ਹੋਇਆ ਪਤਾ ਨਹੀਂ ਕਿਹੜੀਆਂ-ਕਿਹੜੀਆਂ ਜੂਨਾਂ ਵਿਚ ਘੁਮੇਟਣੀਆਂ ਖਾਵਾਂਗਾ। ਤੇਰੀ ਰਹਿਮਤ ਦੀ ਲੋੜ ਹੈ। ਕ੍ਰਿਪਾ ਕਰ! ਮਿਲਾ ਆਪਣਾ ਕੋਈ ਪਿਆਰਾ। ਮੈਂ ਆਪਣਾ ਸਭ ਕੁਝ ਉਸ ਪਿਆਰੇ ਦੇ ਚਰਨਾਂ ਤੇ ਨਿਛਾਵਰ ਕਰ ਦੇਵਾਂਗਾ ਜਿਹੜਾ ਮੈਨੂੰ ਤੇਰੇ ਨਾਲ ਮਿਲਾ ਦੇਵੇ। ਮੇਰੀ ਅਰਦਾਸ ਹੈ, ਆਪ ਸਰਵਣ ਕਰੋ-

*ਹਉ ਬਲਿਹਾਰੀ ਤਿੰਨ ਕੰਉ*
*ਜੋ ਗੁਰਮੁਖਿ ਸਿਖਾ॥*
*ਜੋ ਹਰਿ ਨਾਮੁ ਧਿਆਇਦੇ*
*ਤਿਨ ਦਰਸਨੁ ਪਿਖਾ॥ ਅੰਗ - ੬੫੦*

ਕਿਉਂਕਿ ਉਨ੍ਹਾਂ ਦੀ ਸੰਗਤ ਕਰਕੇ ਮੇਰੀ ਯਾਦ ਵਿਚ ਤੂੰ ਵਸਦਾ ਹੈਂ -

*ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ*
*ਸੰਤ ਪ੍ਰਸਾਦਿ ਮੋਹਿ ਜਾਗੀ॥*
*ਸੁਨਿ ਉਪਦੇਸੁ ਭਏ ਮਨ ਨਿਰਮਲ*
*ਗੁਨ ਗਾਏ ਰੰਗਿ ਰਾਂਗੀ॥*
*ਇਹੁ ਮਨੁ ਦੇਇ ਕੀਏ ਸੰਤ ਮੀਤਾ*
*ਕ੍ਰਿਪਾਲ ਭਏ ਬਡਭਾਗੀ॥*
*ਮਹਾ ਸੁਖੁ ਪਾਇਆ ਬਰਨਿ ਨ ਸਾਕਉ*
*ਰੇਨੁ ਨਾਨਕ ਜਨ ਪਾਗੀ॥*
*ਅੰਗ - ੧੨੬੭*

ਹੇ ਪ੍ਰਭੂ! ਜੋ ਮੈਨੂੰ ਬੰਧਨਾਂ ਤੋਂ ਛੁਡਾ ਦੇਵੇ, ਤੇਰੇ ਨਾਮ ਦੀ ਕਥਾ ਸੁਣਾਵੇ, ਮੇਰੇ ਮਨ ਵਿਚ ਤੇਰਾ ਪਿਆਰ ਦ੍ਰਿੜ੍ਹ ਕਰਾ ਦੇਵੇ ਤੇ ਮੇਰਾ ਮਨ ਫੇਰ ਮਾਇਆ ਵਿਚ ਗੋਤੇ ਨਾ ਖਾਵੇ, ਮੈਨੂੰ ਐਸਾ ਪਿਆਰਾ ਮਿਲਾ ਦੇ। ਜੋ ਕੁਝ ਮੇਰੇ ਕੋਲ ਹੈ ਮੈਂ ਉਸਦੇ ਚਰਨਾਂ ਤੇ ਅਰਪ ਦੇਵਾਂਗਾ -

*ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ*
*ਹਰਿ ਹਰਿ ਨਾਮੁ ਸੁਨਾਵੈ॥*
*ਅਸਥਿਰੁ ਕਰੇ ਨਿਹਚਲੁ ਇਹੁ ਮਨੂਆ*
*ਬਹੁਰਿ ਨ ਕਤਹੂ ਧਾਵੈ॥*
*ਹੈ ਕੋਊ ਐਸੋ ਹਮਰਾ ਮੀਤੁ।।*
*ਸਗਲ ਸਮਗ੍ਰੀ ਜੀਉ ਹੀਉ*
*ਦੇਉ ਅਰਪਉ ਅਪਨੋ ਚੀਤੁ॥ ਅੰਗ - ੬੭੪*

*ਤਨ ਮਨ ਧਨ ਅਰਪਓ*
*ਤਿਸੈ ਪ੍ਰਭੂ ਮਿਲਾਵੈ ਮੋਹਿ॥*
*ਨਾਨਕ ਭ੍ਰਮ ਭਉ ਕਟੀਐ*
*ਚੂਕੈ ਜਮ ਕੀ ਜੋਹ॥ ਅੰਗ - ੨੫੬*

ਹੇ ਪ੍ਰਭੂ! ਹੁਣ ਮੇਰੇ ਮਿਤਰ ਓਹੀ ਹਨ ਜਿਹੜੇ ਮੈਨੂੰ ਤੇਰੇ ਨਾਲ ਜੋੜਦੇ ਹਨ। ਤੋੜਨ ਵਾਲਿਆਂ ਤੋਂ ਵੀ ਤੂੰ ਮੈਨੂੰ ਆਪ ਹੀ ਬਚਾ ਲੈਂਦਾ ਹੈਂ। ਹੁਣ ਮੈਨੂੰ ਪੁਤ੍ਰ-ਕਲਤ੍ਰ, ਧਨ ਓਪਰੇ ਲਗ ਰਹੇ ਹਨ ਅਤੇ ਤੇਰਾ ਪਿਆਰ ਹੀ ਮੇਰੇ ਹਿਰਦੇ ਵਿਚ ਸਮਾਇਆ ਹੋਇਆ ਹੈ। ਮੈਂ ਉਨ੍ਹਾਂ ਮਿਤਰਾਂ ਨੂੰ ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਤੇਰਾ ਨਾਮ ਚਿਤ ਆ ਜਾਵੇ ਅਤੇ ਖੋਟੀ ਮਤ ਦੂਰ ਹੋ ਜਾਵੇ, ਸੰਸਾਰ ਵਿਚ ਭਾਲ ਰਿਹਾ ਹਾਂ। ਪਰ ਮੈਂ ਵੇਖਿਆ ਹੈ ਭੇਖਾਂ ਵਾਲੇ ਬਹੁਤ ਹਨ, ਜਿਨ੍ਹਾਂ ਦੇ ਵੱਡੇ-ਵੱਡੇ ਆਸ਼ਰਮ ਹਨ, ਬਹੁਤ ਵੱਡੇ-ਵੱਡੇ ਨਾਮ ਹਨ, ਲੋਕਾਂ ਤੋਂ ਸਤਿਕਾਰ ਪ੍ਰਾਪਤ ਕਰਨ ਲਈ ਬੇਅੰਤ ਕਿਸਮ ਦੇ ਹਰਬੇ ਵਰਤਦੇ ਹਨ। ਅਖਬਾਰਾਂ ਵਿਚ, ਟੈਲੀਵੀਜ਼ਨਾਂ ਵਿਚ ਉਨ੍ਹਾਂ ਦੀ ਜੈ-ਜੈਕਾਰ ਹੁੰਦੀ ਹੈ। ਇਕ ਦੂਜੇ ਨਾਲ ਮਿਲ ਕੇ ਇਕ ਦੂਜੇ ਨੂੰ ਉਚਾ ਚੁਕਣ ਦਾ ਜਤਨ ਕਰਦੇ ਹਨ ਵੱਡੇ-ਵੱਡੇ ਐਵਾਰਡ ਪ੍ਰਾਪਤ ਕਰਦੇ ਹਨ, ਦੁਨੀਆਂ ਉਸਤਤਿ ਕਰਦੀ ਨਹੀਂ ਥਕਦੀ, ਪਰ ਮੈਂ ਹੈਰਾਨ ਹਾਂ ਕਿ ਤੇਰਾ ਪਿਆਰਾ ਤਾਂ ਕੋਈ ਵੀ ਨਹੀਂ ਹੈ। ਇਹ ਭੇਖਧਾਰੀ ਵੀ ਬੜੇ ਅਡੰਬਰਾਂ ਵਿਚ ਧਨ ਪ੍ਰਾਪਤੀ ਲਈ ਫਸੇ ਹੋਏ ਹਨ। ਮੇਲ ਉਨ੍ਹਾਂ ਪਿਆਰਿਆਂ ਨੂੰ ਜਿਨ੍ਹਾਂ ਦੇ ਦਰਸ਼ਨ ਕਰਦੇ ਸਾਰ ਮੇਰੀ ਖੋਟੀ ਮਤ ਦੂਰ ਹੋ ਜਾਵੇ ਤੇ ਮੇਰੇ ਅੰਦਰੋਂ ਨਾਮ ਦੀ ਫੁਹਾਰ, ਫੁਹਾਰੇ ਵਾਂਗੂੰ ਫੁਹਾਰਾਂ ਪਾਵੇ। ਇਹ ਮੇਰੀ ਬੇਨਤੀ ਜ਼ਰੂਰ ਹੀ ਮਨਜ਼ੂਰ ਕਰ ਲਵੋ -

*ਜਿਨਾ ਦਿਸੰਦੜਿਆ ਦੁਰਮਤਿ ਵੰਞੈ*
*ਮਿਤ੍ਰ ਅਸਾਡੜੇ ਸੇਈ॥*
*ਹਉ ਢੂਢੇਦੀ ਜਗੁ ਸਬਾਇਆ*
*ਜਨ ਨਾਨਕ ਵਿਰਲੇ ਕੇਈ।। ਅੰਗ - ੫੨੦*

# ਵਿਸਾਖੀ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*
*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*
*ਧਾਰਨਾ - ਚਕ੍ਰ ਚਿਹਨ ਬਰਨ ਰੂਪ ਤੇਰਾ,*
*ਲਖਿਆ ਨਾ ਜਾਏ ਮਾਲਕਾ।*
*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ*
*ਨੇਤ ਨੇਤ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ ਕਵਨ*
*ਕਰਮ ਨਾਮ ਬਰਣਤ ਸੁਮਤਿ॥ ਜਾਪੁ ਸਾਹਿਬ*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ।ਚਿੱਤ ਬਿਰਤੀਆਂ ਨੂੰ ਇਕਾਗਰ ਕਰੋ। ਸ਼ੁੱਭ ਦਿਹਾੜਾ ਵਿਸਾਖੀ ਦਾ ਹੈ ਜਿਸਨੂੰ ਖਾਲਸੇ ਪੰਥ ਦਾ ਪ੍ਰਕਾਸ਼ ਉਤਸਵ ਆਖਿਆ ਜਾਂਦਾ ਹੈ। ਸਾਰੀ ਦੁਨੀਆਂ ਆਪਣੇ-ਆਪਣੇ ਜਨਮ ਦਿਨ ਮਨਾਉਂਦੀ ਹੈ, ਬਹੁਤ ਧੂਮਧਾਮ ਨਾਲ ਮਨਾਉਂਦੇ ਨੇ, ਹਜ਼ਾਰਾਂ ਰੁਪਏ ਖਰਚ ਦਿੰਦੇ ਨੇ। ਰਿਸ਼ਤੇਦਾਰਾਂ ਨੂੰ ਬੁਲਾਉਂਦੇ ਨੇ, ਸ਼ੁਭ-ਚਿੰਤਕ, ਤੋਹਫੇ ਲੈ ਕੇ ਆਉਂਦੇ ਨੇ। ਬਹੁਤ ਖੁਸ਼ੀਆਂ ਕੀਤੀਆਂ ਜਾਂਦੀਆਂ ਨੇ। ਪ੍ਰੋਗਰਾਮ ਬਣਾਏ ਜਾਂਦੇ ਨੇ। ਵੱਡੇ-ਵੱਡੇ ਆਦਮੀ ਲੱਖਾਂ ਰੁਪਏ ਖਰਚ ਕਰ ਦਿੰਦੇ ਨੇ। ਇਸ ਤਰ੍ਹਾਂ ਦੇ ਨਾਲ ਇਕ ਕੌਮ ਦਾ ਜਨਮ ਦਿਨ ਜਿਸ ਨੂੰ ਆਖਦੇ ਨੇ, ਜਿਸ ਦਿਨ ਤੋਂ ਖਾਲਸਾ ਪੰਥ ਪ੍ਰਗਟ ਹੋਇਆ ਹੈ, ਉਹ ਅੱਜ ਦਾ ਦਿਨ ਸੀ। ਜੋ ਖਾਲਸੇ ਦਾ ਜਨਮ ਦਿਨ ਹੈ ਉਸ ਨੂੰ 311 (ਹੁਣ 325 ਸਾਲ) ਸਾਲ ਹੋ ਗਏ। ਅੱਜ ਦਾ ਦਿਨ ਜੋ ਹੈ ਇਤਿਹਾਸ ਦੇ ਪੰਨਿਆਂ ਦੇ ਉੱਤੇ ਬੜੀ ਮਹੱਤਤਾ ਵਾਲਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਧਿਆਨ ਧਰ ਕੇ ਦੇਖਿਆ, ਕੀ ਦੇਖਦੇ ਨੇ ਕਿ ਸਾਰੀ ਪ੍ਰਿਥਵੀ ਦੇ ਵਿੱਚ ਹਨ੍ਹੇਰ ਮਚਿਆ ਪਿਆ ਹੈ। ਕਿਤੇ ਚਾਨਣੇ ਦੀ ਲਿਸ਼ਕ ਨਹੀਂ ਦਿੱਸ ਰਹੀ। ਅੰਧੇਰਾ ਹੀ ਅੰਧੇਰਾ ਛਾਇਆ ਪਿਆ ਹੈ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥ ਅੰਗ - ੧੪੫*

ਧਰਮ ਨਾਮ ਦੀ ਚੀਜ਼ ਸੰਸਾਰ 'ਚੋਂ ਚਲੀ ਗਈ।

*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫*

ਸੱਚ ਦਾ ਚੰਦਰਮਾ ਝੂਠ ਦੀ ਮੱਸਿਆ ਨੇ ਛੁਪਾ ਲਿਆ।

*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥ ਅੰਗ - ੧੪੫*

ਅੱਜ ਦੇ ਦਿਨ ਗੁਰੂ ਨਾਨਕ ਪਾਤਸ਼ਾਹ ਨੇ ਸਾਰੇ ਕਾਰੋਬਾਰ ਛੱਡਦੇ ਹੋਏ, ਬਾਲ-ਬੱਚਿਆਂ ਦੀ ਪ੍ਰਵਾਹ ਨਾ ਕਰਦੇ ਹੋਏ, ਮਾਂ-ਬਾਪ ਦੀ ਪਰਵਾਹ ਨਾ ਕਰਦੇ ਹੋਏ, ਦੁਖੀ ਸੰਸਾਰ ਨੂੰ ਸੁੱਖ ਦੇਣ ਵਾਸਤੇ ਪਹਿਲਾ ਕਦਮ ਸੁਲਤਾਨਪੁਰ ਤੋਂ ਪੁੱਟਿਆ। ਮਰਦਾਨਾ ਕਹਿੰਦਾ ਹੈ ਮਹਾਰਾਜ! ਕਿੱਥੇ ਜਾ ਰਹੇ ਓਂ। ਭਾਈ ਬਾਲਾ ਰਜ਼ਾ ਵਿੱਚ ਰਾਜ਼ੀ ਹੈ। ਮਹਾਰਾਜ ਕਹਿੰਦੇ, ਮਰਦਾਨਿਆਂ! ਹੁਣ ਬੈਠਣ ਦੀ ਥਾਂ ਨਹੀਂ ਹੈ, ਹੁਣ ਚੱਲੀਏ। ਸੰਸਾਰ ਬਹੁਤ ਦੁਖੀ ਹੈ।

ਪਾਤਸ਼ਾਹ! ਕਿੱਥੇ ਜਾਓਂਗੇ?

ਆਪ ਨੇ ਕਿਹਾ ਕਿ ਜਿੱਥੇ ਨਿਰੰਕਾਰ ਲੈ ਜਾਏਗਾ। ਸੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸੁਲਤਾਨਪੁਰ ਤੋਂ ਅੱਜ ਦੇ ਦਿਨ ਚੜ੍ਹਾਈ ਆਰੰਭ ਕਰੀ ਸੰਸਾਰ ਦੇ ਉਧਾਰ ਵਾਸਤੇ। ਜਿਵੇਂ ਫੌਜਾਂ ਚੜ੍ਹਾਈ ਕਰਦੀਆਂ ਨੇ, ਐਉਂ ਧਰਤ ਲੁਕਾਈ ਨੂੰ ਸੋਧਣ ਵਾਸਤੇ ਗੁਰੂ ਨਾਨਕ ਨੇ ਅੱਜ ਦੇ ਦਿਨ ਚੜ੍ਹਾਈ ਕਰੀ। ਦੋਹਾਂ ਬੱਚਿਆਂ ਨੇ ਗੁਰੂ ਮਹਾਰਾਜ ਦੀ ਇੱਕ-ਇੱਕ ਲੱਤ ਦੇ ਨਾਲ, ਜੱਫੀ ਪਾਈ ਹੋਈ ਹੈ। ਪਤਾ ਹੈ ਉਨ੍ਹਾਂ ਨੂੰ ਕਿ ਹੁਣ ਚਲੇ ਜਾਣਾ ਹੈ। ਮਾਤਾ ਜੀ ਹੱਥ ਬੰਨ੍ਹੀ ਖੜ੍ਹੇ ਨੇ ਕਿ ਅਸਾਡਾ ਵੀ ਕੁਝ ਬਣੇਂਗਾ? ਇਹ ਤਾਂ ਮਾਸੂਮ ਨੇ, ਕਿੱਡਾ ਵੱਡਾ ਕਾਰੋਬਾਰ ਤੁਸੀਂ ਛੱਡ ਰਹੇ ਓਂ। ਗੁਰੂ ਨਾਨਕ ਦੇ ਕੋਲ ਮੋਦੀ ਦਾ ਅਹੁਦਾ ਸੀਗਾ। ਮੋਦੀ ਉਸ ਵੇਲੇ

ਵਜ਼ੀਰ ਹੋਇਆ ਕਰਦਾ ਸੀ ਉਨ੍ਹਾਂ ਦਿਨਾਂ 'ਚ। ਅੱਠਵਾਂ ਵਜ਼ੀਰ ਸੀ ਇਹ ਜਿਹਦੇ ਕੋਲ ਸਾਰੀ ਸਪਲਾਈ ਹੋਇਆ ਕਰਦੀ ਸੀ। ਗਰੀਬ-ਗੁਰਬਿਆਂ ਨੂੰ ਸੰਭਾਲਣਾ, ਲੋੜਵੰਦਾਂ ਨੂੰ ਦੇਣਾ। ਸਾਰਾ ਕੁਛ ਛੱਡ ਕੇ ਆਪ ਬੱਚਿਆਂ ਨੂੰ ਰੋਂਦਿਆਂ ਨੂੰ, ਮਾਤਾ ਜੀ ਨੂੰ ਸਿਸਕੀਆਂ ਲੈਂਦਿਆਂ ਨੂੰ ਛੱਡ ਕੇ ਆਪ ਸੰਸਾਰ ਦੇ ਉਧਾਰ ਵਾਸਤੇ ਚੱਲੇ ਤੇ ਅੱਜ ਦਾ ਹੀ ਦਿਨ ਮਹੱਤਤਾ ਰਖਦਾ ਹੈ। ਗੋਇੰਦਵਾਲ ਸਾਹਿਬ ਬਉਲੀ ਸਾਹਿਬ ਦਾ ਕੜ ਨਹੀਂ ਸੀ ਟੁੱਟਦਾ। ਬਹੁਤ ਯਤਨ ਕੀਤਾ, ਲੇਕਿਨ ਉਹ ਟੁੱਟਦਾ ਨਹੀਂ ਸੀ, ਐਡਾ ਸਖਤ ਪੱਥਰ ਆਇਆ ਹੋਇਆ ਸੀ, ਅੱਜ ਦੇ ਦਿਨ ਉਹ ਕੜ ਟੁੱਟਿਆ। ਇਸੇ ਤਰ੍ਹਾਂ ਦੇ ਨਾਲ ਅੱਜ ਦਾ ਦਿਨ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਦੇ ਬਾਰੇ ਸ਼ੱਕ ਸੀ ਸਾਰਿਆਂ ਦੇ ਮਨਾਂ 'ਚ, ਪੂਰੀ ਤਰ੍ਹਾਂ ਪ੍ਰਗਟ ਨਹੀਂ ਸੀ ਹੋ ਰਿਹਾ, ਲੇਕਿਨ ਅੱਜ ਕੌਤਕ ਵਰਤਿਆ। ਪਿੰਗਲੇ ਦੀ ਖਾਰੀ ਲਿਆ ਕੇ ਕੰਢੇ 'ਤੇ ਰੱਖ ਦਿੱਤੀ। ਬੀਬੀ ਪ੍ਰਸ਼ਾਦਾ ਲਿਆਉਣ ਵਾਸਤੇ ਅਤੇ ਸੇਵਾ ਕਰਨ ਵਾਸਤੇ ਗੁਰੂ ਕੇ ਲੰਗਰਾਂ 'ਚ ਜਾਂਦੀ ਹੈ, ਉਹ ਕੀ ਦੇਖਦਾ ਹੈ ਕਿ ਕਾਉਂ ਆ ਕੇ ਚੁੱਭੀ ਮਾਰਦੇ ਨੇ ਤੇ ਚਿੱਟੇ ਹੋ ਕੇ ਨਿਕਲ ਜਾਂਦੇ ਨੇ। ਇਸਨੇ ਵੀ ਖਾਰੇ ਤੋਂ ਰਿੜ੍ਹ-ਰਿੜ੍ਹ ਕੇ, ਉਹਦੇ ਵਿੱਚ ਆ ਕੇ ਜਲ ਦੇ ਚੁੱਭੀ ਮਾਰੀ। ਨਵਾਂ ਨਰੋਆ ਹੋ ਗਿਆ ਤੇ ਅੰਮ੍ਰਿਤਸਰ ਸਾਹਿਬ ਦਾ ਜੋ ਪ੍ਰਮ ਪਵਿੱਤਰ ਤੀਰਥ ਹੈ ਅੱਜ ਦੇ ਦਿਨ ਪ੍ਰਗਟ ਹੋ ਗਿਆ। ਅੱਜ ਦੇ ਦਿਨ ਹੀ ਗੁਰੂ ਅੱਠਵੇਂ ਪਾਤਸ਼ਾਹ ਨੇ ਆਦੇਸ਼ ਦਿੱਤਾ, ਪਾਤਸ਼ਾਹ! ਕੀਹਦੇ ਲੜ ਲਾ ਕੇ ਜਾ ਰਹੇ ਓਂ, ਕਹਿਣ ਲੱਗੇ, ਬਾਬਾ ਬਕਾਲੇ। ਗੁਰੂ ਤੇਗ ਬਹਾਦਰ ਸਾਹਿਬ ਦੀ ਗੁਰਿਆਈ ਦਾ ਸੰਕੇਤ ਦਿੱਤਾ ਤੇ ਅੱਜ ਦੇ ਦਿਨ ਹੀ ਗੁਰੂ ਦਸ਼ਮੇਸ਼ ਪਿਤਾ ਨੇ ਇੱਕ ਆਦਰਸ਼ਕ ਮਨੁੱਖ ਪ੍ਰਗਟ ਕੀਤਾ। ਜੋ ਬਹੁਤ ਉੱਚਾ ਸੀ, ਜਿਸਦੀ ਪਦਵੀ ਖਾਲਸੇ ਦੀ ਪਦਵੀ ਹੋਈ, ਅੱਜ ਇਸ ਘਟਨਾ ਨੂੰ 311 (ਹੁਣ 325) ਸਾਲ ਪੂਰੇ ਹੋ ਚੁੱਕੇ ਨੇ ਤੇ ਅੱਜ ਦੇ ਦਿਨ ਸਾਲ ਸ਼ੁਰੂ ਹੋ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਨੇ 200 ਸੌ ਸਾਲ ਗੁਰੂ ਅੰਗਦ ਦੇ ਸਰੂਪ 'ਚ ਗੁਰੂ ਅਮਰਦਾਸ ਜੀ ਦੇ ਸਰੀਰ ਵਿੱਚ, ਗੁਰੂ ਰਾਮਦਾਸ ਜੀ ਦੇ ਸਰੂਪ ਵਿੱਚ, ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਤੇ ਗੁਰੂ ਹਰਿਕ੍ਰਿਸ਼ਨ ਮਹਾਰਾਜ, ਗੁਰੂ ਤੇਗ ਬਹਾਦਰ ਸਾਹਿਬ ਦੇ ਸਰੂਪਾਂ 'ਚੋਂ ਹੋ ਕੇ ਕੰਮ ਕੀਤਾ ਤੇ ਜੋ ਮਨੁੱਖ ਸਦੀਆਂ ਦਾ ਗੁਲਾਮ ਹੋਇਆ ਹੋਇਆ ਸੀ, ਪੰਜ ਹਜ਼ਾਰ ਸਾਲ ਕਲਜੁਗ ਨੂੰ ਹੋ ਚੁੱਕੇ ਸਨ ਤੇ ਬੰਦਾ ਐਨਾ ਨਿਮਾਣਾ ਤੇ ਨਿਤਾਣਾ ਹੀਣਾ ਹੋ ਚੁੱਕਿਆ ਸੀ ਕਿ ਓਸ ਨੂੰ ਪ੍ਰਮੇਸ਼ਰ ਦੀ ਸਮਝ ਬਿਲਕੁਲ ਭੁੱਲ ਗਈ, ਆਪਣਾ ਅਹਿਸਾਸ ਹੀ ਭੁੱਲ ਗਿਆ, ਕੋਈ ਪਤਾ ਨਹੀਂ ਰਿਹਾ ਕਿ ਮੇਰਾ ਨਿੱਜ ਦਾ ਧਰਮ ਕੀ ਹੈ। ਬੇਮੁੱਖ ਹੋ ਗਿਆ, ਹੀਣਤਾ ਆ ਗਈ, ਬਾਹਰਲੇ ਪ੍ਰਦੇਸੀਆਂ ਨੇ ਆ ਕੇ ਗੁਲਾਮ ਬਣਾ ਲਿਆ, ਧਰਮ ਦੀ ਮਨਾਹੀ ਕਰ ਦਿੱਤੀ ਗਈ, ਅਜ਼ਾਦੀ ਜਾਂਦੀ ਰਹੀ। ਨਾ ਧਾਰਮਿਕ ਅਜ਼ਾਦੀ, ਨਾ ਆਰਥਿਕ ਅਜ਼ਾਦੀ, ਨਾ ਸਮਾਜਿਕ ਅਜ਼ਾਦੀ; ਆਰਥਿਕ ਤੌਰ 'ਤੇ ਪਾਬੰਦੀਆ ਲਾ ਦਿੱਤੀਆਂ ਕਿ ਭਾਰਤ ਵਰਸ਼ ਦਾ ਜੋ ਹਿੰਦੂ ਵਰਗ ਹੈ, ਉਹ ਛੇ ਮਹੀਨੇ ਤੋਂ ਵੱਧ ਖਾਣ ਲਈ ਦਾਣੇ ਆਪਣੇ ਘਰ ਨਹੀਂ ਰੱਖ ਸਕਦਾ। ਬਾਕੀ ਸਰਕਾਰ ਚੁੱਕ ਲੈਂਦੀ ਸੀ। ਇਹ ਘੋੜੇ 'ਤੇ ਨਹੀਂ ਚੜ੍ਹ ਸਕਦਾ, ਖੱਚਰ 'ਤੇ ਚੜ੍ਹ ਸਕਦਾ ਹੈ, ਘੋੜਾ ਰੱਖਣਾ ਮਨ੍ਹਾ ਕਰ ਦਿੱਤਾ ਸੀ। ਇਹ ਦਸਤਾਰ ਨਹੀਂ ਬੰਨ੍ਹ ਸਕਦਾ, ਨੰਗੇ ਸਿਰ ਰਹਿ ਸਕਦਾ ਹੈ। ਦਸਤਾਰ ਜੋ ਚਿੰਨ੍ਹ ਸੀ ਸਰਦਾਰੀ ਦਾ, ਉਹ ਖੋਹ ਲਿਆ, ਇਹ ਗਿੱਟੇ ਉੱਚੇ ਕਰਕੇ ਪਜਾਮਾ ਪਾ ਸਕਦਾ ਹੈ। ਗਿੱਟੇ ਨਹੀਂ ਢਕ ਸਕਦਾ, ਖਾਣ ਦੇ ਉੱਤੇ, ਪਹਿਨਣ ਦੇ ਉੱਤੇ, ਚੱਲਣ ਫਿਰਨ ਦੇ ਉੱਤੇ ਪਾਬੰਦੀਆਂ ਹੀ ਪਾਬੰਦੀਆਂ ਨੇ ਜੇ ਹਿੰਦੂ ਦੇ ਘਰ ਨੇੜੇ ਤੇੜੇ ਇਸਲਾਮ ਵਾਲੇ ਦਾ ਘਰ ਹੈ, ਘਰ ਵਿੱਚ ਗਲੀ ਪੈ ਗਈ ਤੇ ਪਾਣੀ ਉੱਤੋਂ ਟਪਕਣਾ ਸ਼ੁਰੂ ਹੋਇਆ, ਉਹ ਕੋਠੇ 'ਤੇ ਨਹੀਂ ਸੀ ਚੜ੍ਹ ਸਕਦਾ, ਪਹਿਲਾਂ ਆਪਣੇ ਪੜੌਸੀ ਨੂੰ ਆਵਾਜ਼ ਮਾਰਦਾ ਸੀ ਕਿ ਕ੍ਰਿਪਾ ਕਰ ਮੇਰੇ ਕੋਠੇ ਦੇ ਉੱਤੇ ਗਲੀ ਪੈ ਗਈ ਹੈ ਤੇ ਤੂੰ ਬੰਦ ਕਰ ਦੇ। ਜੇ ਉਹਨੇ ਇਜਾਜ਼ਤ ਦੇ ਦਿੱਤੀ ਕਿ ਚੰਗਾ ਬਈ ਤੂੰ ਆਪ ਚੜ੍ਹ ਜਾ, ਤਾਂ ਫੇਰ ਚੜ੍ਹ ਜਾਣਾ ਹੈ, ਨਹੀਂ ਤਾਂ ਨਹੀਂ ਚੜ੍ਹਨਾ। ਇਸੇ ਤਰ੍ਹਾਂ ਦੇ ਨਾਲ ਸੰਖ ਨਹੀਂ ਸੀ ਵੱਜ ਸਕਦਾ। ਘੜਿਆਲ ਨਹੀਂ ਸੀ ਵੱਜ ਸਕਦੀ। ਕੋਈ ਨਵਾਂ ਮੰਦਰ ਨਹੀਂ ਸੀ ਬਣ ਸਕਦਾ। ਠਾਕੁਰ ਦੁਆਰਾ ਨਹੀਂ ਸੀ ਬਣ ਸਕਦਾ, ਦੇਹੁਰਾ ਨਹੀਂ ਸੀ ਬਣ ਸਕਦਾ। ਮਨੁੱਖ ਦੇ ਉੱਤੇ ਪਾਬੰਦੀਆਂ ਹੀ ਪਾਬੰਦੀਆਂ ਲਗ ਗਈਆਂ। ਭਜਨ ਕਰਨ ਦੀ ਵੀ ਪਾਬੰਦੀ ਲਗ ਗਈ। ਖਾਣ ਪੀਣ ਦੀਆਂ ਪਾਬੰਦੀਆਂ ਲਗ ਗਈਆਂ। ਜੇ ਕਿਸੇ ਦਾ ਜੀਅ ਮਾਸ ਖਾਣ ਨੂੰ ਕਰਦਾ ਹੈ, ਉਹ ਖਾ ਨਹੀਂ ਸੀ ਸਕਦਾ, ਮੁੱਲਾਂ ਦੇ ਕੋਲ ਜਾਣਾ ਪੈਂਦਾ ਸੀ, ਉਹ ਕਲਮਾਂ ਪੜ੍ਹ ਕੇ ਉਹਨੂੰ ਹਲਾਲ ਕਰਕੇ ਦਿੰਦਾ ਤਾਂ ਖਾ ਸਕਦਾ ਸੀ। ਯਾਨਿ ਹਰ ਪਾਸੇ ਪਾਬੰਦੀਆਂ ਹੀ ਪਾਬੰਦੀਆਂ ਸੀ। ਇਹ ਸਦੀਆਂ ਦੀ ਗੁਲਾਮੀ ਨੇ ਮਨੁੱਖੀ ਮਨ 'ਤੇ ਐਨਾ ਅਸਰ ਕੀਤਾ ਕਿ ਇੱਕ ਤਰ੍ਹਾਂ ਨਾਲ ਉਹ ਮੁਰਦਾ ਹੀ ਹੋ ਗਿਆ। ਮੁਰਦੇ ਨੂੰ ਜੀਵਾਉਣ ਵਾਸਤੇ ਬੜਾ ਸਮਾਂ ਲੱਗਿਆ ਕਿਉਂਕਿ ਗੁਰੂ ਮਹਾਰਾਜ ਨੇ ਏਸ ਮੁਰਦੇ ਵਾਸਤੇ ਇੱਕ ਅੰਮ੍ਰਿਤ ਦਿੱਤਾ ਜਿਸ ਨੂੰ ਨਾਮ ਕਹਿੰਦੇ ਨੇ। ਉਹਦੇ ਨਾਲ ਇਹ ਹੌਲੀ-ਹੌਲੀ ਉਠਿਆ, ਲੇਕਿਨ ਬਹੁਤ ਕੁਰੀਤੀਆਂ ਸੀ। ਜਿਸ ਥਾਂ ਦੇ ਉੱਤੇ ਬ੍ਰਾਹਮਣ ਬੈਠ ਜਾਂਦਾ, ਜੇ ਸ਼ੂਦਰ ਕੋਲ ਦੀ ਲੰਘ ਗਿਆ ਕੰਮ ਕਰਨ

ਵਾਲਾ, ਉਹ ਖਾਣਾ ਨਹੀਂ ਸੀ ਖਾਂਦਾ, ਉਹ ਕਹਿੰਦੇ ਸੀ ਕਿ ਭਿੱਟ ਦਿੱਤਾ।

*ਮਤੁ ਭਿਟੈ ਵੇ ਮਤੁ ਭਿਟੈ ॥*
*ਇਹੁ ਅੰਨੁ ਅਸਾਡਾ ਫਿਟੈ ॥* *ਅੰਗ - ੪੭੨*

ਮਹਾਰਾਜ ਕਹਿੰਦੇ ਕਮਾਲ ਦੀਆਂ ਗੱਲਾਂ ਨੇ ਆਪ ਫਿੱਟੇ ਹੋਏ, ਆਪ ਮੈਲੇ, ਆਪ ਜੂਠੇ ਹੋ ਕੇ ਚਉਂਕੇ 'ਤੇ ਚੜ੍ਹਦੇ ਨੇ ਤੇ ਦੂਸਰਿਆਂ ਨੂੰ ਗਾਲ੍ਹਾਂ ਕੱਢਦੇ ਨੇ। ਸੋ ਸਮਾਜ ਦੀਆਂ ਸਾਰੀਆ ਬੁਰਿਆਈਆਂ ਦੇ ਨਾਲ ਬੰਦਾ ਬਿਲਕੁਲ ਹੇਠਾਂ ਆ ਗਿਆ, ਕੋਈ ਆਸ ਨਹੀਂ ਸੀ ਕਿ ਇਹ ਜੁਆਰੀਅਨ ਸਭਿਅਤਾ ਮੁੜ ਕੇ ਜੀਉਂਦੀ ਹੋ ਜਾਏਗੀ। ਬਹੁਤ ਵੱਡਾ ਕੰਮ ਸੀ। ਸੋ ਗੁਰੂ ਦਸ਼ਮੇਸ਼ ਪਿਤਾ ਨੇ ਬੜੀ ਦੀਰਘ ਨਿਗ੍ਹਾਂ ਦੌੜਾਈ। ਇਹ ਬੰਦਾ ਚਾਰ ਆਸ਼ਰਮਾਂ 'ਚ ਵੰਡਿਆ ਹੋਇਆ ਸੀ, ਚਾਰ ਵਰਨਾਂ 'ਚ, ਬੰਦੇ ਦੀ ਜ਼ਿੰਦਗੀ ਵੰਡੀ ਹੋਈ ਸੀ। ਚਾਰ ਆਸ਼ਰਮ - ਪੱਚੀ ਸਾਲ ਤੋਂ ਪਹਿਲਾਂ ਵਿਆਹ ਨਹੀਂ ਸੀ ਕਰਾ ਸਕਦਾ, ਪੱਚੀ ਸਾਲ ਗ੍ਰਹਿਸਤ 'ਚ ਰਹਿ ਸਕਦਾ ਹੈ, ਪੰਜਾਹ ਤੋਂ ਬਾਅਦ ਇਹਨੂੰ ਘਰ ਬਾਰ ਛੱਡਣਾ ਪੈਂਦਾ ਸੀ, ਪਝੱਤਰ ਸਾਲ ਦੀ ਉਮਰ ਤੋਂ ਬਾਅਦ ਇਹਨੂੰ ਰਮਣ ਕਰਨਾ ਪੈਂਦਾ, ਰਟਣ ਕਰਨਾ ਪੈਂਦਾ। ਇਸੇ ਤਰ੍ਹਾਂ ਜੋ ਆਦਮੀ ਦਾ ਕਿੱਤਾ ਸੀ, ਕਿੱਤੇ ਦੇ ਮੁਤਾਬਿਕ ਵੰਡਾਂ ਕੀਤੀਆਂ ਗਈਆਂ ਸੀ। ਜਿਸ ਕਿੱਤੇ ਨੂੰ ਕੋਈ ਅਪਨਾਉਣਾ ਚਾਹੁੰਦਾ ਹੈ, ਉਹਨੂੰ ਉਹ ਅਪਣਾਅ ਸਕਦਾ ਸੀ। ਨਹੀਂ ਅਪਨਾਉਣਾ ਤਾਂ ਦੂਸਰੇ 'ਚ ਆ ਸਕਦੇ ਸੀ। ਸੋ ਚਾਰ ਵੰਡਾਂ ਕੀਤੀਆਂ ਗਈਆਂ। ਇੱਕ ਪੜ੍ਹਨ ਲਿਖਣ ਵਾਲੇ ਖੋਜ ਕਰਨ ਵਾਲੇ ਬੰਦਿਆਂ ਦੀ। ਜਿਨ੍ਹਾਂ ਦੇ ਜ਼ਿੰਮੇ ਧਾਰਮਿਕ ਕਾਰਜ ਕਰਾਉਣੇ, ਵਿਆਹ, ਸ਼ਾਦੀਆਂ, ਜੰਮਣ ਮਰਨ, ਹੋਰ ਅਨੇਕਾਂ ਕੰਮ, ਉਨ੍ਹਾਂ ਨੂੰ ਬ੍ਰਾਹਮਣ ਵਰਗ ਆਖਿਆ ਗਿਆ। ਦੂਸਰਾ ਵਰਗ ਸੀ ਜਿਨ੍ਹਾਂ ਨੇ ਸੀਸ ਤਲੀ 'ਤੇ ਧਰੇ ਹੋਏ ਸੀ, ਉਨ੍ਹਾਂ ਦੇ ਨਿਯਮ ਸੀ, ਉਹ ਕਸ਼ਤਰੀ ਕਹਾਉਂਦੇ ਸੀ, ਦੇਸ਼ ਦੀ ਰਾਖੀ ਵਾਸਤੇ ਮਰ ਮਿਟਦੇ ਸੀ। ਤੀਸਰੇ ਵਪਾਰ ਵਿੱਚ ਪੂਰਾ ਧਿਆਨ ਦਿੰਦੇ ਸੀ, ਉਨ੍ਹਾਂ ਨੂੰ ਵੈਸ਼ ਆਖਿਆ ਜਾਂਦਾ ਸੀ। ਚੌਥੇ ਸਾਰੇ ਸਮਾਜ ਦੀ ਸੇਵਾ ਕਰਦੇ ਸੀ, ਹਰ ਥਾਂ ਦੇ ਉੱਤੇ ਕੰਮ ਕਰਦੇ ਸੀ। ਉਨ੍ਹਾਂ ਨੂੰ ਸ਼ੂਦਰ ਆਖਿਆ ਜਾਂਦਾ ਸੀ। ਵੰਡ ਐਸੀ ਹੋਈ ਕਿ ਹੌਲੀ-ਹੌਲੀ ਜਾਤਾਂ ਬਣ ਗਈਆਂ ਇਹ। ਇੱਕ ਜਾਤ ਦਾ ਬੰਦਾ ਓਸੇ ਜਾਤ 'ਚ ਬ੍ਰਾਹਮਣ ਕਹਾਉਣ ਲਗ ਗਿਆ। ਉਸੇ 'ਚ ਸ਼ੂਦਰ ਕਹਾਉਣ ਲਗ ਗਿਆ। ਲਿਆਕਤ (efficiency) ਜਾਂਦੀ ਰਹੀ ਸਮਾਜ ਦੀ, ਤੇ ਉਹ ਐਨਾ ਪੱਕ ਗਈ ਕਿ ਵਹਿਮ ਪ੍ਰਸਤੀ ਦੇ ਦਰਜੇ ਨੂੰ ਵੀ ਲੰਘ ਗਈ, ਕੋਈ ਇਲਾਜ ਨਹੀਂ ਸੀ ਨਜ਼ਰ ਆਉਂਦਾ। ਇੱਕ ਦੂਜੇ ਦੀ ਭਿੱਟ ਲੱਗਣ ਲਗ ਗਈ। ਆਪ ਵਿੱਚ ਵਰਤ ਵਿਹਾਰ ਬੰਦ ਹੋ ਗਿਆ, ਸ਼ਾਦੀਆਂ ਬੰਦ ਹੋ ਗਈਆਂ, ਸਮਾਜ ਖੇਰੂੰ-ਖੇਰੂੰ ਹੋ ਗਿਆ। ਇਲਾਜ ਕੋਈ ਨਹੀਂ ਸੀ ਇਸਦਾ ਨਜ਼ਰ ਆਉਂਦਾ। ਸੋ ਗੁਰੂ ਦਸ਼ਮੇਸ਼ ਪਿਤਾ ਨੇ ਐਸੀ ਕਰਾਮਾਤ ਕੀਤੀ ਕਿ ਇੱਕੋ ਬੰਦਾ ਉਹਦੇ ਵਿਚ ਚਾਰੋ ਹੀ ਵਰਨ 'ਤੇ ਚਾਰੋਂ ਹੀ ਜਾਤਾਂ, ਜੋ ਕਿੱਤੇ ਸੀ, ਚਾਰੇ ਹੀ ਆਸ਼ਰਮ; ਇੱਕੋ ਬੰਦੇ ਵਿੱਚ ਲਿਆ ਦਿੱਤੇ ਮਹਾਰਾਜ ਨੇ ਕਿ ਪਹਿਲਾਂ ਉਹ ਵਿਦਿਆ ਪੜ੍ਹੇ, ਧਰਮ ਦਾ ਵਿਚਾਰ ਕਰੇ, ਵਿਦਿਆ 'ਚ ਨਿਪੁੰਨ ਹੋ ਕੇ ਫੇਰ ਗ੍ਰਹਿਸਤ ਆਸ਼ਰਮ 'ਚ ਆਵੇ। ਗ੍ਰਹਿਸਤੀ ਹੁੰਦਾ ਹੋਇਆ, ਬ੍ਰਾਹਮਣ ਦਾ ਵੀ ਕੰਮ ਕਰੇ, ਸ਼ੂਦਰ ਦਾ ਵੀ ਕੰਮ ਕਰੇ, ਸੇਵਾ ਕਰੇ, ਖੇਤੀ ਬਾੜੀ ਕਰੇ, ਹੋਰ ਮਿਹਨਤਾਂ ਮੁਸ਼ੱਕਤਾਂ ਕਰੇ ਤੇ ਓਹੀ ਬੰਦਾ ਵਪਾਰ ਕਰੇ। ਓਹੀ ਬੰਦਾ ਧਰਮ ਦਾ ਪ੍ਰਚਾਰ ਕਰੇ। ਬ੍ਰਾਹਮਣ ਦਾ ਕੰਮ ਕਰੇ। ਸੋ ਇੱਕੋ ਬੰਦੇ ਦੇ ਵਿੱਚ ਚਾਰੋ ਚੀਜ਼ਾਂ ਲਿਆ ਦਿੱਤੀਆਂ, ਗੁਰੂ ਦਸ਼ਮੇਸ਼ ਪਿਤਾ ਨੇ। ਉਹ ਜਿਹੜੀ ਵੰਡ ਸੀ ਉਹ ਹਟਾ ਦਿੱਤੀ, ਨਾ ਕੋਈ ਬ੍ਰਾਹਮਣ ਰਹਿਣ ਦਿੱਤਾ, ਨਾ ਖੱਤਰੀ, ਨਾ ਕੋਈ ਵੈਸ਼, ਨਾ ਕੋਈ ਸ਼ੂਦਰ, ਅੰਮ੍ਰਿਤ ਦਾ ਬਾਟਾ ਸਾਰਿਆਂ ਨੂੰ ਸਾਂਝਾ ਕਰਕੇ ਪਿਲਾ ਦਿੱਤਾ। ਕਰਮ ਨਾਸ਼ ਕਰ ਦਿੱਤੇ, ਜ਼ਾਤ ਨਾਸ਼ ਕਰ ਦਿੱਤੀ, ਧਰਮ ਨਾਸ਼ ਕਰ ਦਿੱਤਾ, ਇੱਕ ਸੋਹਣਾ, ਸੁਲਝਿਆ ਹੋਇਆ ਮਨੁੱਖ ਪੈਦਾ ਕਰ ਦਿੱਤਾ। ਜੋ ਅੰਦਰੋਂ ਵੀ ਜਾਗਦਾ ਸੀ ਤੇ ਬਾਹਰੋਂ ਵੀ ਖਬਰਦਾਰ ਸੀ ਤੇ ਉਹਨੂੰ ਉਪਾਧੀ ਦਿੱਤੀ ਖਾਲਸੇ ਦੀ। ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਤੋਂ ਹੀ ਬੁਨਿਆਦ ਰੱਖੀ ਤੁਰੀ ਆ ਰਹੀ ਸੀ। ਬ੍ਰਹਮਗਿਆਨ ਦੀ ਅਵਸਥਾ ਤੱਕ ਬੇਅੰਤ ਗੁਰਸਿੱਖ ਪਹੁੰਚ ਚੁੱਕੇ ਸਨ। ਗੁਰੂ ਮਹਾਰਾਜ ਨੇ ਸਾਰੇ ਨਿਰਾਰਥਕ ਕਰਮਾਂ ਨੂੰ ਹਟਾ ਕੇ ਭਰਮਾਂ ਨੂੰ ਹਟਾ ਕੇ, ਜੋ ਬੇਅੰਤ ਹੀ ਸਨ ਸਮਾਜ ਦੇ ਅੰਦਰ। ਇੱਕ ਨਾਅਰਾ ਦਿੱਤਾ ਕਿ ਪਿਆਰਿਓ! ਇਹ ਜਿਹੜਾ ਸਰੀਰ ਹੈ ਇਹ ਮਿਲਿਆ ਤਾਂ ਹੈ ਕਿ ਪ੍ਰਮੇਸ਼ਰ ਨੂੰ ਮਿਲਣਾ ਹੈ, ਲੇਕਿਨ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਤੁਹਾਨੂੰ ਖੱਪਣ ਦੀ ਲੋੜ ਨਹੀਂ, ਦੌੜਨ ਦੀ ਲੋੜ ਨਹੀਂ, ਘਰ ਬਾਰ ਛੱਡਣ ਦੀ ਲੋੜ ਨਹੀਂ, ਕੇਵਲ ਉਸ ਪ੍ਰਭੂ ਦੇ ਨਾਲ ਪਿਆਰ ਕਰਨ ਦੀ ਲੋੜ ਹੈ। ਉਹ ਪਿਆਰ ਜਿੰਨੀ ਦੇਰ ਤੱਕ ਗੁਰੂ ਨਾਲ ਨਹੀਂ ਨਾ ਕਰਦੇ, ਓਨੀਂ ਦੇਰ ਤੱਕ ਨਿਰਗੁਣ ਦਾ ਪਿਆਰ ਤੁਹਾਡੇ ਹਿਰਦੇ 'ਚ ਨਹੀਂ ਵਸਣਾ। ਕਿਉਂਕਿ ਗੁਰੂ ਉਹਦਾ ਰੂਪ ਹੈ ਸੋ ਪਿਆਰ ਦਾ ਆਪ ਨੇ ਨਾਅਰਾ ਦਿੱਤਾ ਤੇ ਥਿਊਰੀ ਲਿਆਂਦੀ-

*ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ,*
*ਤਿਨ ਹੀ ਪ੍ਰਭ ਪਾਇਓ।*

ਸਿਰਫ ਪਿਆਰ ਕਰਨ ਵਾਲੇ ਨੂੰ ਪ੍ਰਮੇਸ਼ਰ ਮਿਲ ਸਕਦਾ ਹੈ, ਨਫਰਤ ਜਿਹਦੇ ਹਿਰਦੇ 'ਚ ਹੈ

ਉਹਨੂੰ ਨਹੀਂ ਮਿਲਦਾ। ਸੋ ਪਿਆਰ ਦੇ ਬਾਰੇ ਵੀ ਦਸ ਦਿੱਤਾ ਕਿ ਗੁਰੂ ਦਾ ਪਿਆਰ ਜੋ ਹੁੰਦਾ ਹੈ, ਉਹ ਐਨਾ ਡੂੰਘਾ ਹੁੰਦਾ ਹੈ ਕਿ ਆਪਣਾ ਕੁਛ ਵੀ ਨਹੀਂ ਹੁੰਦਾ, ਪਿਆਰ ਦਾ ਤਾਂ ਅਨੁਭਵ ਸਾਰਿਆਂ ਨੂੰ ਹੈ ਪਰ ਉਹ ਪਿਆਰ ਅਸਲੀ ਪਿਆਰ ਨਹੀਂ। ਵਿਸ਼ੇ ਵਿਕਾਰਾਂ ਦਾ ਪਿਆਰ ਹੈ, ਗਰਜ ਦਾ ਪਿਆਰ ਹੈ, ਗੁਰੂ ਦਾ ਜੋ ਪਿਆਰ ਹੈ ਉਹ ਨਿਸ਼ਕਾਮ ਪਿਆਰ ਹੁੰਦਾ ਹੈ, ਜਿਸਦੇ ਬਾਰੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

*ਧਾਰਨਾ - ਸਿਰ ਧਰ ਕੇ ਤਲੀ 'ਤੇ ਆਜਾ,*
*ਲੰਘਣਾ ਪ੍ਰੇਮ ਦੀ ਗਲੀ ਪਿਆਰਿਆ।*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ- ੧੪੧੨*

ਪਿਆਰ ਦੀ ਪਛਾਣ, ਪਿਆਰ ਵਾਸਤੇ ਕੁਰਬਾਨੀ। ਕਹਿੰਦੇ, ਪਹਿਲਾਂ ਮਰਨਾ ਕਬੂਲ ਕਰਨਾ ਪੈਂਦਾ ਹੈ, ਆਪਣਾ ਆਪਾ ਜੋ ਹੈ ਉਹ ਗਵਾਉਣਾ ਪੈਂਦਾ ਹੈ। ਆਦਮੀ ਜੀਉਂਦਾ ਕਾਹਦੇ ਨਾਲ ਹੈ? ਆਦਮੀ ਦੇ ਅੰਦਰ ਇੱਕ ਤੱਤ ਹੈ, ਜਿਸਨੂੰ ਹਉਮੈ ਕਹਿੰਦੇ ਨੇ, ਇਹ ਹਉਮੈ ਕਰਕੇ ਵੱਖਰਾ ਹੋ ਕੇ ਜੀਉਂਦਾ ਹੈ। ਗੁਰੂ ਨਾਲੋਂ ਵਿਛੁੜ ਜਾਂਦਾ ਹੈ, ਪ੍ਰਮੇਸ਼ਰ ਦੇ ਨਾਲੋਂ ਵਿਛੜ ਜਾਂਦਾ ਹੈ ਤੇ ਵਖਰਾ ਹੋ ਕੇ ਦੁਨੀਆਂ ਰਚਦਾ ਹੈ, ਵਖਰੇ ਇਹਦੇ ਖਿਆਲ ਹੁੰਦੇ ਨੇ। ਮਹਾਰਾਜ ਕਹਿੰਦੇ, ਪਿਆਰਿਆ! ਦੋ ਤਾਂ ਇੱਕ ਥਾਂ ਨਹੀਂ ਰਹਿਣੇ, ਇੱਕੋ ਹੀ ਰਹੇਗਾ, ਦੋ ਦਾ ਤਾਂ ਪਿਆਰ ਹੀ ਨਹੀਂ ਹੁੰਦਾ। ਕਿਉਂਕਿ ਪਿਆਰ ਦੇ ਵਿੱਚ ਖਿੱਚ ਹੁੰਦੀ ਹੈ। ਮਹਾਰਾਜ ਨੇ ਮਿਸਾਲਾਂ ਦਿੱਤੀਆਂ ਨੇ ਪਿਆਰ ਦੀਆਂ ਕੁਛ -

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥* *ਅੰਗ - ੭੦੮*

ਚਾਰ-ਪੰਜ ਮਿਸਾਲਾਂ ਦਿੱਤੀਆਂ ਨੇ ਮਹਾਰਾਜ ਨੇ ਬਾਣੀ ਦੇ ਅੰਦਰ ਕਿ ਪਿਆਰ ਨੂੰ ਸਮਝਣ ਦਾ ਯਤਨ ਕਰੋ। ਪਿਆਰ ਕਬਜ਼ਾ ਨਹੀਂ ਹੁੰਦਾ, ਪਿਆਰ ਕੁਰਬਾਨੀ ਹੁੰਦੀ ਹੈ, ਪਿਆਰ ਵਾਲਾ ਆਪਣਾ ਬਾਕੀ ਕੁਛ ਨਹੀਂ ਰੱਖਣਾ ਚਾਹੁੰਦਾ। ਮਿਟਣਾ ਚਾਹੁੰਦਾ ਹੈ, ਬਕਾਇਆ ਨਹੀਂ ਰਖਦਾ, ਹਉਮੈ ਵਾਲਾ ਆਪਣਾ ਆਪ ਬਚਾਅ ਕੇ ਰਖਣਾ ਚਾਹੁੰਦਾ ਹੈ। ਸੋ ਦੋਵੇਂ ਵਿਪਰੀਤ ਨੇ, ਪਿਆਰ ਤੇ ਹਉਮੈ ਇਕੱਠੇ ਨਹੀਂ ਹੋ ਸਕਦੇ। ਸੋ ਮਹਾਰਾਜ ਕਹਿੰਦੇ ਮਛਲੀ ਦਾ ਪਾਣੀ ਦੇ ਨਾਲ ਐਨਾ ਗਾੜ੍ਹਾ ਸਬੰਧ ਹੈ ਕਿ ਇੱਕ ਸਾਹ ਵੀ ਬਾਹਰ ਨਹੀਂ ਲੈਂਦੀ ਉਸੇ ਵੇਲੇ ਤੜਫ ਕੇ ਮਰ ਜਾਂਦੀ ਹੈ ਤੇ ਚਾਤ੍ਰਿਕ ਜਿਹੜਾ ਹੈ ਉਹ ਬੂੰਦ ਤੋਂ ਬਗੈਰ ਪ੍ਰਿਹੁ-ਪ੍ਰਿਹੁ ਲਾਉਂਦਾ ਹੈ, ਉਹ ਵੀ ਤੜਫ ਕੇ ਮਰ ਜਾਂਦਾ ਹੈ। ਭਾਵੇਂ ਸਮੁੰਦਰ ਵਰਸਦਾ ਹੈ, ਸਵਾਂਤੀ ਬੂੰਦ ਤੋਂ ਬਿਨਾਂ ਉਹਨੂੰ ਤ੍ਰਿਪਤੀ ਨਹੀਂ ਆਉਂਦੀ। ਹਰਨ ਜਿਹੜਾ ਹੈ ਘੰਢੇਹੇੜੇ ਦੀ ਆਵਾਜ਼ ਜਿਸ ਵਕਤ ਉਹਦੇ ਕੰਨਾਂ 'ਚ ਸੁਣਦੀ ਹੈ, ਉਸ ਵੇਲੇ ਲਿਟਣਾ ਸ਼ੁਰੂ ਕਰ ਦਿੰਦਾ ਹੈ, ਮਸਤ ਹੋ ਜਾਂਦਾ ਹੈ। ਸ਼ਿਕਾਰੀ ਆ ਕੇ ਗਲ 'ਚ ਰੱਸਾ ਪਾ ਲੈਂਦਾ ਹੈ ਤੇ ਭਵਰ ਜਦੋਂ ਫੁੱਲ ਦੇ ਵਿੱਚ ਬੈਠ ਜਾਂਦਾ ਹੈ, ਐਨਾ ਮਸਤ ਹੋ ਜਾਂਦਾ ਹੈ ਕਿ ਉਹਨੂੰ ਛੱਡਦਾ ਨਹੀਂ, ਫੁੱਲ ਬੰਦ ਹੋ ਜਾਂਦਾ ਹੈ ਅਤੇ ਰਾਤ ਨੂੰ ਉਹ ਮਰ ਜਾਂਦਾ ਹੈ। ਕਹਿੰਦੇ, ਪਿਆਰ ਤਾਂ ਇਹ ਹੋਇਆ ਕਰਦਾ ਹੈ, ਇਹੋ ਜਿਹਾ ਹੀ ਪਿਆਰ ਗੁਰੂ ਦੇ ਨਾਲ ਹੁੰਦਾ ਹੈ।

*ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇ*
*ਮਨ ਐਸਾ ਨੇਹੁ ਕਰੇਹੁ ॥* *ਅੰਗ - ੪੫੫*

ਜੇ ਪਿਆਰ ਕਰਨਾ ਹੈ ਗੁਰੂ ਦੇ ਨਾਲ ਤਾਂ ਉਹ ਮਨਾਂ ਪਿਆਰ ਐਹੋ ਜਿਹਾ ਕਰ ਜਿਹੋ ਜਿਹਾ ਮੱਛੀ ਪਾਣੀ ਨਾਲ ਕਰਦੀ ਹੈ। ਤੂੰ ਤਾਂ ਸਾਰਾ ਦਿਨ ਭੁੱਲਿਆ ਰਹਿੰਦਾ ਹੈਂ। ਗੁਰੂ ਤੇਰੀ ਯਾਦ ਵਿੱਚ ਹੀ ਨਹੀਂ ਵਸਦਾ। ਵਾਧੂ ਚੀਜ਼ ਬਣ ਜਾਂਦੀ ਹੈ। ਕਿਤੇ ਸਤਿਸੰਗ 'ਚ ਗਿਆ, ਬਚਨ ਸੁਣੇ ਤਾਂ ਧਿਆਨ ਆ ਗਿਆ, ਪਿਆਰ ਨਹੀਂ ਗੁਰੂ ਦੇ ਨਾਲ ਪਿਆ। ਪਿਆਰ ਵਾਲਾ ਜਿਹੜਾ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ*
*ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ*
*ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ*
*ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ*
*ਸੋ ਚਾਲ ਪਏ ਨਿਤ ਰਹਿੰਦੇ।* *(ਭਾਈ ਵੀਰ ਸਿੰਘ ਜੀ)*

ਖਿੱਚ ਬਣ ਜਾਂਦੀ ਹੈ, ਖਿੱਚ ਵਾਲਾ ਬੰਦਾ ਰੁਕਿਆ ਨਹੀਂ ਕਰਦਾ। ਉਹਦੇ ਮੂਹਰੇ ਪਿਆਰ ਪ੍ਰਧਾਨ ਹੋਇਆ ਕਰਦਾ ਹੈ, ਚਾਹੇ ਜਾਨ ਜਾਂਦੀ ਰਹੇ।

ਦੁਨਿਆਵੀ ਪਿਆਰ ਦੀ ਕਹਾਣੀ ਹੈ ਕਿ ਇੱਕ ਲੜਕੀ ਸੀ ਜਿਸ ਦਾ ਨਾਂ ਸੱਸੀ ਸੀ ਤੇ ਇੱਕ ਲੜਕਾ ਸੀ ਪੁਨੂੰ ਜਿਨ੍ਹਾਂ ਦਾ ਪਿਆਰ ਪੈ ਗਿਆ। ਉਹ ਦਰਿਆ ਦੇ ਪਾਰ ਰਹਿੰਦਾ ਸੀ, ਉਹ ਉਰਾਰ ਰਹਿੰਦੀ ਸੀ। ਉਹਨੂੰ ਮਿਲਣ ਜਾਣ ਵਾਸਤੇ ਘੜਾ ਝਨਾਬ ਦਰਿਆ ਦੇ ਵਿੱਚ ਠੇਲ੍ਹ ਲੈਣਾ ਤੇ ਪਾਰ ਲੰਘ

ਜਾਣਾ ਤੇ ਉਹਦੀ ਥਾਂ 'ਤੇ ਘੜਾ ਰੱਖ ਦਿੱਤਾ ਕੱਚਾ। ਟਣਕਾਇਆ, ਘੜਾ ਕੱਚਾ ਸੀ। ਮਨ 'ਚ ਨਹੀਂ ਆਇਆ ਕਿ ਘੜਾ ਕੱਚਾ ਹੈ, ਇਹਨੇ ਭਿੱਜ ਜਾਣਾ ਹੈ, ਟੁੱਟ ਜਾਣਾ ਹੈ, ਦਰਿਆ ਛੱਲਾਂ ਦਿੰਦਾ ਹੈ, ਕੋਈ ਪ੍ਰਵਾਹ ਨਹੀਂ ਕੀਤੀ, ਠਿੱਲ੍ਹ ਗਈ। ਰਸਤੇ ਦੇ ਵਿੱਚ ਵਿਚਾਲੇ ਘੜਾ ਟੁੱਟ ਜਾਂਦਾ ਹੈ ਤੇ ਡੁੱਬ ਕੇ ਮਰ ਗਈ। ਉਹ ਵੀ ਜਿਹੜਾ ਸੀ ਉਹ ਵੀ ਨੱਠ ਕੇ ਆ ਕੇ ਨਾਲ ਹੀ ਮਰ ਗਿਆ। ਮਿਸਾਲਾਂ ਨੇ ਭਾਈ ਗੁਰਦਾਸ ਜੀ ਨੇ ਦਿੱਤੀਆਂ ਨੇ ਇਹ ਸਮਝਣ ਵਾਸਤੇ ਕਿ ਗੁਰੂ ਦਾ ਪਿਆਰ ਕਿੰਨਾਂ ਹੁੰਦਾ ਹੈ।

ਪਿਆਰ-ਪਿਆਰ ਤਾਂ ਸਾਰੀ ਦੁਨੀਆਂ ਕਰੀ ਜਾਂਦੀ ਹੈ, ਪਿਆਰ ਤਾਂ total ਕੁਰਬਾਨੀ ਹੁੰਦੀ ਹੈ।ਆਪਣੀ ਮਤ ਨਹੀਂ ਹੋਇਆ ਕਰਦੀ, ਨਾ ਆਪਣਾ ਮਨ ਹੁੰਦਾ ਹੈ। ਮਹਾਰਾਜ ਕਹਿੰਦੇ-

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥* ਅੰਗ - ੨੮੬

ਮਨ ਵੇਚਣਾ ਪੈਂਦਾ ਹੈ, ਮਨ ਦੇ ਵਿਚ ਹੀ ਹਉਮੈ ਰਹਿੰਦੀ ਹੈ, ਹਉਮੈ ਵੀ ਨਾਲ ਹੀ ਵੇਚਣੀ ਪੈਂਦੀ ਹੈ। ਆਪਣਾ ਆਪ ਸਮਰਪਣ ਕਰਨਾ ਪੈਂਦਾ ਹੈ। ਦੇਹ ਵੀ ਉਹਦੀ, ਤਨ ਵੀ ਉਹਦਾ, ਮਨ ਵੀ ਉਹਦਾ, ਧਨ ਵੀ ਉਹਦਾ ਤਾਂ ਸੌਦਾ ਗੁਰੂ ਨਾਲ ਨਿਭਦਾ ਹੈ ਨਹੀਂ ਤਾਂ ਨਹੀਂ ਨਿਭਦਾ। ਜੇ ਗੁਰੂ ਤੋਂ ਲੈਣਾ ਹੈ ਕੁਛ ਤਾਂ ਤਿੰਨੋਂ ਚੀਜ਼ਾਂ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ........॥*
ਅੰਗ - ੯੧੮

ਫੇਰ ਅੱਗੇ ਕੀ ਕਰੀਏ? ਮਹਾਰਾਜ ਕਹਿੰਦੇ -

*...........ਹੁਕਮਿ ਮੰਨਿਐ ਪਾਈਐ ॥* ਅੰਗ - ੯੧੮

ਫੇਰ ਗੁਰੂ ਜੋ ਹੁਕਮ ਦਿੰਦਾ ਹੈ ਉਹਨੂੰ ਮੰਨੋ। ਫੇਰ ਪ੍ਰਾਪਤੀ ਹੋ ਜਾਏਗੀ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਜੇ ਪਿਆਰ ਕਰਨਾ ਹੈ ਜਿਵੇਂ ਮਛਲੀ ਪਾਣੀ ਬਿਨਾਂ ਇਕ ਖਿਨ ਵੀ ਧੀਰਜ ਨਹੀਂ ਕਰਦੀ, ਤੜਫਣ ਲਗ ਜਾਂਦੀ ਹੈ। ਜੇ ਪਿਆਰ ਕਰਨਾ ਤਾਂ ਐਹੋ ਜਿਹਾ ਕਰ ਲੈ -

*ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ*
*ਬਰਸੁ ਸੁਹਾਵੇ ਮੇਹੁ ॥* ਅੰਗ - ੪੫੫

ਜੇ ਤਾਂ ਮੀਂਹ ਪੈ ਗਿਆ, ਫੇਰ ਤਾਂ ਸੁਹਾਵਾ ਹੋ ਗਿਆ ਨਹੀਂ ਤਾਂ ਫੇਰ ਤੜਫਦਾ ਹੀ ਰਹਿੰਦਾ ਹੈ।

*ਹਰਿ ਪ੍ਰੀਤਿ ਕਰੀਜੈ ਇਹੁ ਮਨੁ ਦੀਜੈ*
*ਅਤਿ ਲਾਈਐ ਚਿਤੁ ਮੁਰਾਰੀ ॥* ਅੰਗ- ੪੫੫

ਮਨ ਨੂੰ ਦੇ ਦੇਵੇ, ਆਖਰੀ ਹੱਦ ਤੱਕ ਚਿੱਤ ਜਿਹੜਾ ਹੈ ਕਿਸੇ ਵਸਤੂ ਨਾਲ ਨਾ ਲੱਗੇ -

*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ ॥* ਅੰਗ - ੪੫੫

ਪੁੱਤਰਾਂ ਨਾਲ ਮਨ ਲਗ ਗਿਆ, ਘਰ ਨਾਲ ਮਨ ਲਗ ਗਿਆ, ਆਪਣੇ ਸਰੀਰ ਨਾਲ ਮਨ ਲਗ ਗਿਆ। ਪਰਿਵਾਰ ਨਾਲ ਮਨ ਲਗ ਗਿਆ, ਵਿਸ਼ੇ ਵਿਕਾਰਾਂ ਨਾਲ ਮਨ ਲਗ ਗਿਆ, ਖਾਣ ਪੀਣ ਨਾਲ ਮਨ ਲਗ ਗਿਆ, ਕਹਿੰਦੇ ਪਿਆਰ ਕਿੱਥੋਂ ਭਾਲਦਾ ਹੈਂ ਪਿਆਰਿਆ! ਤੇਰਾ ਸਾਰਾ ਮਨ ਗੁਰੂ ਨਾਲ ਲਗਣਾ ਚਾਹੀਦਾ ਹੈ। ਚਕਵੀ ਦੀ ਮਿਸਾਲ ਦਿੰਦੇ ਨੇ, ਸੂਰਜ ਛਿਪ ਜਾਂਦਾ ਹੈ ਅੱਡ ਹੋ ਜਾਂਦੇ ਨੇ, ਦੋਵੇਂ ਇਕੱਠੇ ਨਹੀਂ ਰਹਿੰਦੇ। ਸੂਰਜ ਚੜ੍ਹ ਜਾਂਦਾ ਹੈ, ਮੁੜ ਕੇ ਫੇਰ ਇੱਕਠੇ ਹੋ ਜਾਂਦੇ ਨੇ। ਇਸੇ ਤਰ੍ਹਾਂ ਚਕੋਰ ਹੈ, ਚਕੋਰ ਸਾਰੀ ਰਾਤ ਚੰਦਰਮਾ ਵਲ ਦੇਖਦਾ ਰਹਿੰਦਾ ਹੈ। ਕੋਇਲ ਦੀ ਅੰਬ ਨਾਲ ਪ੍ਰੀਤ ਹੈ, ਜਲ ਦੀ ਦੁੱਧ ਨਾਲ ਪ੍ਰੀਤ ਹੈ। ਪਾਣੀ ਪਾ ਕੇ ਦੁੱਧ ਕੜਨਾ ਧਰ ਦਿਓ। ਜਲਦਾ ਕੌਣ ਹੈ? ਦੁੱਧ ਨੂੰ ਨਹੀਂ ਜਲਣ ਦਿੰਦਾ ਆਪ ਜਲ ਜਾਂਦਾ ਹੈ ਸਾਰਾ ਹੀ। ਉਬਾਲੇ ਸਹਿੰਦਾ ਹੈ, ਆਪ ਖਤਮ ਹੁੰਦਾ ਹੈ ਲੇਕਿਨ ਦੁੱਧ ਨੂੰ ਬਚਾ ਦਿੰਦਾ ਹੈ, ਉਹਨੂੰ ਖੋਆ ਬਣਾ ਦਿੰਦਾ ਹੈ, ਉਹਨੂੰ ਨਹੀਂ ਜਲਣ ਦਿੰਦਾ। ਕਮਲ ਦਾ ਪਾਣੀ ਨਾਲ ਪਿਆਰ ਹੈ। ਇਸੇ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਜੋ ਪਿਆਰ ਹੁੰਦਾ ਹੈ ਉਹ ਚੀਜ਼ ਹੁੰਦੀ ਹੈ, ਕੁਰਬਾਨੀ।

*ਸੰਮਨ ਜਉ ਇਸ ਪ੍ਰੇਮ ਕੀ*
*ਦਮ ਕ੍ਹਿਹੁ ਹੋਤੀ ਸਾਟ॥* ਅੰਗ - ੧੩੬੩

ਮਹਾਰਾਜ ਕਹਿੰਦੇ, ਪਿਆਰਿਓ! ਜੇ ਪਿਆਰ ਦਾ ਸੌਦਾ ਪੈਸਿਆਂ ਨਾਲ ਮਿਲਦਾ ਹੁੰਦਾ ਤਾਂ ਰਾਵਣ ਨੇ ਸ਼ਿਵ ਜੀ ਮਹਾਰਾਜ ਨੂੰ ਪ੍ਰਸੰਨ ਕਰਨ ਵਾਸਤੇ ਤਪੱਸਿਆ ਕਿਉਂ ਆਰੰਭ ਦਿੱਤੀ। ਹਰ ਵਾਰੀ ਉਹਨੂੰ ਸਿਰ ਕੱਟ ਕੇ ਦਿੰਦਾ ਰਿਹਾ। ਗਿਆਰ੍ਹਾਂ ਵਾਰੀ ਸੀਸ ਭੇਟ ਕਰਿਆ ਉਹਦੇ। ਹਰ ਵਾਰੀ ਜਨਮ ਲੈ ਕੇ ਫੇਰ ਤਪਸਿਆ ਕਰੇ, ਫੇਰ ਜਨਮ ਲੈ ਕੇ ਫੇਰ ਤਪੱਸਿਆ ਕਰੇ। ਗਿਆਰ੍ਹਾਂ ਵਾਰੀ ਸੀਸ ਅਰਪਣ ਕੀਤਾ। ਕਹਿੰਦੇ ਕਰ ਦਿਓਂਗੇ? ਹੈ ਤੁਹਾਡੇ 'ਚ ਹਿੰਮਤ ਐਨੀ। ਕਹਿੰਦੇ ਓਂ ਮੇਰਾ ਗੁਰੂ ਨਾਲ ਪਿਆਰ ਹੈ। ਕਹਿੰਦੇ, ਇਹ ਤਾਂ ਪੈਸੇ ਟਕੇ, ਗੱਲਾਂ ਬਾਤਾਂ ਨਾਲ ਨਹੀਂ ਕੋਈ ਮੁੱਲ ਹੁੰਦਾ।

*ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥*
*ਰਾਵਨ ਹੁਤੇ ਸੁ ਰੰਕ ਨਹਿ*
*ਜਿਨਿ ਸਿਰ ਦੀਨੇ ਕਾਟਿ ॥* ਅੰਗ - ੧੩੬੩

ਸਿੱਖ ਗੁਰੂ ਨਾਲ ਪਿਆਰ ਕਰਦੇ ਸੀ। ਗੁਰੂ ਨਾਨਕ ਨੇ ਪਰਖ ਕੀਤੀ ਬਾਕੀ ਥਿੜਕ ਗਏ, ਦੋ ਨਿਬੜੇ, ਇੱਕ ਨੂੰ ਗੁਰੂ ਮਹਾਰਾਜ ਨੇ ਆਪਣਾ ਰੂਪ ਬਣਾ ਲਿਆ, ਦੂਸਰੇ ਨੂੰ ਕਿਹਾ ਕਿ ਇਹ ਰਸਮ

ਤਾਂ ਪੂਰੀ ਹੋਏਗੀ ਜੇ ਤੁਸੀਂ ਟਿੱਕਾ ਲਾਵੋਂਗੇ, ਦੋਹਾਂ ਨੂੰ ਵਡਿਆਈ ਦੇ ਦਿੱਤੀ। ਗੁਰੂ ਦੂਸਰੇ ਪਾਤਸ਼ਾਹ ਨੇ ਪਿਆਰ ਦੀ ਪਰਖ ਕਰੀ। ਕੇਵਲ ਗੁਰੂ ਅਮਰਦਾਸ ਮਹਾਰਾਜ ਨਿਤਰੇ। ਉਨ੍ਹਾਂ ਨੇ ਗੁਰੂ ਰਾਮਦਾਸ ਮਹਾਰਾਜ ਜੀ ਨੂੰ ਪਾਸ ਕਰਿਆ। ਗੁਰੂ ਰਾਮਦਾਸ ਮਹਾਰਾਜ ਨੇ ਗੁਰੂ ਅਰਜਨ ਸਾਹਿਬ ਨੂੰ। ਇਸੇ ਤਰ੍ਹਾਂ ਹੁੰਦੇ-ਹੁੰਦੇ ਗੁਰੂ ਦਸ਼ਮੇਸ਼ ਪਿਤਾ ਅੱਜ ਗੁਰਸਿੱਖੀ ਦੀ ਪਰਖ ਕਰਨ ਲਗ ਗਏ। ਗਿਆਰ੍ਹਾਂ ਮਹੀਨੇ ਦਾ ਸਮਾਂ ਆਪ ਨੇ ਇਕਾਂਤ ਵਾਸ ਵਿਚ ਲਾਇਆ। ਕਈ ਗ੍ਰੰਥ ਲਿਖੇ, ਕਈ ਖਿਆਲ ਨੇ ਇਤਿਹਾਸ ਦੇ ਵਿਚ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ, ਕੋਈ ਕਹਿੰਦਾ ਹੈ ਤਪਸਿਆ ਕਰਦੇ ਸੀ ਮਹਾਰਾਜ। ਮਹਾਰਾਜ ਨੂੰ ਤਪਸਿਆ ਕਰਨ ਦੀ ਕੀ ਲੋੜ ਪਈ ਸੀ? ਉਹ ਤਾਂ ਕਰਕੇ ਆਏ ਸੀ -

*ਇਹ ਬਿਧ ਕਰਤ ਤਪਸਿਆ ਭਯੋ॥*
*ਦ੍ਵੈ ਤੇ ਏਕ ਰੂਪ ਹੋਇ ਗਯੋ॥*

ਉਨ੍ਹਾਂ ਦੀ ਗੱਲ ਓਹੀ ਜਾਣਦੇ ਨੇ ਕਿ ਕਿਉਂ ਗਿਆਰ੍ਹਾਂ ਮਹੀਨੇ ਲਾਂਭੇ ਬੈਠੇ ਰਹੇ, ਫੇਰ ਇਤਿਹਾਸ ਵਿੱਚ ਲਿਖਦੇ ਨੇ ਕਿ ਕਿੰਨਾ ਜਲਾਲ ਵਧ ਗਿਆ ਗੁਰੂ ਸਾਹਿਬ ਦਾ ਕਿ ਕੋਈ ਦੇਖ ਨਾ ਸਕੇ। ਇਹ ਵੀ ਕੱਚੀ ਗੱਲ ਹੈ। ਗੁਰੂ ਸਾਹਿਬ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਸੀ, ਉਹ ਤਾਂ ਪੂਰਨ ਸੀਗੇ। ਜਿਹੜਾ ਪੂਰਨ ਹੁੰਦਾ ਹੈ ਉਹਨੂੰ ਲੋੜ ਨਹੀਂ ਹੋਇਆ ਕਰਦੀ। ਜਿਹੜਾ ਅਧੂਰਾ ਹੁੰਦਾ ਹੈ ਉਹਨੂੰ ਲੋੜ ਹੋਇਆ ਕਰਦੀ ਹੈ ਤਪ ਤਪਸਿਆ ਦੀ। ਐਸੇ ਖਿਆਲ ਕਿਉਂ ਪੈਦਾ ਹੁੰਦੇ ਨੇ ਕਿਉਂਕਿ ਅੰਦਰਲੀ ਅੱਖ ਨਹੀਂ ਖੁੱਲ੍ਹੀ ਹੋਈ। ਤੋਲ ਨਹੀਂ ਸਕਦੇ, ਨਿਰਣਾ ਨਹੀਂ ਕਰ ਸਕਦੇ। ਨਿਰਣਾ ਨਾ ਕਰਨ ਕਰਕੇ ਆਪ ਵੀ ਡੋਲਦੇ ਨੇ ਤੇ ਪੜ੍ਹਨ ਵਾਲਿਆਂ ਨੂੰ ਵੀ ਡੋਲਾਂਦੇ ਨੇ। ਲੈਕਚਰ ਦਿੰਦੇ ਨੇ, ਸਾਰੇ ਸੁਣ ਕੇ ਡੋਲ ਜਾਂਦੇ ਨੇ। ਗੁਰੂ ਮਹਾਰਾਜ ਦੇ ਸਾਮ੍ਹਣੇ ਆਦਰਸ਼ ਬੜਾ ਜ਼ਬਰਦਸਤ ਸੀ -

*ਮੈ ਅਪੁਨਾ ਸੁਤ ਤੁਹਿ ਨਿਵਾਜਾ।*
*ਪੰਥ ਪ੍ਰਚੁਰ ਕਰਬੇ ਕਉ ਸਾਜਾ।*
*ਜਹਾ ਤਹਾ ਤੈ ਧਰਮੁ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ।*
*ਅਕਾਲ ਪੁਰਖ ਬਾਚ॥* *ਚੌਪਈ॥*

ਹੁਕਮ ਹੋਇਆ ਪ੍ਰਮੇਸ਼ਰ ਦੀ ਆਪਣੀ ਜੋਤ, ਆਪਣੇ ਵਿੱਚ ਐਨੀ ਚੁੰਭੀ ਹੋਈ ਸੀ -

*ਚਿਤ ਨ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹ।*

ਉਥੇ ਦੋ ਨਹੀਂ ਸੀਗੇ।

*ਇਹ ਬਿਧਿ ਕਰਤ ਤਪਸਿਆ ਭਯੋ।*
*ਦ੍ਵੈ ਤੇ ਏਕ ਰੂਪ ਹ੍ਵੈ ਗਯੋ।*

ਜਿਹੜਾ ਦੋ ਸੀ ਦ੍ਵੈਤ ਮਿਟਾ ਕੇ, ਇੱਕ ਬਣ ਗਏ, ਜਿਵੇਂ ਪਾਣੀ 'ਚ ਪਾਣੀ ਰਲ ਜਾਂਦਾ ਹੈ, ਜੋਤੀ 'ਚ ਜੋਤ ਰਲ ਜਾਂਦੀ ਹੈ, ਇਸ ਤਰ੍ਹਾਂ ਦੇ ਨਾਲ ਇੱਕ ਹੋਏ ਹੋਏ ਸੀ। ਉਸੇ ਜੋਤ ਨੂੰ ਪ੍ਰਮੇਸ਼ਰ ਨੇ ਆਪਣੇ ਤੋਂ, ਆਪਣੀ ਕਿਸੇ ਕ੍ਰਿਆ ਦੇ ਨਾਲ ਫੇਰ ਵਖਰਾ ਕਰ ਦਿੱਤਾ। ਮਹਾਰਾਜ ਕਹਿੰਦੇ, ਸਾਡੀ ਸੁਰਤ ਐਨੀ ਚੁਭੀ ਹੋਈ ਸੀ ਆਪਣਾ ਆਪਾ ਲੀਨ ਸੀ, ਸਾਡਾ ਕੁਛ ਵੀ ਨਹੀਂ ਸੀ ਬਾਕੀ ਬਚਦਾ। ਲੇਕਿਨ ਅਕਾਲ ਪੁਰਖ ਨੇ ਫੇਰ ਵਖਰਾ ਕਰਕੇ ਸਾਨੂੰ ਹੁਕਮ ਦੇ ਦਿਤਾ ਕਿ ਤੁਸੀਂ ਜਾ ਕੇ ਇੱਕ ਐਸਾ ਰਸਤਾ ਸੰਸਾਰ ਨੂੰ ਦਿਓ, ਘੋਰ ਕਲਜੁਗ ਦਾ ਵਾਸਾ ਹੋ ਗਿਆ, ਆਦਮੀ ਪ੍ਰਮੇਸ਼ਰ ਨੂੰ ਭੁੱਲ ਗਿਆ, ਰਸਤਾ ਉਹਨੂੰ ਲੱਭਦਾ ਨਹੀਂ ਹੈ ਤੇ ਕਬੁੱਧੀ ਦੇ ਵਿੱਚ ਪੈ ਕੇ ਕੋਈ ਕੁਛ ਕਰਦਾ ਹੈ, ਕੋਈ ਕੁਛ ਕਰਦਾ ਹੈ। ਬੇਅੰਤ ਕਿਸਮ ਦੀਆਂ ਭਾਵਨਾਵਾਂ ਹੋ ਗਈਆਂ, ਬੇਅੰਤ ਕਿਸਮ ਦੀਆਂ ਮਨੌਤਾਂ ਹੋ ਗਈਆਂ। ਉਨ੍ਹਾਂ ਨੂੰ ਬੁੱਧੀ ਬਖਸ਼ੋ ਕਿ ਸਾਰੇ ਮੇਰੀ ਜੋਤ ਪ੍ਰੀਪੂਰਨ ਹੈ।

*ਜਿਮੀ ਜਮਾਨ ਕੇ ਬਿਖੈ*
*ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਬਾਢ ਹੈ*
*ਨ ਘਾਟਿ ਬਾਢਿ ਹੋਤ ਹੈ।* *ਅਕਾਲ ਉਸਤਤਿ*

ਕੋਈ ਦਰਖਤਾਂ ਨੂੰ ਮੱਥੇ ਟੇਕੀ ਜਾਂਦਾ ਹੈ, ਕੋਈ ਪੱਥਰਾਂ ਨੂੰ, ਕੋਈ ਸੂਰਜ ਨੂੰ, ਕੋਈ ਚੰਦਰਮਾ ਨੂੰ, ਕੋਈ ਦਰਿਆਵਾਂ ਨੂੰ, ਕੋਈ ਪਹਾੜਾਂ ਨੂੰ, ਕੋਈ ਪੱਥਰ ਚੁੱਕ ਕੇ ਪੱਥਰਾਂ ਨੂੰ ਮੱਥਾ ਟੇਕੀ ਜਾਂਦਾ ਹੈ, ਕਿਸੇ ਨੇ ਪੱਥਰਾਂ ਨੂੰ ਸ਼ਕਲ ਦੇ ਦਿੱਤੀ, ਓਸਨੂੰ ਮੇਰਾ ਰੂਪ ਬਣਾ ਦਿੱਤਾ, ਉਹਨੂੰ ਮੰਨੀ ਜਾਂਦੇ ਨੇ। ਕਹਿਣ ਲੱਗੇ, ਤੁਸੀਂ ਜਾਓ, ਮੈਂ ਤੁਹਾਨੂੰ ਆਪਣਾ ਪੁੱਤਰ ਬਣਾਉਂਦਾ ਹਾਂ। ਬਲ ਦਿੰਦਾ ਹਾਂ ਸਾਰਾ, ਜੋ ਮੇਰੇ ਵਿੱਚ ਹੈ ਤੇ ਤੁਹਾਡੇ ਵਿੱਚ ਹੈ। ਤੁਸੀਂ ਜਾ ਕੇ ਕਬੁੱਧੀ ਨੂੰ ਹਟਾਓ, ਜੋ ਕਬੁੱਧੀ ਲੋਕ ਕਰ ਰਹੇ ਨੇ। ਗਲਤ ਧਾਰਨਾਵਾਂ ਦੇ ਵਿੱਚ ਪੈ ਗਏ, ਗਲਤ ਖਿਆਲ ਪੈਦਾ ਹੋ ਗਏ। ਇਨ੍ਹਾਂ ਨੂੰ ਸ਼ੁੱਧ ਗਿਆਨ ਦਿਓ। ਇਨ੍ਹਾਂ ਨੂੰ ਫਰਜ਼ਾਂ ਤੋਂ ਜਾਣੂ ਕਰਾਓ। ਸੰਸਾਰ ਦਾ ਕੰਮ ਜਿਹਦੇ ਨਾਲ ਸਹੀ ਚਲਦਾ ਰਹੇ, ਉਹ ਜਾ ਕੇ ਤੁਸੀਂ ਆਦਰਸ਼ ਸੰਸਾਰ ਦੇ ਵਿਚ ਪ੍ਰਗਟ ਕਰੋ। ਅੱਜ ਗੁਰੂ ਮਹਾਰਾਜ ਨੇ ਓਸ ਆਦਰਸ਼ ਨੂੰ ਪ੍ਰਗਟ ਕਰਨ ਵਾਸਤੇ ਬਹੁਤ ਵੱਡਾ ਦੀਵਾਨ ਲੱਗਿਆ ਹੋਇਆ ਹੈ, ਪਹਿਲਾਂ ਹੀ ਮਹਾਰਾਜ ਨੇ ਲਿਖ ਦਿੱਤਾ ਸੀ ਕਿਉਂਕਿ ਆਪ ਇਕਾਂਤ ਵਾਸ ਕਰਦੇ ਸੀ, ਸੰਗਤਾਂ ਦਰਸ਼ਨ ਕਰਨਾ ਚਾਹੁੰਦੀਆਂ ਸੀ। ਹੁਕਮ ਹੋ ਗਿਆ ਕਿ ਵਿਸਾਖੀ ਦੇ ਉੱਤੇ ਦਰਸ਼ਨ ਹੋਣਗੇ ਤੇ ਖਿੱਚ ਕਿੰਨੀ ਪਈ ਜ਼ਬਰਦਸਤ ਅੰਦਾਜ਼ਾ ਲਾਓ ਆਪ ਹੀ। ਕਿੰਨੀ ਖਿੱਚ, ਨਾ ਕੋਈ ਸਵਾਰੀ, ਨਾ ਤੁਰਨ-ਫਿਰਨ ਦੀ ਕੋਈ ਸਕਿਊਰਟੀ, ਕਿੱਥੋਂ ਚੱਲੇ, ਲੰਕਾ

ਤਕ ਚੱਲੇ, ਆਸਾਮ ਤੋਂ ਚੱਲੇ, ਸਾਰਾ ਹਿੰਦੋਸਤਾਨ ਉਲਟ ਪਿਆ ਆਨੰਦਪੁਰ ਸਾਹਿਬ ਨੂੰ ਤੇ ਓਸ ਵੇਲੇ ਜਦੋਂ ਸਾਰਿਆਂ ਸੂਬਿਆਂ ਦੇ ਵੱਖ-ਵੱਖ ਬੋਲੀਆਂ ਬੋਲਣ ਵਾਲੇ ਬੰਦੇ, ਵੱਖ-ਵੱਖ ਪੁਸ਼ਾਕਾਂ ਪਹਿਨਣ ਵਾਲੇ ਬੰਦੇ, ਵੱਖ-ਵੱਖ ਰਹੁਰੀਤਾਂ ਨੂੰ ਮੰਨਣ ਵਾਲੇ ਬੰਦੇ, ਸੰਗਤ ਦੇ ਰੂਪ ਵਿੱਚ ਇਕੱਠੇ ਹੋਏ ਤਾਂ ਇੱਕ ਗੱਲ ਸਾਂਝੀ ਸੀ ਕਿ ਸਾਰੇ ਹੀ ਗੁਰੂ ਨਾਨਕ ਪਾਤਸ਼ਾਹ ਦੇ ਆਦਰਸ਼ਾਂ ਨੂੰ, ਬਾਣੀ ਨੂੰ, ਗੁਰੂ ਦਸ਼ਮੇਸ਼ ਪਿਤਾ ਨੂੰ ਪਿਆਰ ਕਰਦੇ ਸੀ, ਇਕ ਸਾਂਝ ਸੀ ਉਨ੍ਹਾਂ ਸਾਰਿਆਂ 'ਚ। ਬਾਕੀ ਵਖਰੇ-ਵਖਰੇ ਕਿਸੇ ਦਾ ਧਰਮ ਕੋਈ, ਕਿਸੇ ਦਾ ਕੋਈ, ਕਿਸੇ ਦਾ ਸੂਬਾ ਕੋਈ, ਕਿਸੇ ਦੀ ਬੋਲੀ ਕੋਈ। ਦੂਰ-ਦਰਾਜ਼ ਤੋਂ ਆਉਂਦੇ ਨੇ, ਭਾਈ ਦਇਆ ਸਿੰਘ ਜੀ ਦਇਆ ਰਾਮ ਜਿਨ੍ਹਾਂ ਦਾ ਨਾਮ ਸੀ, ਲਾਹੌਰ ਤੋਂ ਆਉਂਦੇ ਨੇ, ਭਾਈ ਧਰਮ ਚੰਦ ਜੀ ਹਸਤਨਾਪੁਰ ਤੋਂ ਆਏ। ਭਾਈ ਹਿੰਮਤ ਰਾਏ ਜੀ ਜਗਨਨਾਥਪੁਰੀ ਤੋਂ ਆਏ। ਕਿੱਡੀ ਦੂਰ ਹੈ, ਬਾਰ੍ਹਾਂ ਤੇਰ੍ਹਾਂ ਸੌ ਮੀਲ ਹੈ, ਇਸੇ ਤਰ੍ਹਾਂ ਭਾਈ ਮੋਹਕਮ ਚੰਦ ਜੀ ਦੁਆਰਕਾ ਤੋਂ ਆਏ। ਅੱਜ ਸਿੱਖੀ ਦਾ ਇਮਤਿਹਾਨ ਕਰਨਾ ਸੀ ਕਿ ਸਿੱਖ ਨੂੰ ਗੁਰੂ ਦਾ ਰੂਪ ਕਿਵੇਂ ਦਿੱਤਾ ਜਾ ਸਕਦਾ ਹੈ। ਸਿੱਖ ਨੂੰ ਐਨਾ ਉੱਚਾ ਚੁੱਕ ਦਿਤਾ ਜਾਵੇ ਕਿ ਇਹ ਸਤਿਗੁਰੂ ਦਾ ਕੰਮ ਕਰੇ। ਇਹ ਆਪ ਗੁਰੂ ਦੇ ਬਰਾਬਰ ਹੋ ਜਾਏ। ਇਹ ਜਿਹੜਾ ਭੇਦ ਹੈ ਗੁਰੂ ਤੇ ਸਿੱਖ ਦਾ ਇਹਨੂੰ ਮਿਟਾ ਦੇਈਏ। ਅੱਗੇ ਸਮਾਂ ਦੇਖ ਲਿਆ ਸੀ ਕਿ ਸਮਾਂ ਬੜਾ ਗਲਤ ਆ ਰਿਹਾ ਹੈ ਤੇ ਸਿੱਖ ਦੀ ਐਨੀ ਤਰੱਕੀ ਹੋਣੀ ਚਾਹੀਦੀ ਹੈ ਕਿ –

*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ ॥* *ਅੰਗ – ੧੩੬੯*

ਉਹ ਪ੍ਰਮੇਸ਼ਰ ਦਾ ਰੂਪ ਬਣ ਜਾਵੇ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ – ੨੭੩*

ਕਿਉਂਕਿ ਪ੍ਰਮੇਸ਼ਰ ਬਣ ਗਿਆ ਉਹ। ਐਡਾ ਉੱਚਾ ਆਦਰਸ਼ ਗੁਰੂ ਮਹਾਰਾਜ ਦਾ ਸੀ ਕਿ ਸਿੱਖ ਗੁਰੂ ਦਾ ਰੂਪ ਬਣ ਜਾਏ ਤੇ ਹੁਣ ਇਮਤਿਹਾਨ ਸ਼ੁਰੂ ਕਰ ਦਿੱਤਾ। ਜਦੋਂ ਇਮਤਿਹਾਨ ਸ਼ੁਰੂ ਹੋ ਜਾਏ ਫੇਰ ਵਿਰਲਾ ਹੀ ਪਾਸ ਹੋਇਆ ਕਰਦਾ ਹੈ।

*ਧਾਰਨਾ – ਜਦੋਂ ਲਗਦੀ ਹੈ ਰਾਮ ਕਸੌਟੀ,*
*ਪਾਸ ਹੁੰਦੇ ਮਰਜੀਵੜੇ।*

*ਕਬੀਰ ਕਸਉਟੀ ਰਾਮ ਕੀ*
*ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥*
*ਅੰਗ – ੯੪੮*

ਗੁਰੂ ਦੀ ਲਾਈ ਹੋਈ ਕਸਵੱਟੀ, ਪ੍ਰਮੇਸ਼ਰ ਦੀ ਲਾਈ ਹੋਈ ਕਸਵੱਟੀ ਜਿਹਨੂੰ ਇਮਤਿਹਾਨ ਕਹਿੰਦੇ ਨੇ, ਇਹਦੇ ਵਿਚੋਂ ਸਿਰਫ ਓਹੀ ਪਾਰ ਹੁੰਦਾ ਹੈ ਜਿਹੜਾ ਮਰ ਕੇ ਜੀਉਂਦਾ ਹੋਇਆ ਹੁੰਦਾ ਹੈ। ਜਿਹੜੇ ਅਜੇ ਮਰੇ ਨਹੀਂ ਹਨ, ਉਹ ਨਹੀਂ ਪਾਸ ਹੋਇਆ ਕਰਦੇ, ਕਿਉਂਕਿ ਦੂਰ ਹੈ ਇਹ ਖੇਲ੍ਹ, ਜਿਸਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ –

*ਧਾਰਨਾ – ਡੇਰਾ ਨੀਂ ਜਿੰਦੇ*
*ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ।*

ਸਰੀਰ ਤੋਂ, ਮਨ ਤੋਂ, ਬੁੱਧੀ ਤੋਂ ਸਾਰਿਆਂ ਤੋਂ ਪਰ੍ਹੇ ਹੈ, ਮਾਮੂਲੀ ਗੱਲ ਨਹੀਂ ਹੈ, ਸਭ ਤੋਂ ਪਾਰ ਲੰਘਣਾ ਪੈਂਦਾ ਹੈ। ਬਾਬਾ ਫਰੀਦ ਨੇ 12 ਸਾਲ ਤਪਸਿਆ ਪਹਿਲਾਂ ਕੀਤੀ, 12 ਫੇਰ ਕੀਤੀ, ਪ੍ਰਮੇਸ਼ਰ ਦੀ ਪ੍ਰਾਪਤੀ ਨਾ ਹੋਈ। ਆਵਾਜ਼ ਆਈ –

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ – ੧੩੭੮*

ਉਹ ਤਾਂ ਹਿਰਦੇ 'ਚ ਵਸਦਾ ਹੈ ਜਿਹਨੂੰ ਤੂੰ ਭਾਲਦਾ ਫਿਰਦਾ ਹੈਂ, ਜਾਹ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿੱਚ ਉਹਨੂੰ ਮਨਾ ਲੈ। ਜੇ ਉਹ ਮੰਨ ਗਿਆ ਤੈਨੂੰ ਪ੍ਰਾਪਤੀ ਹੋ ਜਾਏਗੀ ਕਿਉਂਕਿ ਉਸ ਤੋਂ ਬਿਨਾਂ ਨਹੀਂ ਪ੍ਰਾਪਤੀ ਹੁੰਦੀ।

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥* *ਅੰਗ – ੨੦੫*

ਜਦੋਂ ਤਕ ਪੂਰੇ ਸਤਿਗੁਰੂ ਦੀ ਸ਼ਰਨ ਨਹੀਂ ਜਾਂਦਾ ਓਨਾਂ ਚਿਰ ਨਹੀਂ ਮਿਲਦਾ। ਬੁਖਤਿਆਰ ਕਾਕੀ ਦੇ ਕੋਲ ਜਾ ਕੇ ਸੇਵਾ ਕਰਨ ਲਗ ਗਿਆ, ਮੁਰਸ਼ਦ ਧਾਰ ਲਿਆ ਤੇ ਦਿਨ ਰਾਤ ਸੇਵਾ ਕਰਦਾ ਹੈ ਤੇ ਮੁਰਦੇ ਵਾਂਗਣ ਸੇਵਾ ਕਰਦਾ ਹੈ। ਨਾ ਕੋਈ ਮਾਣ ਹੈ, ਨਾ ਕੋਈ ਅਪਮਾਨ ਦੀ ਪ੍ਰਵਾਹ ਹੈ, ਨਾ ਕਿਸੇ ਪ੍ਰਾਪਤੀ ਦੀ ਇੱਛਿਆ ਹੈ, ਨਾ ਕੁਛ ਛੱਡਣ ਦਾ ਦੁੱਖ ਹੈ। ਸੇਵਾ ਕਰ ਰਿਹਾ ਹੈ-

*ਕੋਈ ਭਲਾ ਕਹਉ ਭਾਵੈ ਬੁਰਾ ਕਹਉ*
*ਹਮ ਤਨੁ ਦੀਓ ਹੈ ਢਾਰਿ ॥* *ਅੰਗ – ੫੨੮*

ਦੋਹਾਂ ਗੱਲਾਂ ਤੋਂ ਬਾਹਰ ਲੰਘ ਗਿਆ, ਮੁਰਸ਼ਦ ਨੇ ਇਮਤਿਹਾਨ ਲੈ ਲਿਆ। ਜਿੱਥੇ ਅੱਗ ਰਖਦਾ ਹੁੰਦਾ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਾਉਂਦਾ ਸੀ, ਐਡੇ ਜ਼ੋਰ ਦੀ ਬਾਰਿਸ਼ ਹੋਈ, ਪੋਹ ਦਾ ਮਹੀਨਾ ਹੈ, ਠੰਢ ਪੈਂਦੀ ਹੈ, ਬੇਅੰਤ ਠੰਢ ਹੈ ਤੇ ਬਹੁਤ ਤੇਜ਼ ਹਵਾ ਚੱਲ ਰਹੀ ਹੈ। ਝਾਂਜਾ ਚੱਲ ਰਿਹਾ ਹੈ, ਐਡੀ ਬੁਛਾੜ ਆਈ ਕਿ ਅੱਗ ਦਾ ਜੋ ਭੰਡਾਰ ਸੀ ਉਹਦੇ ਉਤੇ ਪੈ ਕੇ ਸਾਰੀ ਅੱਗ ਬੁਝ ਗਈ।

ਅੰਮ੍ਰਿਤ ਵੇਲੇ ਜਾਗਦਾ ਹੈ, ਜਾਗ ਕੇ ਦੇਖਦਾ ਹੈ ਕਿ ਇਹ ਤਾਂ ਚੌਵੀ ਸਾਲ ਦੀ ਤਪਸਿਆ, 38 ਸਾਲ ਦੀ ਕੀਤੀ ਹੋਈ ਸੇਵਾ ਜੇ ਅੱਜ ਮੈਂ ਫੇਲ੍ਹ ਹੋ ਗਿਆ ਤਾਂ ਇਹ ਜ਼ੀਰੋ ਬਣ ਜਾਣੀ ਹੈ। ਕਿਉਂਕਿ ਬਹੁਤ ਔਖੀ ਹੈ ਗੁਰੂ ਤੇ ਪੀਰਾਂ ਦੀ ਚਾਕਰੀ। ਸ਼ਹਿਰ ਨੂੰ ਚਲਿਆ ਜਾਂਦਾ ਹੈ ਜਾ ਕੇ ਇੱਕ ਘਰ 'ਚ ਦੀਵਾ ਜਲਦਾ ਦੇਖ ਕੇ ਦਸਤਕ ਦਿਤੀ, ਅਵਾਜ਼ ਆਈ ਕੌਣ? ਕਹਿਣ ਲੱਗਿਆ, ਮੈਂ ਫਰੀਦ! ਕੋਣ ਫਰੀਦ? ਕਹਿਣ ਲੱਗਿਆ ਮੈਂ ਮੁਰਸ਼ਦ ਬੁਖਤਿਆਰ ਕਾਕੀ ਜੀ ਦੇ ਤਕੀਏ 'ਤੇ ਰਹਿੰਦਾ ਹਾਂ।

ਕੀ ਲੋੜ ਪੈ ਗਈ ਫਰੀਦਾ? ਇਹ ਤਾਂ ਵੇਸਵਾ ਦਾ ਘਰ ਹੈ, ਜਿਥੇ ਨਰਕਾਂ ਦਾ ਟਿਕਟ ਮਿਲਦਾ ਹੈ। ਇਹ ਪੀਰਾਂ ਫਕੀਰਾਂ ਦਾ ਥਾਉਂ ਨਹੀਂ ਆਉਣ ਦਾ।

ਕਹਿਣ ਲੱਗੇ, ਬੀਬਾ! ਮੈਨੂੰ ਤੇਰੇ ਤਕ ਕੰਮ ਹੈ। ਮੈਨੂੰ ਅੱਗ ਚਾਹੀਦੀ ਹੈ, ਅੱਗ ਬੁਝ ਗਈ। ਮੁਰਸ਼ਦ ਦੇ ਇਸ਼ਨਾਨ ਦਾ ਵੇਲਾ ਹੋ ਆਇਆ। ਕ੍ਰਿਪਾ ਕਰ ਮੇਰੇ ਉੱਤੇ।

ਕਹਿਣ ਲੱਗੀ, ਫਰੀਦਾ! ਕਦੇ ਮੁਫਤ ਵੀ ਚੀਜ਼ਾਂ ਮਿਲਦੀਆਂ ਹੁੰਦੀਆਂ ਨੇ?

ਕਹਿਣ ਲੱਗੇ ਕਿ ਬੀਬਾ! ਵੱਡੀ ਤੋਂ ਵੱਡੀ ਚੀਜ਼ ਜਿਹੜੀ ਤੂੰ ਕਹੇਂ ਮੈਂ ਦੇਣ ਨੂੰ ਤਿਆਰ ਹਾਂ। ਤਨ ਕੀ ਹੈ?-

*ਤਨ ਗੰਦਗੀ ਕੀ ਕੋਠੜੀ*
*ਹਰਿ ਹੀਰਿਆਂ ਕੀ ਖਾਣ,*
*ਸਿਰ ਦਿਤਿਆ ਜੇ ਹਰਿ ਮਿਲੇ*
*ਤਾਂ ਵੀ ਸਸਤਾ ਜਾਣ।*

ਕਿਉਂਕਿ ਦੇਹ-ਅਧਿਆਸ ਜਿਹੜਾ ਹੈ ਇਹੀ ਰੁਕਾਵਟ ਪਾਉਂਦਾ ਹੈ, ਗੁਰੂ ਤੇ ਸਿੱਖ ਦੇ ਮਿਲਾਪ ਵਿੱਚ। ਅੱਗ ਲੈ ਆਉਂਦਾ ਹੈ, ਮੁਰਸ਼ਦ ਪ੍ਰਸੰਨ ਹੋ ਗਿਆ। ਬ੍ਰਹਮਗਿਆਨ ਦੀ ਦਾਤ ਦੇ ਦਿੱਤੀ।

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*

*ਅੰਗ - ੨੦੬*

ਉਹਨੂੰ ਬ੍ਰਹਮ ਤੇ ਜੀਵ ਦੀ ਏਕਤਾ ਦਾ ਉਪਦੇਸ਼ ਸੁਣਾਉਂਦਾ ਹੈ ਜਿਹਦੇ ਉੱਤੇ ਅਤੀ ਪ੍ਰਸੰਨ ਹੋ ਜਾਵੇ।

ਇਸੇ ਤਰ੍ਹਾਂ ਦੇ ਨਾਲ ਇਮਤਿਹਾਨ ਸ਼ੁਰੂ ਹੋ ਗਿਆ। ਗੁਰੂ ਮਹਾਰਾਜ ਅਚਾਨਕ ਸਿੰਘਾਸਨ 'ਤੇ ਖੜ੍ਹੇ ਹੋ ਜਾਂਦੇ ਨੇ, ਆਵਾਜ਼ ਦਿੱਤੀ ਕਿ ਇੱਕ ਸੀਸ ਦੀ ਲੋੜ ਹੈ ਸਾਡੇ ਸ੍ਰੀ ਸਾਹਿਬ ਨੂੰ। ਆਜ਼ਾਦੀ ਦੀ ਦੇਵੀ ਨੂੰ ਮਨਾਉਣਾ ਹੈ, ਉਠੋ! ਕੋਈ ਪਿਆਰਾ ਆਪਣਾ ਸੀਸ ਭੇਟ ਕਰੋ। ਇੱਥੇ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਮਹਾਰਾਜ ਸਾਰੇ ਦੀਵਾਨ ਵਲ ਦੇਖਦੇ ਨੇ, ਕੋਈ ਨਾ ਉਠਿਆ। ਕਾਫੀ ਦੇਰ ਲੱਗ ਗਈ, ਦੁਬਾਰਾ ਫੇਰ ਮਹਾਰਾਜ ਨੇ ਆਵਾਜ਼ ਦਿੱਤੀ, ਓ ਪਿਆਰਿਓ! ਕੋਈ ਤਾਂ ਉਠੋ। ਉਠੋ ਕੋਈ ਆਪਣਾ ਸੀਸ ਭੇਟ ਕਰੋ। ਕਹਿੰਦੇ ਫੇਰ ਵੀ ਨਾ ਕੋਈ ਉਠਿਆ, ਨੀਵੀਆਂ ਪਾ ਲਈਆਂ। ਤੀਸਰੀ ਵਾਰੀ ਆਵਾਜ਼ ਦਿੱਤੀ, ਕਹਿੰਦੇ ਫੇਰ ਉੱਠਿਆ। ਇਹ ਤਾਂ ਹੈਗਾ ਇਤਿਹਾਸਕ ਪੱਖ। ਮੈਂ ਇਹਦੇ ਨਾਲ ਸਹਿਮਤ ਨਹੀਂ ਹਾਂ। ਕਿਉਂ ਨਹੀਂ ਹਾਂ, ਇਸ ਕਰਕੇ ਕਿ ਕੋਈ ਵੀ ਗੁਰਸਿੱਖ ਐਸਾ ਨਹੀਂ ਸੀ, ਐਡੀ ਵੱਡੀ ਸੰਗਤ 'ਚ ਗੁਰੂ ਦਸ਼ਮੇਸ਼ ਪਿਤਾ ਦਾ ਸਮਾਂ ਹੋਵੇ, ਗੁਰੂ ਨਾਨਕ ਤੋਂ ਸਿੱਖੀ ਚਲਦੀ ਆ ਰਹੀ ਹੋਵੇ, ਕੀ ਇੱਕ ਵੀ ਸਿੱਖ ਨਹੀਂ ਸੀ ਜਿਹਦਾ ਦੇਹ-ਅਧਿਆਸ ਟੁੱਟਿਆ ਹੋਵੇ। ਸਾਰੇ ਦੀਵਾਨ 'ਚ ਇੱਕ ਵੀ ਨਹੀਂ ਸੀ ਕੀ ਪਿਆਰ ਵਾਲਾ? ਇਹ ਬੜਾ ਭੁਲੇਖਾ ਹੈ ਸਾਧਸੰਗਤ ਜੀ! ਸਿੱਖੀ ਐਨੀ ਕਮਜ਼ੋਰ ਤਾਂ ਨਹੀਂ ਸੀ। ਸਿੱਖੀ ਦੀ ਪਰਖ ਤਾਂ ਅਜੇ ਹੋ ਕੇ ਹਟੀ ਸੀ, ਗੁਰੂ ਨੌਵੇਂ ਪਾਤਸ਼ਾਹ ਦੇ ਵੇਲੇ, ਭਾਈ ਮਤੀ ਦਾਸ ਦੇ ਸੀਸ 'ਤੇ ਆਰਾ ਚੱਲਣ ਲੱਗਿਆ, ਅੱਖਾਂ ਦੇ ਵਿੱਚ ਚਮਕ ਆ ਗਈ। ਮੂੰਹ ਦੇ ਉੱਤੇ ਲਾਲੀ ਆ ਗਈ। ਜਲਾਦ ਠਹਿਰ ਗਿਆ। ਕਹਿਣ ਲੱਗਿਆ, ਮਤੀਦਾਸਾ! ਮੈਂ ਤਾਂ ਮਰੇ ਹੋਏ ਹੀ ਚੀਰੇ ਨੇ, ਲੇਕਿਨ ਅੱਜ ਮੈਨੂੰ ਐਉਂ ਲੱਗਿਆ ਕਿ ਮੇਰੇ ਆਰੇ ਦੇ ਥੱਲੇ ਕੋਈ ਜੀਉਂਦਾ ਬੰਦਾ ਆ ਗਿਆ। ਤੂੰ ਦਸ ਸਕਦਾ ਹੈਂ ਕਿ ਤੇਰੇ ਨੇਤਰਾਂ 'ਚ ਕਿਉਂ ਚਮਕ ਆਈ। ਤੇਰੇ ਚਿਹਰੇ ਦੇ ਉੱਤੇ ਮੁਸਕਰਾਹਟ ਕਿਉਂ ਆਈ? ਆਹ ਲਾਲ ਰੰਗ ਚਿਹਰੇ 'ਤੇ ਕਿੱਥੋਂ ਆ ਗਿਆ। ਇਹ ਤਾਂ ਸੂਹਾ ਰੰਗ ਚੜ੍ਹ ਗਿਆ। ਇਹਨੂੰ ਦੱਸ ਸਕਦਾ ਹੈ ਕੀ ਤੂੰ?

ਕਹਿਣ ਲੱਗੇ, ਜਲਾਦ! ਹੁਣ ਤਾਂ ਸਮਾਂ ਨਹੀਂ ਹੈ?

ਕਹਿੰਦਾ, ਮਤੀਦਾਸਾ! ਮੌਤ ਤੋਂ ਤਾਂ ਵੱਡੇ-ਵੱਡੇ ਡਰ ਜਾਂਦੇ ਨੇ, ਤੂੰ ਨਹੀਂ ਡਰਿਆ। ਤੈਨੂੰ ਡਰ ਨਹੀਂ ਲੱਗਿਆ? ਕਹਿੰਦੇ, ਨਾ ਮੈਂ ਤਾਂ ਆਪਣੇ ਘਰ ਨੂੰ ਜਾ ਰਿਹਾ ਹਾਂ। ਮੈਨੂੰ ਤਾਂ ਸਗੋਂ ਖੁਸ਼ੀਆਂ ਚੜ੍ਹ ਰਹੀਆਂ ਨੇ।

*ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ,*
*ਮੇਰੇ ਮਨ ਆਨੰਦ ਹੈ ਪਿਆਰਿਓ!*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ - ੧੩੬੫*

ਕਹਿਣ ਲੱਗੇ, ਜਲਾਦ! ਮੌਤ ਜਿਸਨੂੰ ਆਖਦੇ ਨੇ, ਇਹ ਕੇਵਲ ਅਗਿਆਨੀ ਪੁਰਸ਼ ਨੂੰ ਆਇਆ

ਕਰਦੀ ਹੈ, ਗਿਆਨਵਾਨ ਪੁਰਸ਼ ਨੂੰ ਤਾਂ ਮੌਤ ਛੋਹ ਨਹੀਂ ਸਕਦੀ, ਕਿਉਂਕਿ ਉਸਨੇ ਪਹਿਲਾਂ ਹੀ ਅਕਾਲ ਮੰਡਲ ਵਿੱਚ ਪ੍ਰਵੇਸ਼ ਕੀਤਾ ਹੁੰਦਾ ਹੈ ਉਸਨੇ। ਕਿਉਂਕਿ ਉਥੇ ਮੌਤ ਪਹੁੰਚਦੀ ਨਹੀਂ ਹੈ।

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥*

*ਅੰਗ - ੨੭੩*

ਮਰਦਾ ਕੀ ਹੈ? ਅਗਿਆਨ ਮਰਦਾ ਹੈ, ਸਰੀਰ ਮਰਦਾ ਹੈ। ਜਿਹੜਾ ਇਹਦੇ ਵਿੱਚ ਹੈ ਆਤਮ ਸਰੂਪ ਆਪਣਾ, ਉਹ ਤਾਂ ਮਰਦਾ ਹੀ ਨਹੀਂ, ਉਹਦੇ ਨੇੜੇ ਤਾਂ ਆਰਾ ਜਾਂਦਾ ਹੀ ਨਹੀਂ। ਨਾ ਤਲਵਾਰ ਜਾਂਦੀ ਹੈ। ਕਹਿਣ ਲੱਗੇ, ਜਲਾਦ! ਇਹ ਮੌਤ ਦਾ ਜਿਹੜਾ ਭੇਤ ਹੈ ਇਹ ਗੁਰਸਿੱਖਾਂ ਦੇ ਸਾਮ੍ਹਣੇ ਖੁਲ੍ਹਿਆ ਹੋਇਆ ਹੈ। ਸਾਨੂੰ ਮੌਤ ਨਹੀਂ ਮਾਰ ਸਕਦੀ। ਸਰੀਰ ਚੀਰ ਦਏਂਗਾ, ਇਹ ਵਿਨਾਸ਼ ਹੋਣ ਵਾਲੀ ਚੀਜ਼ ਹੈ। ਅੱਜ ਹੋ ਗਈ ਕਿ ਹੋਰ ਦਸ ਸਾਲ ਨੂੰ ਹੋ ਗਈ। ਇਹਨੇ ਜਾਣਾ ਹੀ ਜਾਣਾ ਹੈ। ਸੋ ਡਰ ਕਿਸ ਚੀਜ਼ ਦਾ, ਅਸੀਂ ਤਾਂ ਆਪਣੇ ਘਰ ਨੂੰ, ਆਪਣੇ ਸਰੂਪ ਵਿੱਚ ਜਾ ਰਹੇ ਹਾਂ। ਸਰੀਰ ਵਿੱਚ ਰਹਿੰਦੇ ਹੋਏ ਕਿੰਨੀਆਂ ਬਿਆਧੀਆਂ ਨੇ, ਰੋਜ਼ ਪ੍ਰਸ਼ਾਦੇ ਛਕੋ, ਰੋਜ਼ ਨਹਾਓ, ਰੋਜ਼ ਖਾਣ ਵਾਸਤੇ ਕਰੋ, ਕਦੇ ਬੀਮਾਰ ਹੋ ਗਿਆ, ਕਦੇ ਰਾਜ਼ੀ ਹੋ ਗਿਆ ਸਰੀਰ। ਸਾਡੇ ਤਕ ਤਾਂ ਨਾ ਕੋਈ ਰੋਗ ਪਹੁੰਚ ਸਕਦਾ ਹੈ, ਨਾ ਕੋਈ ਬੀਮਾਰੀ, ਨਾ ਕੋਈ ਗਮ। ਉਥੇ ਤਾਂ ਸਦਾ ਆਨੰਦ ਦੀ ਦਸ਼ਾ ਹੈ, ਪਰਮ ਆਨੰਦ ਦੀ। ਸੋ ਉਹ ਆਨੰਦ ਮੇਰੇ ਮਨ ਵਿੱਚ ਹੈ, ਕਿਉਂਕਿ ਮੈਂ ਆਪਣੇ ਘਰ ਵਿੱਚ ਜਾਣਾ ਹੈ। ਸੋ ਇਹ ਜਿਹੜਾ ਕਹਿਣਾ ਹੈ ਕਿ ਤਿੰਨ ਵਾਰੀ ਗੁਰੂ ਸਾਹਿਬ ਨੇ ਆਵਾਜ਼ ਦਿੱਤੀ, ਇਹਦਾ ਮਤਲਬ ਹੈ ਕਿ ਸਾਰੀ ਸੰਗਤ ਦੇ ਵਿੱਚ ਇੱਕ ਵੀ ਗਿਆਨ ਵਾਲਾ ਨਹੀਂ ਸੀ ਬੈਠਾ। ਕਿੱਡੀ ਗਲਤ ਗੱਲ ਕਹਿ ਦਿੱਤੀ। ਉਹਦੇ ਵਿੱਚ ਭਾਈ ਦਇਆ ਸਿੰਘ ਜੀ ਪੂਰਨ ਬ੍ਰਹਮਗਿਆਨੀ, ਪੂਰਨ ਯੋਗੀ, ਮਹਾਨ ਵਿਦਵਾਨ, ਦੇਹ ਅਧਿਆਸ ਜਿਨ੍ਹਾਂ ਦਾ ਟੁੱਟਿਆ ਹੋਇਆ ਸੀ। ਆਪਣੇ ਆਪ ਨੂੰ ਦੇਹ ਨਹੀਂ ਸੀ ਸਮਝਦੇ, ਦੇਹ ਤੋਂ ਉਤੇ ਆਤਮ ਸੂਰਪ, ਪ੍ਰਮੇਸ਼ਰ ਦਾ ਸਰੂਪ ਸੀ ਉਹ, ਕਿਉਂਕਿ ਜਦੋਂ ਦ੍ਵੈਤ ਮਿਟ ਜਾਵੇ, ਹਉਮੈ ਦਾ ਨਾਸ਼ ਹੋ ਜਾਵੇ, ਉਸ ਵੇਲੇ ਪ੍ਰਮੇਸ਼ਰ ਹੀ ਹੁੰਦਾ ਹੈ ਸਰੀਰ ਦੇ ਅੰਦਰ ਤੇ ਐਹੋ ਜਿਹੇ ਮਹਾਨ ਪੁਰਸ਼ ਬੈਠੇ ਹੋਣ, ਇਹ ਗੱਲ ਕੱਚੀ ਕਰ ਦਿੱਤੀ ਜਾਵੇਗੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਦਾਤਾ ਮੰਗਦਾ ਹੋਵੇ ਕੁਛ? ਉਹਨੂੰ ਦੇਣ ਤੋਂ ਗੁਰੇਜ਼ ਕਰਦਾ ਹੋਵੇ ਦੀਵਾਨ। ਆਹ ਗੱਲ ਨਹੀਂ ਹੈ।

ਗੁਰੂ ਮਹਾਰਾਜ ਨੇ ਜਿਸ ਵਕਤ ਬਚਨ ਕੀਤਾ, ਪੂਰਨ ਵਿਸ਼ਵਾਸ਼ ਵਾਲਾ ਗੁਰਸਿੱਖ, ਗੁਰੂ ਦਾ ਰੂਪ ਹੋਇਆ ਹੋਇਆ, ਕਿਉਂਕਿ ਗੁਰੂ ਦਾ ਰੂਪ ਹੋ ਜਾਂਦਾ ਹੈ ਗੁਰਸਿੱਖ ਜਦੋਂ ਉਸ ਦੀ ਮੈਂ ਮਿਟ ਜਾਦੀ ਹੈ ਤਦੇ ਗੁਰੂ ਤੇ ਉਹਦੇ ਵਿੱਚ ਕੋਈ ਭੇਦ ਨਹੀਂ ਰਿਹਾ ਕਰਦਾ। ਉਸੇ ਵੇਲੇ ਉਠ ਕੇ ਹਾਜ਼ਰ ਹੋ ਗਏ। ਕਹਿਣ ਲੱਗੇ ਪਾਤਸ਼ਾਹ! ਏਸ ਤਨ ਦੀ ਲੋੜ ਹੈ, ਆਪ ਦੇ ਹਾਜ਼ਰ ਹੈ। ਦੂਜੀ ਵਾਰੀ ਮਹਾਰਾਜ ਨੇ ਫੇਰ ਆਵਾਜ਼ ਦਿੱਤੀ, ਕਹਿੰਦੇ ਨੇ ਕਿ ਤੰਬੂ ਵਿੱਚ ਲੈ ਗਏ, ਉਥੇ ਜਾ ਕੇ ਕੀ ਭਾਣਾ ਵਰਤਿਆ, ਬੜੀਆਂ ਗੱਲਾਂ ਨੇ ਇਹਦੇ ਬਾਰੇ। ਆਮ ਲਿਖਾਰੀ ਕੁਛ ਲਿਖਦੇ ਨੇ, ਕੋਈ ਕਹਿੰਦਾ ਹੈ ਬੱਕਰੇ ਬੰਨ੍ਹੇ ਹੋਏ ਸੀ, ਆਪਣੀਆਂ-ਆਪਣੀਆਂ ਦਲੀਲਾਂ ਦਿੰਦੇ ਨੇ। ਕੀ ਦੇਖਿਆ ਸੀ ਤੁਸੀਂ, ਸੌ ਸਾਲ ਬਾਅਦ ਇਤਿਹਾਸ ਲਿਖਿਆ ਹੈ। ਗੁਰਬਾਣੀ ਤੋਂ ਉਲਟ ਦੀਆਂ ਗੱਲਾਂ ਕਰਦੇ ਓਂ।

*ਸਤਿਗੁਰੁ ਮੇਰਾ ਮਾਰਿ ਜੀਵਾਲੈ ॥* *ਅੰਗ - ੧੧੪੨*

ਜੇ ਸਤਿਗੁਰੂ 'ਚ ਆਹੀ ਤਾਕਤ ਨਹੀਂ, ਫੇਰ ਕਾਹਨੂੰ ਅਸੀਂ 300 ਸਾਲ ਤੋਂ ਯਾਦ ਕਰੀਏ। ਉਹ ਮਰਿਆ ਹੋਇਆਂ ਨੂੰ ਜੀਉਂਦਾ ਕਰਦੇ ਨੇ। ਸਤਿਗੁਰੂ ਤਾਂ ਇੱਕ ਪਾਸੇ ਰਿਹਾ, ਬਾਬਾ ਗੁਰਦਿੱਤਾ ਤੋਂ ਗਊ ਮਰ ਗਈ ਤੀਰ ਲਗ ਕੇ। ਨਾੜਾਂ ਨਿਕਲ ਕੇ ਔਹ ਗਈਆਂ ਤੀਰ ਦੇ ਨਾਲ, ਪਹਾੜੀਆਂ ਨੇ ਰੌਲਾ ਪਾ ਦਿੱਤਾ ਕਿ ਬਾਬਾ ਜੀ! ਅਸੀਂ ਰਾਜੇ ਕੋਲ ਸ਼ਿਕਾਇਤ ਕਰਾਂਗੇ। ਪੈਸੇ ਦੇ ਰਹੇ ਨੇ ਕਿ ਹਜ਼ਾਰ ਰੁਪਿਆ ਲੈ ਲਓ, ਦਸ ਗਾਈਆਂ ਆ ਜਾਣਗੀਆਂ। ਜਿੱਦ ਫੜ ਲਈ ਕਿ ਆਹੀ ਗਊ ਚਾਹੀਦੀ ਹੈ। ਵਾਹਿਗੁਰੂ ਆਖ ਕੇ ਛਿੱਟਾ ਦੇ ਦਿੱਤਾ, ਗਊ ਜੀਉਂਦੀ ਹੋ ਗਈ। ਗੁਰੂ ਪਾਤਸ਼ਾਹ ਨੇ ਕਿਹਾ ਕਿ ਟਿਕਾ ਜੀ! ਤੁਸੀਂ ਆਹ ਗੱਲ ਕਰਨੀ ਨਹੀਂ ਸੀ। ਚੁੱਪ ਕਰਕੇ ਚਲੇ ਗਏ, ਜਾ ਕੇ ਮਰਜ਼ੀ ਦੇ ਨਾਲ ਸਰੀਰ ਛੱਡ ਦਿੱਤਾ।

ਭਾਈ ਜੀਵਨ ਗੁਰੂ ਸਤਵੇਂ ਪਾਤਸ਼ਾਹ ਦੇ ਵੇਲੇ, ਬ੍ਰਾਹਮਣ ਦਾ ਲੜਕਾ ਮਰਿਆ ਪਿਆ ਹੈ। ਬ੍ਰਾਹਮਣ ਕਹਿੰਦਾ ਹੈ ਕਿ ਜਾਂ ਤਾਂ ਜੀਉਂਦਾ ਕਰ ਦਿਓ ਜਾਂ ਮੈਂ ਚਿਖਾ ਦੇ ਉੱਤੇ ਬੈਠ ਕੇ ਖੁਦ ਵੀ ਤੁਹਾਡੇ ਦਰਬਾਰ ਸਾਮ੍ਹਣੇ ਜਲ ਜਾਵਾਂਗੇ। ਸਾਰੇ ਮਸੰਦ ਜ਼ੋਰ ਲਾ ਰਹੇ ਨੇ, ਗੁਰੂ ਮਹਾਰਾਜ ਕਹਿੰਦੇ ਜੇ ਐਉਂ ਜੀਉਂਦੇ ਕਰਨ ਲੱਗੇ ਬਾਦਸ਼ਾਹ! ਤਾਂ ਮਰਨੇ ਹੀ ਨਹੀਂ ਫੇਰ। ਐਥੇ ਮੁਰਦਿਆਂ ਦਾ ਢੇਰ ਲੱਗਿਆ ਰਿਹਾ ਕਰੇਗਾ। ਕਹਿੰਦੇ ਜੇ ਜੀਉਂਦਾ ਕਰਨਾ ਹੈ, ਕੋਈ ਆਪਣੀ ਜਾਨ ਦੇ ਦੇਵੇ, ਜੀਉਂਦਾ ਹੋ ਜਾਏਗਾ। ਭਾਈ ਜੀਵਨ ਗਏ, ਜਾ ਕੇ ਲੰਮੇ ਪੈ ਗਏ, ਬ੍ਰਾਹਮਣ ਦਾ ਬੱਚਾ ਜੀਉਂਦਾ ਹੋ ਗਿਆ ਤੇ ਆਪ ਚੜ੍ਹਾਈ ਕਰ ਗਏ। ਬਾਬਾ ਅਟੱਲ ਜੀ ਦੇ ਬਾਰੇ ਸਾਰੇ ਹੀ ਜਾਣਦੇ ਨੇ, ਮੋਹਨ ਦੇ ਜਾ ਕੇ ਖੂੰਡੀ ਪਾ ਕੇ ਕਹਿਣ ਲੱਗੇ, ਬਹਾਨੇ ਕਰਕੇ ਸੁੱਤਾ ਪਿਆ ਹੈਂ ਉੱਠ ਸਾਡੀ ਪਿੱਤ ਦੇ। ਰਾਤ ਦਾ ਸੱਪ ਦਾ ਡੰਗਿਆ ਹੋਇਆ,

ਮਰਿਆ ਹੋਇਆ, ਜ਼ਹਿਰ ਚੜ੍ਹੀ ਹੋਈ ਅੰਗ-ਅੰਗ ਦੇ ਵਿੱਚ, ਸਾਰਾ ਖ਼ੂਨ ਜ਼ਹਿਰੀਲਾ ਹੋਇਆ-ਹੋਇਆ, ਕਿੱਧਰ ਗਈ ਜ਼ਹਿਰ ਉਠ ਕੇ ਬੈਠ ਗਿਆ।

ਸ਼ਮਸ਼ਤਬਰੇਜ਼ ਦੇ ਕੋਲ ਨਵਾਬ ਆਪਣਾ ਮੁਰਦਾ ਲੜਕਾ ਲੈ ਆਉਂਦਾ ਹੈ। ਤਿੰਨ ਵਾਰੀ ਕਿਹਾ ਓ ਲੜਕੇ! ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ, ਲੜਕਾ ਉੱਠਿਆ ਨਾ। ਕਹਿੰਦਾ, ਚੱਲ ਦਰਵੇਸ਼ ਕੇ ਹੁਕਮ ਸੇ ਉੱਠ ਖੜ੍ਹਾ ਹੋ, ਉਸੇ ਵੇਲੇ ਉੱਠ ਕੇ ਬੈਠ ਗਿਆ। ਇੱਕ ਤਾਂ ਨਹੀਂ ਮਿਸਾਲ ਸਾਧਸੰਗਤ ਜੀ! ਇਹ ਗੁਰੂ ਮਹਾਰਾਜ ਦੀ ਗੱਲ ਕਰਨ ਵੇਲੇ ਐਨੀ ਕਮਜ਼ੋਰੀ ਆ ਜਾਂਦੀ ਹੈ, ਐਨੇ ਬੇਦਿਲ ਹੋ ਜਾਦੇ ਨੇ ਕਿ ਡਰਨ ਲਗ ਜਾਂਦੇ ਨੇ ਕਿ ਜੇ ਅਸੀਂ ਲਿਖ ਦਿੱਤਾ ਕਿ ਗੁਰੂ ਮਹਾਰਾਜ ਨੇ ਸੀਸ ਕੱਟ ਦਿੱਤਾ ਤੇ ਫੇਰ ਜੀਉਂਦੇ ਕਰ ਦਿੱਤੇ ਇਹ ਗੱਲ ਮੰਨਣੀ ਨਹੀਂ ਕਿਸੇ ਨੇ। ਆਪਾਂ ਇਹ ਲਿਖ ਦਿਓ ਕਿ ਬੱਕਰੇ ਲਿਆਏ ਹੋਏ ਸੀ, ਕਹਿੰਦੇ ਉਹ ਭਾਈ ਦਇਆ ਸਿੰਘ ਨੂੰ ਅੰਦਰ ਲੈ ਗਏ, ਭਾਈ ਦਇਆ ਸਿੰਘ ਨੂੰ ਕਹਿੰਦੇ ਕਿ ਬੱਕਰੇ ਦਾ ਗਲ ਵੱਢ ਦੇ। ਗਲ ਵੱਢ ਦਿੱਤਾ ਤੇ ਬਹਿ ਗਏ। ਐਨੇ ਨੂੰ ਭਾਈ ਧਰਮ ਸਿੰਘ ਜੀ ਏਸੇ ਤਰ੍ਹਾਂ ਦੇ ਨਾਲ, ਗੁਰੂ ਮਹਾਰਾਜ ਆਵਾਜ਼ ਦਿੰਦੇ ਨੇ ਕਿ ਹੈ ਕੋਈ ਦੂਸਰਾ ਸਿੱਖ, ਇੱਕ ਸੀਸ ਦੀ ਹੋਰ ਲੋੜ ਹੈ। ਕਹਿੰਦੇ ਸਨਾਟਾ ਛਾ ਗਿਆ, ਇਹਦਾ ਮਤਲਬ ਹੈ ਤਿੰਨ ਵਾਰੀ ਪਹਿਲਾਂ ਗੁਰੂ ਮਹਾਰਾਜ ਨੇ ਕਿਹਾ, ਤਿੰਨ ਵਾਰੀ ਫੇਰ ਆ ਕੇ ਕਿਹਾ, ਸਿੱਖਾਂ ਦੇ ਨਿਹਚੇ ਡੋਲ ਗਏ, ਛੇ ਵਾਰੀ ਗੁਰੂ ਮਹਾਰਾਜ ਨੇ ਸੀਸ ਮੰਗਿਆ, ਤਾਂ ਦੂਸਰਾ ਮਿਲਿਆ। ਇਸੇ ਤਰ੍ਹਾਂ ਨੌਂ ਵਾਰੀ ਮੰਗਿਆ ਤਾਂ ਜਾ ਕੇ ਤੀਸਰਾ ਮਿਲਿਆ। ਵੰਗਾਰਾਂ ਤਾਂ ਪਹਿਲੀਆਂ ਵੀ ਵਿਚੇ ਹੀ ਗਿਣੀਆਂ ਜਾਣਗੀਆਂ। ਆਖਰੀ ਦਾ ਸੀਸ ਪੰਦਰਾਂ ਵਾਰੀ ਗੁਰੂ ਮਹਾਰਾਜ ਨੇ ਮੰਗਿਆ। ਕੀ ਐਨੀ ਸਿੱਖੀ ਕਮਜ਼ੋਰ? ਐਸਾ ਨਹੀਂ ਹੈ ਸਾਧਸੰਗਤ ਜੀ, ਸੀਸ ਦੇਣ ਵਾਲੇ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਸੀਗੇ, ਦੇਹ ਅਧਿਆਸ ਟੁੱਟੇ ਹੋਏ ਸੀ ਤੇ ਗੁਰੂ ਨੂੰ ਸਭ ਕੁਛ ਅਰਪਣ ਕਰਨਾ ਚਾਹੁੰਦੇ ਸੀ। ਭਾਈ ਧਰਮ ਸਿੰਘ ਜੀ ਕਹਿੰਦੇ ਨੇ, ਜਦੋਂ ਆਪ ਉੱਠੇ ਨੇ ਆਵਾਜ਼ ਦੇਣ 'ਤੇ ਕਹਿੰਦੇ ਪਾਤਸ਼ਾਹ! ਮੈਂ ਤਾਂ ਤੁਹਾਨੂੰ ਕੁਛ ਨਹੀਂ ਦੇਣਾ। ਜੇ ਮੇਰੇ ਕੋਲ ਕੁਛ ਹੋਵੇ ਤਾਂ, ਤਾਂ ਮੈਂ ਦੇਵਾਂ। ਇਹ ਤਾਂ ਸਭ ਕੁਛ ਤੇਰਾ ਹੀ ਹੈ -

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।*
*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ - ੮੨੭*

ਕਹਿਣ ਲੱਗੇ ਪਾਤਸ਼ਾਹ!ਮੈਂ ਕੀ ਦੇਣਾ ਹੈ ਇਹ ਤਾਂ ਤੇਰਾ ਹੀ ਹੈ ਆਪਣਾ ਆਪ। ਫੇਰ ਕਹਿੰਦੇ, ਫੇਰ ਗੁਰੂ ਮਹਾਰਾਜ ਨੇ ਆਵਾਜ਼ਾਂ ਦਿੱਤੀਆਂ। ਨਾ ਇਸ ਤਰ੍ਹਾਂ ਨਹੀਂ। ਉਹ ਤਾਂ ਉਡੀਕ ਰਹੇ ਸੀ ਕਿ ਹੁਣ ਆਵਾਜ਼ ਉਠੇ ਤੇ ਫੁਰਤੀ ਨਾਲ ਕਿਹੜਾ ਉਠਦਾ ਹੈ। ਉਸ ਵੇਲੇ ਭਾਈ ਹਿੰਮਤ ਸਿੰਘ ਜੀ ਉਠਦੇ ਨੇ, ਕਹਿੰਦੇ ਪਾਤਸ਼ਾਹ! ਦੇਵਾਂ ਤਾਂ, ਤਾਂ ਜੇ ਮੇਰਾ ਕੁਛ ਹੋਵੇ, ਪਾਤਸ਼ਾਹ! -

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ*
*ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ - ੧੩੭੫*

ਮੈਂ ਤਾਂ ਅਮਾਨਤ ਲਈਂ ਫਿਰਦਾ ਸੀ ਸੀਸ ਤੇਰਾ। ਪਾਤਸ਼ਾਹ! ਆਪਣੇ ਸੀਸ ਨੂੰ ਸਾਂਭ, ਲਾ ਜਿਸ ਕੰਮ ਵੀ ਲਾਉਣਾ ਹੈ। ਭਾਈ ਮੋਹਕਮ ਚੰਦ ਦੀ ਵਾਰੀ ਆ ਜਾਂਦੀ ਹੈ ਦੁਆਰਕਾ ਵਾਲਿਆਂ ਦੀ। ਕਹਿੰਦੇ, ਪਾਤਸ਼ਾਹ! ਚੌਥਾ ਨੰਬਰ ਆਇਆ ਮੇਰਾ, ਪਹਿਲਾਂ ਮੈਨੂੰ ਆ ਜਾਣਾ ਚਾਹੀਦਾ ਸੀ। ਮੇਰੇ ਤੋਂ ਪਹਿਲਾਂ ਉਠ ਖੜ੍ਹੇ ਸਾਰੇ। ਹੁਣ ਲੈਣਾ ਕੀ ਹੈ?

*ਜਿਉ ਜਿਉ ਰਾਖਹਿ ਤਿਉ ਤਿਉ ਰਹਣਾ*
*ਤੇਰਾ ਦੀਆ ਖਾਹਿ ॥ ਅੰਗ - ੪੦੬*

ਸੋ ਬਾਅਦ ਵਿੱਚ ਭਾਈ ਸਾਹਿਬ ਸਿੰਘ ਜੀ ਦਾ ਨੰਬਰ ਆ ਗਿਆ, ਬਿਦਰ ਵਾਲਿਆਂ ਦਾ। ਸੋ ਇਸੇ ਤਰ੍ਹਾਂ ਪੰਜੇ ਸੀਸ ਅਰਪਣ ਹੋ ਗਏ, ਮਹਾਰਾਜ ਬਹੁਤ ਚਿਰ ਬਾਹਰ ਨਾ ਆਏ। ਉਸ ਵੇਲੇ ਮਹਾਰਾਜ ਜੀ ਨੇ ਪੰਜਾਂ ਨੂੰ ਬਾਹਰ ਲਿਆਂਦਾ, ਵਸਤਰ ਆਪਣੇ ਵਰਗੇ ਮੰਗਾ ਕੇ ਪਹਿਨਾਅ ਦਿੱਤੇ। ਇੱਕੋ ਰੂਪ ਬਣਿਆ ਆਉਂਦਾ ਹੈ, ਇੱਕੋ ਜਿਹੇ ਵਸਤਰ ਨੇ। ਸੰਗਤਾਂ ਹੈਰਾਨ ਹੋ ਗਈਆਂ। ਦੂਸਰਾ ਦਿਨ ਹੋਇਆ ਤਾਂ ਆਪ ਨੇ ਸਤਲੁਜ ਤੋਂ ਸ਼ੁੱਧ ਜਲ ਮੰਗਾਇਆ ਤੇ ਆਪ ਨੇ ਕੂੰਡੇ ਦੇ ਉੱਤੇ ਰੱਖ ਕੇ ਬੀਰ ਆਸਣ ਹੋ ਕੇ, ਪੰਜਾਂ ਨੂੰ ਸਾਮ੍ਹਣੇ ਖੜ੍ਹਾ ਕਰ ਲਿਆ, ਬਹੁਤ ਸੰਗਤ ਜੁੜ ਗਈ ਕਿ ਕੱਲ੍ਹ ਤਾਂ ਗੱਲ ਕੋਈ ਹੋਰ ਹੀ ਸੀ, ਅਸੀਂ ਐਵੇਂ ਹੀ ਡਰ ਗਏ, ਜਿਹੜੇ ਡਰਪੋਕ ਬੰਦੇ ਸੀ। ਬੇਅੰਤ ਕਿਸਮ ਦੇ ਬੰਦੇ ਸੰਗਤ 'ਚ ਆਉਂਦੇ ਨੇ, ਸਾਰੇ ਤਾਂ ਸ਼ਰਧਾਲੂ ਨਹੀਂ ਹੁੰਦੇ। ਬਹੁਤ ਤਾਂ ਐਵੇਂ ਹੀ ਆਏ ਹੁੰਦੇ ਨੇ। ਕਿੰਨੇ ਕਿਸਮ ਦੇ ਜਗਿਆਸੂ ਨੇ, ਪੰਜ ਕਿਸਮ ਦੀ ਸਿੱਖੀ ਹੈ, ਸੋ ਉਸ ਵੇਲੇ ਬੜੇ ਨੀਝ ਲਾ ਕੇ ਦੇਖ ਰਹੇ ਨੇ ਕਿ ਹੁਣ ਕੀ ਹੋਏਗਾ ਅੱਜ। ਗੁਰੂ ਮਹਾਰਾਜ ਜੀ ਨੇ ਖੰਡਾ ਫੇਰਨਾ ਸ਼ੁਰੂ ਕਰਿਆ ਤੇ ਅੰਮ੍ਰਿਤ ਦੀ ਤਿਆਰੀ ਕਰ ਰਹੇ ਨੇ। ਪੂਰਾ ਜੋਸ਼ ਜਲ ਵਿੱਚ ਭਰ ਰਹੇ ਨੇ। ਜਲ ਕਿਉਂ ਲਿਆ ਮਹਾਰਾਜ ਜੀ ਨੇ? ਹੋਰ ਚੀਜ਼ ਕਿਉਂ ਨਾ ਲਈ ਮਹਾਰਾਜ ਜੀ ਨੇ? ਜਲ ਦੇ ਵਿੱਚ ਸਭ ਤੋਂ ਜ਼ਿਆਦਾ ਪ੍ਰਵੇਸ਼ ਕਰਦੀ ਹੈ ਸ਼ਕਤੀ। ਦੂਸਰੇ ਨੰਬਰ ਦੇ ਉੱਤੇ ਮਿੱਟੀ 'ਚ ਪ੍ਰਵੇਸ਼ ਕਰਦੀ ਹੈ ਜਿਹਨੂੰ ਚਰਨ ਧੂੜ ਕਹਿੰਦੇ ਨੇ ਤੇ ਜਲ ਦੇ ਵਿੱਚ ਸ਼ਕਤੀ ਨੂੰ ਪ੍ਰਵੇਸ਼ ਕਰ ਦਿੱਤਾ। ਬਾਣੀ ਦੀ

ਜੋ ਸ਼ਕਤੀ ਹੈ ਪੰਜ ਬਾਣੀਆਂ ਪੜ੍ਹ ਕੇ ਸ਼ਕਤੀ ਪ੍ਰਵੇਸ਼ ਕਰ ਦਿੱਤੀ। ਉਹਦੇ ਨਾਲ ਕੀ ਸੀ, ਬੰਦਗੀ ਤਾਂ ਸਾਰੇ ਕਰਦੇ ਹੀ ਸੀ, ਨਾਮ ਵੀ ਜਪਦੇ ਸੀ, ਉਹ ਇੱਕ ਐਸਾ ਜਜ਼ਬਾ ਮਹਾਰਾਜ ਜੀ ਨੇ ਲਿਆ ਦਿੱਤਾ ਕਿ ਇਹ ਕੁਰਬਾਨੀ ਦੇਣ ਵੇਲੇ ਕਿਸੇ ਚਿੰਤਾ 'ਚ ਨਾ ਪਵੇ ਤੇ ਬਲ ਹੋਵੇ ਇਹਦੇ ਵਿੱਚ। ਇਹ ਜਿੱਥੇ ਬ੍ਰਾਹਮਣ ਦਾ ਕੰਮ ਕਰੇ, ਬਾਣੀ ਪੜ੍ਹਦਾ ਪੜ੍ਹਾਉਂਦਾ, ਅਨੰਦ ਕਾਰਜ ਕਰਦਾ, ਦੀਵਾਨ ਲਾਉਂਦਾ, ਉਪਦੇਸ਼ ਕਰਦਾ, ਕਥਾ ਕਰਦਾ, ਪਾਠ ਸੁਣਾਉਂਦਾ, ਦਾਨ ਲੈਂਦਾ ਤੇ ਦਾਨ ਦਿੰਦਾ, ਉਥੇ ਕਸ਼ਤਰੀ ਵਾਲਾ ਕੰਮ ਵੀ ਕਰੇ, ਜਦੋਂ ਸਿਰ 'ਤੇ ਆ ਬਣੇ, ਗਰੀਬ ਦੀ ਬੇਬਸੀ ਹੋ ਜਾਵੇ ਉਹਦੀ ਰਾਖੀ ਦੇ ਵਾਸਤੇ ਆਪਣਾ ਤਨ ਬਲੀਦਾਨ ਦੇ ਦੇਵੇ। ਦਾਨ ਕਰ ਦੇਵੇ ਤਨ ਦਾ, ਸੀਸ ਦਾ ਦਾਨ ਕਰ ਦੇਵੇ। ਸੋ ਉਹ ਜਜ਼ਬਾ ਜਿਹੜਾ ਸੀ ਨਵੀਂ ਚੀਜ਼ ਗੁਰੂ ਮਹਾਰਾਜ ਨੇ ਉਸ ਜਲ ਦੇ ਰਾਹੀਂ ਜਿਸਨੂੰ ਪਾਹੁਲ ਕਹਿੰਦੇ ਨੇ ਉਹ ਤਿਆਰ ਕੀਤੀ, ਪਾਣੀ ਥੋੜ੍ਹਾ ਜਿਹਾ ਬਾਹਰ ਡੁੱਲ੍ਹ ਗਿਆ। ਦੋ ਚਿੜੇ ਉਸ ਥਾਂ ਦੇ ਉੱਤੇ ਆਏ ਤੇ ਘੁੱਟ-ਘੁੱਟ ਭਰ ਕੇ ਲੈ ਗਏ, ਪੀਂਦੇ ਸਾਰ ਐਸਾ ਜੋਸ਼ ਅੰਦਰ ਆ ਗਿਆ ਕਿ ਉਥੇ ਹੀ ਲੜਨਾ ਸ਼ੁਰੂ ਕਰ ਦਿੱਤਾ ਉਨ੍ਹਾਂ ਨੇ। ਅੰਮ੍ਰਿਤ ਤਿਆਰ ਹੋ ਗਿਆ ਤੇ ਮਹਾਰਾਜ ਜੀ ਦੇਖਣ ਲਗ ਗਏ ਉਨ੍ਹਾਂ ਵਲ, ਸਾਰੇ ਦੀਵਾਨ ਨੇ ਦੇਖਿਆ, ਉਸ ਵੇਲੇ ਬਾਬੇ ਬੁੱਢੇ ਕੇ, ਬਾਬਾ ਗੁਰਬਖਸ਼ ਸਿੰਘ ਜੀ, ਬਾਬਾ ਰਾਮ ਕੋਇਰ ਪੂਰਨ ਬ੍ਰਹਮਗਿਆਨੀ ਤ੍ਰਿਕਾਲਦਰਸ਼ੀ ਮਹਾਂਪੁਰਸ਼ਾਂ ਨੇ ਦੇਖਿਆ ਕਿ ਇਹ ਜਲ ਪਿਲਾ ਦੇਣਾ ਹੈ ਇਨ੍ਹਾਂ ਨੂੰ, ਇਹ ਤਾਂ ਅਤਿ ਕਰੂਰ ਜਲ ਹੈ, ਕਠੋਰ ਹੋ ਜਾਣਗੇ। ਮਾਤਾ ਜੀਤੋ ਜੀ ਦੇ ਕੋਲ ਜਾਂਦੇ ਨੇ, ਕਹਿਣ ਲੱਗੇ, ਮਾਤਾ ਜੀ! ਗੁਰੂ ਮਹਾਰਾਜ ਨੇ ਅੰਮ੍ਰਿਤ ਤਿਆਰ ਕਰਿਆ ਹੈ, ਨਵਾਂ ਪੰਥ ਸਾਜਣਾ ਹੈ ਤੇ ਜਿਥੇ ਪਿਉ ਦੀ ਲੋੜ ਹੈ, ਉਥੇ ਮਾਤਾ ਦੀ ਵੀ ਲੋੜ ਹੈ। ਮਾਂ ਦੇ ਪਿਆਰ ਦੀ ਲੋੜ ਹੈ, ਪਿਉ ਦੇ ਤੇਜ਼ ਦੀ ਲੋੜ ਹੈ। ਕ੍ਰਿਪਾ ਕਰੋ, ਮਿਠਾਸ ਪਾਓ ਉਹਦੇ 'ਚ ਜਾ ਕੇ। ਉਸੇ ਵੇਲੇ ਮਾਤਾ ਜੀ ਨੇ ਪਤਾਸੇ ਲਏ ਗੁਰੂ ਮਹਾਰਾਜ ਕੋਲ ਆ ਗਏ, ਆ ਕੇ ਆਗਿਆ ਲਈ, ਖੱਬੇ ਪਾਸੇ ਬੈਠ ਗਏ, ਆਗਿਆ ਮਿਲਣ 'ਤੇ ਪਤਾਸੇ, ਆਪ ਨੇ ਜਲ ਵਿੱਚ ਪਾ ਦਿੱਤੇ। ਮਹਾਰਾਜ ਜੀ ਕਹਿਣ ਲੱਗੇ ਕਿ ਇਹ ਤਾਂ ਬਹੁਤ ਵਧੀਆ ਹੋਇਆ ਕਿ ਤੁਸੀਂ ਉਸ ਵੇਲੇ ਆ ਗਏ ਜਦੋਂ ਅਸੀਂ ਨਵਾਂ ਪੰਥ ਤਿਆਰ ਕਰਨ ਲੱਗੇ ਸੀ।

ਕਹਿੰਦੇ ਇਨ੍ਹਾਂ ਨੇ ਤਾਂ ਬਹੁਤ ਲੜਨਾ ਸੀ ਜਿਵੇਂ ਉਹ ਚਿੜੇ ਲੜੇ ਨੇ, ਚੰਗਾ ਹੋਇਆ ਜਦ ਹੁਣ ਲੜਿਆ ਵੀ ਕਰਨਗੇ ਤਾਂ ਮੇਰਾ ਧਿਆਨ ਆ ਜਾਇਆ ਕਰੇਗਾ ਇਨ੍ਹਾਂ ਨੂੰ ਤੇ ਨਾਲ ਬਾਟੇ ਦਾ ਆ ਜਾਇਆ ਕਰੇਗਾ। ਅਸੀਂ ਬਾਟੇ ਦੀ ਸਾਂਝ ਵਾਲੇ ਭਾਈ ਹਾਂ। ਦਸ਼ਮੇਸ਼ ਪਿਤਾ ਦੇ ਪੁੱਤਰ ਹਾਂ, ਉਸ ਵੇਲੇ ਇਹ ਲੜਦੇ-ਲੜਦੇ ਹਟ ਜਾਇਆ ਕਰਨਗੇ। ਸੋ ਮਹਾਰਾਜ ਜੀ ਨੇ ਉਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾ ਦਿੱਤਾ ਤੇ ਉਸ ਤੋਂ ਬਾਅਦ ਕਹਿਣ ਲੱਗੇ ਪਿਆਰਿਓ! ਤੁਹਾਡੀ ਪਦਵੀ ਜੋ ਹੈ ਉਹ ਸਿੱਖ ਦੀ ਨਹੀਂ ਰਹੀ, ਤੁਸੀਂ ਮੇਰਾ ਰੂਪ ਬਣ ਗਏ ਓਂ। ਐਸ ਤਰ੍ਹਾਂ ਦੇ ਨਾਲ ਪੜ੍ਹੋ ਪਿਆਰ ਨਾਲ -

*ਧਾਰਨਾ - ਕਰ ਲਏ ਆਪ ਸਮਾਨ,*
*ਸਤਿਗੁਰੂ ਪੂਰੇ ਨੇ।*

ਆਪਣੇ ਵਰਗੇ ਬਣਾ ਲਏ। ਜਿਹੜੇ ਮੇਰੇ ਵਿੱਚ ਸਮਾਏ ਹੋਏ, ਹਰ ਵਕਤ ਮੇਰੇ ਵਿੱਚ ਰਹਿੰਦੇ ਨੇ, ਕਹਿੰਦੇ ਉਹ ਮੇਰਾ ਰੂਪ ਹੀ ਹੋਇਆ ਕਰਦੇ ਨੇ। ਮੈਂ ਹੀ ਉਨ੍ਹਾਂ 'ਚ ਵਰਤਦਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਇਹ ਭਰਮ ਭੁਲੇਖੇ ਸਾਡੇ ਮਨਾਂ 'ਚ ਪਏ ਹੋਏ ਸਾਧਸੰਗਤ ਜੀ! ਬਈ ਉਨ੍ਹਾਂ ਨੂੰ ਸੱਚਮੁੱਚ ਸ਼ਹੀਦ ਕਰ ਦਿੱਤਾ ਸੀ। ਉਸ ਤੋਂ ਬਾਅਦ ਉਨ੍ਹਾਂ ਦੇ ਸਿਰ ਕਿਵੇਂ ਜੋੜੇ? ਉਨ੍ਹਾਂ ਦਾ ਖੂਨ ਨਿਕਲ ਚੁੱਕਿਆ ਹੋਣਾ ਹੈ ਸਾਰਾ। ਆਹ ਗੱਲਾਂ ਨੇ ਜਿਹੜੀਆਂ ਇਨ੍ਹਾਂ ਦੇ ਬੜੇ ਵਹਿਮ ਪਏ ਹੋਏ ਨੇ।

ਆਹ ਮੈਂ ਇੱਕ ਜਾਦੂਗਰ ਦੇਖਿਆ ਸੀ, ਪਟਿਆਲੇ ਆਇਆ ਸੀ। ਉਹਨੇ ਐਸਾ ਇੱਕ ਖੇਲ੍ਹ ਕਰਿਆ ਕਿ ਇੱਕ ਬੰਦੇ ਨੂੰ ਛੁਰੇ ਦੇ ਉੱਤੇ ਪਾ ਦਿੱਤਾ, ਨਾ ਹੇਠਾਂ ਨਾ ਉੱਤੇ, ਛੁਰੇ ਦੇ ਉੱਤੇ ਖੜ੍ਹਾ ਤੇ ਹੱਥ ਕਰਕੇ ਉਹਦੀ ਜ਼ੁਬਾਨ ਖਿੱਚ ਲਈ, ਡਾ. ਜਗਜੀਤ ਸਿੰਘ ਤੇ ਅਮਰਜੀਤ ਸਿੰਘ ਹੁੰਦੇ ਉਥੇ, ਉਨ੍ਹਾਂ ਨੂੰ ਕਹਿੰਦਾ ਪਰਖ (verify) ਕਰੋ ਕਿ ਇਹ ਜੀਉਂਦਾ ਹੈ ਕਿ ਮਰ ਗਿਆ। ਡਾ. ਕਹਿਣ ਲੱਗਿਆ ਇਹ ਤਾਂ ਮਰ ਗਿਆ, ਖਤਮ ਹੈ ਬਿਲਕੁਲ। ਮੂੰਹ ਵਿੱਚ ਜੀਭ ਹੈ? ਕਹਿੰਦੇ ਨਾ, ਬਿਲਕੁਲ ਨਹੀਂ ਜੀਭ। ਕਹਿੰਦਾ, ਜੀਭ ਤਾਂ ਮੇਰੇ ਹੱਥ ਵਿੱਚ ਹੈ, ਆਹ ਦੇਖੋ। ਜੀਭ ਹੈ ਕੀ ਹੈ? ਕਹਿੰਦੇ ਜੀਭ ਹੈ। ਦੇਖ ਲਈ, ਟੈਸਟ ਕਰ ਲਈ। ਕਹਿੰਦਾ, ਇਸੇ ਦੀ ਜੀਭ ਹੈ? ਆਹ ਕਟੀ ਹੋਈ ਹੈ ਇੱਥੋਂ। ਉਹ ਉਸੇ ਤਰ੍ਹਾਂ ਪਿਆ ਰਿਹਾ ਤੇ ਉਸ ਤੋਂ ਬਾਅਦ ਡੀ.ਸੀ. ਸੀ ਸੰਤ ਪ੍ਰਤਾਪ ਸਿੰਘ, ਵੱਡੀ ਉਮਰ ਦੇ ਸੀ, ਉਹਨੂੰ ਕਹਿੰਦਾ ਡੀ.ਸੀ. ਸਾਹਿਬ ਉਪਰ ਆਇਓ। ਉਪਰ ਆਏ, ਕਹਿਣ ਲੱਗੇ ਕਿ ਦਰਸ਼ਕੋ, ਦੇਖੋ ਤਾਂ ਕੌਣ ਹੈ? ਉਹ ਇਸਤਰੀ ਨਜ਼ਰ ਆਵੇ, ਡੀ.ਸੀ. ਸਾਹਿਬ ਦੀ ਤਾਂ ਪਤਾ ਨਹੀਂ ਕਿੱਧਰ ਸ਼ਕਲ ਚਲੀ ਗਈ, ਸਾੜ੍ਹੀ ਪਾਈ ਹੋਈ, ਔਰਤ ਹੀ ਦਿਸੇ। ਕਹਿੰਦਾ ਹੋਰ ਬੀਬੀਆਂ ਆ ਜਾਓ, ਜਿਹੜੀਆਂ ਆਦਮੀਆਂ ਤੋਂ ਤੰਗ ਨੇ ਤੁਹਾਨੂੰ ਫੇਰ ਆਦਮੀ ਬਣਾ ਦਿੰਦੇ ਹਾਂ, ਇਥੇ ਹੀ ਸ਼ਾਦੀਆਂ ਕਰ ਦੇਵਾਂਗੇ ਤੁਹਾਡੀਆਂ, ਆ ਜਾਓ ਸਾਰੇ। ਸਾਰੇ ਹੈਰਾਨ ਹੋ ਗਏ। ਜਿਸ ਵਕਤ ਖੇਲ੍ਹ ਖਤਮ ਹੋ ਗਿਆ, ਉਸ ਵੇਲੇ ਹੱਥ ਜਿਹਾ ਘੁੰਮਾ

ਕੇ ਜੀਭ ਮਾਰੀ, ਡਾਕਟਰ ਨੂੰ ਕਿਹਾ ਕਿ ਦੇਖੋ, ਜੁੜ ਗਈ? ਕਹਿੰਦੇ, ਜੁੜ ਗਈ। ਹੁਣ ਦੇਖੋ ਤਾਂ ਜੀਉਂਦਾ ਹੋ ਗਿਆ ਕਿ ਮਰਿਆ ਹੀ ਪਿਆ ਹੈ। ਕਹਿੰਦੇ, ਜੀਉਂਦਾ ਹੋ ਗਿਆ, ਇਹਦਾ ਤਾਂ ਦਿਲ ਚਲ ਪਿਆ, ਨਬਜ਼ ਵੀ ਚੱਲ ਪਈ।

ਇੱਕ ਜਾਦੂਗਰ ਦੇ ਵਿੱਚ ਇਹ ਸ਼ਕਤੀ ਹੈ। ਉਹਨੇ ਬਾਅਦ 'ਚ ਦੱਸਿਆ ਕਿ ਮੈਂ ਕੁਛ ਨਹੀਂ ਕਰਿਆ, ਨਾ ਕੋਈ ਮਾਰਿਆ ਹੈ, ਨਾ ਕੋਈ ਜੀਉਂਦਾ ਕਰਿਆ ਹੈ, ਇਹ ਮੈਂ ਤੁਹਾਨੂੰ ਸਾਰਿਆਂ ਨੂੰ ਹਿਪਨੋਟਾਈਜ਼ ਕਰ ਦਿੱਤਾ ਸੀ, ਜਿੰਨੇ ਬੈਠੇ ਸੀ ਤੇ ਜਿਹੜਾ ਕੁਛ ਮੈਂ ਚਾਹੁੰਦਾ ਸੀ, ਉਹ ਤੁਹਾਨੂੰ ਦਿਸਦਾ ਸੀ। ਕਹਿੰਦੇ, ਬੰਦੇ ਤਾਂ ਉਵੇਂ ਜਿਵੇਂ ਸੀਗੇ। ਲੇਕਿਨ ਜੋ ਮੇਰਾ ਖਿਆਲ ਸੀ ਉਹਦੇ ਮੁਤਾਬਿਕ ਸੀ। ਜੇ ਇੱਕ ਜਾਦੂਗਰ 'ਚ ਐਨੀ ਸ਼ਕਤੀ ਹੈ, ਐਹੋ ਜਿਹੇ ਖੇਲ੍ਹ ਕਰ ਸਕਦਾ ਹੈ ਫੇਰ ਗੁਰੂ ਮਹਾਰਾਜ 'ਤੇ ਸ਼ੱਕ ਕਰੀ ਜਾਂਦੇ ਨੇ। ਸੋ ਗੁਰੂ ਮਹਾਰਾਜ ਨੇ ਆਪਣਾ ਸਰੂਪ ਬਣਾ ਲਿਆ, ਅੰਮ੍ਰਿਤ ਛਕਾ ਦਿੱਤਾ, ਉਸ ਤੋਂ ਬਾਅਦ ਕਹਿੰਦੇ ਪਿਆਰਿਓ! ਹੁਣ ਤੁਹਾਡਾ ਤੇ ਮੇਰਾ ਕੋਈ ਫਰਕ ਨਹੀਂ ਹੈ ਤੇ ਤੁਸੀਂ ਤਖਤ ਦੇ ਉੱਤੇ ਬੈਠੋ ਭੂੰਜੇ ਜਾ ਕੇ। ਤਖਤ 'ਤੇ ਬਿਠਾ ਦਿੱਤੇ, ਆਪ ਮਹਾਰਾਜ ਸਾਮ੍ਹਣੇ ਖੜ੍ਹੇ ਹੋ ਗਏ, ਗਲ 'ਚ ਪੱਲਾ ਪਾ ਲਿਆ। ਕਹਿਣ ਲੱਗੇ, ਹੁਣ ਜਿਸ ਤਰ੍ਹਾਂ ਦੇ ਨਾਲ ਮੈਂ ਤੁਹਾਨੂੰ ਰਹਿਤਾਂ ਦੱਸੀਆਂ ਨੇ, ਜਿਸ ਰੀਤੀ ਦੇ ਨਾਲ ਅੰਮ੍ਰਿਤ ਤਿਆਰ ਕਰਿਆ ਹੈ, ਹੁਣ ਨਵਾਂ ਬਾਟਾ ਤਿਆਰ ਕਰੋ ਤੇ ਮੈਨੂੰ ਅੰਮ੍ਰਿਤ ਛਕਾਓ। ਇੱਥੇ ਵੀ ਕਈ ਗੱਲਾਂ ਦਾ ਭੇਤ ਹੈ, ਧਿਆਨ ਨਾਲ ਸਮਝ ਲਓ ਇਹ ਗੱਲ। ਸਾਡੇ ਇਹ ਹੁੰਦਾ ਹੈ ਕਿ ਜਿੰਨਾਂ ਚਿਰ ਬੀਬੀ ਨਾ ਆਵੇ, ਭਾਈ ਨੂੰ ਅੰਮ੍ਰਿਤ ਨਹੀਂ ਛਕਾਉਂਦੇ। ਕਿਸੇ ਇਤਿਹਾਸ 'ਚ ਨਹੀਂ ਲਿਖਿਆ ਹੋਇਆ ਕਿ ਪੰਜ ਪਿਆਰਿਆਂ ਨੇ ਕਿਹਾ ਕਿ ਮਾਤਾਵਾਂ ਨੂੰ ਵੀ ਬੁਲਾਓ ਤੁਸੀਂ ਤਾਂ ਅੰਮ੍ਰਿਤ ਛਕਾਵਾਂਗੇ। ਜਦੋਂ ਗੁਰੂ ਸਾਹਿਬ ਨੇ ਪੰਜਾਂ ਪਿਆਰਿਆ, ਨੂੰ ਅੰਮ੍ਰਿਤ ਛਕਾਇਆ, ਸਾਰੇ ਗ੍ਰਹਿਸਤੀ ਸੀ ਜਿੰਨੇ ਵੀ ਸੀ ਤੇ ਉਨ੍ਹਾਂ ਦੀਆਂ ਘਰਵਾਲੀਆਂ ਦੀਵਾਨ 'ਚ ਬੈਠੀਆਂ ਸੀ। ਭਾਈ ਹਿੰਮਤ ਸਿੰਘ ਜੀ ਦੇ ਬਾਰੇ, ਜਦੋਂ ਜਾਣ ਲੱਗੇ, ਬਾਈ-ਤੇਈ ਸਾਲ ਦੇ ਨੌਜਵਾਨ ਸੀ ਤੇ ਆਪਣੇ ਵਸਤਰ ਲਾਹ ਕੇ, ਜਿਹੜਾ ਵਾਧੂ ਚੁੱਕੀਂ ਫਿਰਦੇ ਸੀ, ਘਰਵਾਲੀ ਨੂੰ ਫੜਾ ਆਏ। ਕਹਿੰਦੇ ਮੈਂ ਤਾਂ ਹੁਣ ਸੀਸ ਦੇਣਾ ਹੈ, ਤੂੰ ਆਹ ਰੱਖ। ਕੋਈ ਆਵਾਜ਼ ਨਹੀਂ ਪਈ ਕਿ ਉਨ੍ਹਾਂ ਨੂੰ ਬੁਲਾ ਲਓ ਕਿ ਉਨ੍ਹਾਂ ਨੂੰ ਵੀ ਨਾਲ ਹੀ ਅੰਮ੍ਰਿਤ ਛਕਾ ਦੇਈਏ। ਰਸਮਾਂ ਰੀਤਾਂ ਹੌਲੀ-ਹੌਲੀ ਬਣ ਜਾਇਆ ਕਰਦੀਆਂ ਨੇ ਬਾਅਦ ਵਿੱਚ। ਸੋ ਗੁਰੂ ਮਹਾਰਾਜ ਇਕੱਲੇ ਸੀਗੇ, ਜਦੋਂ ਅੰਮ੍ਰਿਤ ਛਕਾਉਣ ਲੱਗੇ, ਪੰਜਾਂ ਨੇ ਅੰਮ੍ਰਿਤ ਛਕਾਇਆ, ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਮੇਰਾ ਨਾਮ ਵੀ ਬਦਲੋ, ਜਿਵੇਂ ਤੁਹਾਡੇ ਨਾਮ ਨਾਲ ਸਿੰਘ ਲੱਗਿਆ ਹੈ, ਓਸ ਵੇਲੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਨਾਮ ਰੱਖਿਆ ਤੇ ਉਸ ਵੇਲੇ ਦਾ ਸਮਕਾਲੀ ਕਵੀ ਜੋ ਭਾਈ ਗੁਰਦਾਸ ਸਿੰਘ ਸੀ, ਉਸ ਨੇ ਐਸਾ ਉਚਾਰਨ ਕੀਤਾ।

*ਧਾਰਨਾ - ਵਾਹੁ ਵਾਹੁ ਗੋਬਿੰਦ ਸਿੰਘ ਪਿਆਰਾ।*
*ਆਪੇ ਗੁਰ ਚੇਲਾ।*
*ਹਰਿ ਸੱਚੇ ਤਖਤ ਰਚਾਇਆ*
*ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

*ਭਾਈ ਗੁਰਦਾਸ ਜੀ, ਵਾਰ ੪੧/੧*

ਆਪ ਗੁਰੂ ਮਹਾਰਾਜ ਨੇ ਅੰਮ੍ਰਿਤ ਤਿਆਰ ਕਰਕੇ ਪੰਜ ਪਿਆਰਿਆਂ ਨੂੰ ਛਕਾਇਆ ਤੇ ਖਾਲਸੇ ਦਾ ਆਦਰਸ਼ ਸਮਝਾਇਆ ਤੇ ਉਸ ਤੋਂ ਬਾਅਦ ਆਪ ਨੇ ਹੁਕਮ ਕੀਤਾ ਕਿ ਹੁਣ ਤੁਸੀਂ ਜਿਵੇਂ ਮੈਂ ਕੀਤਾ ਹੈ, ਇਸੇ ਤਰ੍ਹਾਂ ਦੇ ਨਾਲ ਹੁਣ ਤੁਸੀਂ ਮੈਨੂੰ ਅੰਮ੍ਰਿਤ ਦੀ ਦਾਤ ਬਖਸ਼ੋ। ਇਹਦਾ ਮਤਲਬ ਇਹ ਹੈ ਕਿ ਕੋਈ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰੇ ਤੋਂ ਬਗੈਰ ਗੁਰਸਿੱਖੀ ਦੇ ਮੰਡਲ ਵਿੱਚ ਸਿੱਖ ਨਹੀਂ ਕਹਾ ਸਕਦਾ, ਉਹਨੂੰ ਛਕਣਾ ਹੀ ਪੈਣਾ ਹੈ। ਕਿਉਂਕਿ ਨਾਮ ਦੀ ਸ਼ਰਤ ਰੱਖ ਦਿੱਤੀ ਕਿ ਪੰਜ ਪਿਆਰੇ ਨਾਮ ਦੇਣਗੇ।

ਜਦੋਂ ਬਾਬਾ ਸੋਭਾ ਸਿੰਘ ਜੀ ਗੁਰੂ ਮਹਾਰਾਜ ਦੇ ਖਾਨਦਾਨ 'ਚੋਂ, ਬਹੁਤ ਨਜ਼ਦੀਕੀ ਰਿਸ਼ਤੇਦਾਰ, ਭਰਾ ਲਗਦੇ, ਆਪ ਗੁਰੂ ਦਸ਼ਮੇਸ਼ ਪਿਤਾ ਦੇ ਦਰਬਾਰ 'ਚ ਹਾਜ਼ਰ ਹੋਏ, ਕਹਿਣ ਲੱਗੇ, ਪਾਤਸ਼ਾਹ! ਤੁਸੀਂ ਸਾਰੇ ਸੋਢੀਆਂ ਤੇ ਬੇਦੀਆਂ ਨੂੰ ਕਹਿ ਦਿੱਤਾ ਕਿ ਤੁਸੀਂ ਅੰਮ੍ਰਿਤ ਛਕੋ ਤਾਂ ਸਿੱਖੀ ਮੰਡਲ 'ਚ ਰਹੋਂਗੇ। ਸੋ ਮੈਂ ਤਾਂ ਤੁਹਾਡੇ ਤੋਂ ਅੰਮ੍ਰਿਤ ਛਕਣਾ ਹੈ। ਤੁਸੀਂ ਆਪਣੇ ਕਰ ਕਮਲਾਂ ਦੇ ਨਾਲ ਮੈਨੂੰ ਅੰਮ੍ਰਿਤ ਛਕਾਓ। ਕਹਿਣ ਲੱਗੇ, ਸੋਭਾ ਸਿੰਘ ਜੀ! ਅਸੀਂ ਹੁਣ ਜਿਹੜੀ ਗੁਰੂ ਦੀ ਕ੍ਰਿਆ ਸੀ, ਪਹਿਲਾਂ ਚਰਨਾਮ੍ਰਿਤ ਦਇਆ ਕਰਦੇ ਸੀ ਗੁਰੂ। ਉਹ ਅਸੀਂ ਰੀਤ ਸਮੇਂ ਨੂੰ ਵਿਚਾਰ ਕੇ ਬਦਲ ਦਿੱਤੀ। ਗੁਰੂ ਨੇ ਨਹੀਂ ਅੰਮ੍ਰਿਤ ਕਿਸੇ ਨੂੰ ਵੀ ਛਕਾਉਣਾ। ਹੁਣ ਗੁਰੂ ਦੇ ਸਾਜੇ ਹੋਏ ਜਿਹੜੇ ਉਨ੍ਹਾਂ ਦਾ ਰੂਪ ਬਣੇ ਹੋਏ ਨੇ, ਉਹ ਤੁਹਾਨੂੰ ਬ੍ਰਹਮਗਿਆਨ ਦੀ ਦਾਤ, ਨਾਮ ਦੀ ਦਾਤ ਉਨ੍ਹਾਂ ਤੋਂ ਪ੍ਰਾਪਤ ਹੋਏਗੀ, ਉਹ ਭਾਈ ਦਇਆ ਸਿੰਘ ਜੀ ਪਰਮ ਉਤਮ ਬ੍ਰਹਮਗਿਆਨੀ ਮਹਾਂਪੁਰਸ਼ ਨੇ, ਤੁਸੀਂ ਉਨ੍ਹਾਂ ਤੋਂ ਦਾਤ ਪ੍ਰਾਪਤ ਕਰੋ। ਸੋ ਆਪ ਨੂੰ ਭਾਈ ਦਇਆ ਸਿੰਘ

ਜੀ ਦੇ ਹਜ਼ੂਰ ਜਾਣਾ ਪਿਆ, ਉਨ੍ਹਾਂ ਤੋਂ ਜਾ ਕੇ ਅੰਮ੍ਰਿਤ ਛਕਣਾ ਪਿਆ। ਭਾਈ ਦਇਆ ਸਿੰਘ ਜੀ ਦੀ ਸੰਪਰਦਾ ਦੇ ਦੂਸਰੇ ਮਹਾਂਪੁਰਸ਼ ਬਾਬਾ ਸੋਭਾ ਸਿੰਘ ਜੀ ਹੋਏ ਨੇ। ਬਾਬਾ ਸੋਭਾ ਸਿੰਘ ਜੀ ਤੋਂ ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ ਗੁਰੂ ਨਾਨਕ ਪਾਤਸ਼ਾਹ ਤੋਂ ਗਿਆਰ੍ਹਵੀਂ ਥਾਂ, ਉਨ੍ਹਾਂ ਨੂੰ ਵੀ ਅੰਮ੍ਰਿਤ ਛਕਣਾ ਪਿਆ, ਸਿੱਖੀ ਦੇ ਮੰਡਲ ਵਿੱਚ ਰਹਿਣ ਵਾਸਤੇ। ਉਨ੍ਹਾਂ ਦੇ ਪਿਤਾ ਬਾਬਾ ਅਜੀਤ ਸਿੰਘ ਜੀ ਨੂੰ ਵੀ ਅੰਮ੍ਰਿਤ ਛਕਣਾ ਪਿਆ, ਬਾਬਾ ਕਲਾਧਾਰੀ ਨੇ ਗੁਰੂ ਦਸ਼ਮੇਸ਼ ਪਿਤਾ ਜੀ ਨੂੰ ਪੁੱਛਿਆ ਕਿ ਹੁਣ ਸਾਡਾ ਦੱਸੋ। ਮਹਾਰਾਜ ਕਹਿੰਦੇ, ਪੰਥ 'ਚ ਰਲਣ ਵਾਸਤੇ ਅੰਮ੍ਰਿਤ ਛਕਣਾ ਪੈਣਾ ਹੈ ਤੁਹਾਨੂੰ। ਬੇਦੀ ਕੁਲ ਸੋਢੀ ਕੁਲ ਕੋਈ ਨਹੀਂ ਫਰੀ ਬਾਹਰ ਰਿਹਾ, ਸਭ ਨੂੰ ਅੰਮ੍ਰਿਤ ਛਕਾਇਆ। ਅੰਮ੍ਰਿਤ ਛਕਾਉਣ ਤੋਂ ਬਾਅਦ ਬਹੁਤ ਸਾਰੇ ਸਿੰਘ ਉਠ ਖੜ੍ਹੇ, ਵੀਹ ਉਠੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਦਿਤਾ, ਉਸ ਤੋਂ ਬਾਅਦ ਡੇਢ ਸੌ ਉਠਿਆ ਉਨ੍ਹਾਂ ਨੂੰ ਛਕਾ ਦਿੱਤਾ ਤੇ ਲਿਖਦੇ ਨੇ ਤਵਾਰੀਖ ਵਾਲੇ, ਗੁਲਾਮ ਹੁਸੈਨ, ਕਹਿਣ ਲੱਗੇ, ਮੈਂ ਵਿੱਚ ਬੈਠਾ ਸੀ, ਮੈਂ ਰਿਪੋਰਟ ਭੇਜੀ ਔਰੰਗਜ਼ੇਬ ਨੂੰ ਤੇ ਮੈਂ ਮੋਟੀ ਜਿਹੀ ਗਿਣਤੀ ਲਾਈ ਕਿ ਓਸ ਵੇਲੇ ਵੀਹ ਹਜ਼ਾਰ ਸਿੰਘਾਂ ਨੇ ਅੰਮ੍ਰਿਤ ਛਕਿਆ। ਕਹਿੰਦੇ, ਬਹੁਤ ਸਾਰੇ ਮੁਖਾਲਫਤ ਵੀ ਕਰਦੇ ਸੀ, ਬਹੁਤ ਸਾਰੇ ਜਿਹੜੇ ਕੱਚੇ ਸੀ ਉਹ ਜਨੇਊ ਹੱਥਾਂ 'ਚ ਲੈ ਕੇ ਕਹਿ ਰਹੇ ਸੀ ਕਿ ਇਨ੍ਹਾਂ ਨੇ ਤਾਂ ਵਰਣ ਆਸ਼ਰਮ ਹੀ ਖਤਮ ਕਰ ਦਿੱਤਾ। ਇਹ ਤਾਂ ਕੁਛ ਹੋਰ ਹੀ ਬਣਾ ਰਹੇ ਨੇ। ਤਰਕਾਂ ਕਰਨ ਵਾਲੇ ਵੀ ਕੱਚੇ ਪਿੱਲੇ ਬਥੇਰੇ ਬੈਠੇ ਸੀ, ਪਰ ਵੀਹ ਹਜ਼ਾਰ ਸਿੱਖਾਂ ਨੇ ਜਾ ਕੇ ਖਾਲਸਾ ਬਰਾਦਰੀ ਦੇ ਵਿੱਚ ਸ਼ਾਮਲ ਹੋ ਗਿਆ, ਉਸ ਵੇਲੇ ਗੁਰੂ ਮਹਾਰਾਜ ਨੇ ਸਾਰਿਆਂ ਨੂੰ ਸਨਮੁਖ ਕਰਕੇ ਉਪਦੇਸ਼ ਦਿੱਤਾ ਕਿ ਪਿਆਰਿਓ! ਕਬਰਾਂ ਨੂੰ ਨਹੀਂ ਮੰਨਣਾ, ਹੋਰ ਚੀਜ਼ਾਂ ਸੂਰਜ, ਚੰਦਰਮਾ, ਤਾਰਿਆਂ ਨੂੰ ਨਹੀਂ ਮੰਨਣਾ, ਇਹ ਪ੍ਰਮੇਸ਼ਰ ਦੀਆਂ ਸ਼ਕਤੀਆਂ ਹੁਕਮ 'ਚ ਕੰਮ ਕਰ ਰਹੀਆਂ ਨੇ, ਧਰਮਰਾਜ ਹੁਕਮ 'ਚ ਕੰਮ ਕਰ ਰਿਹਾ ਹੈ, ਦੇਵਤੇ ਹੁਕਮ 'ਚ ਕੰਮ ਕਰ ਰਹੇ ਨੇ। ਜਿਹੜਾ ਸਾਰਿਆਂ ਨਾਲੋਂ ਵੱਡਾ ਹੈ ਖੜਗ ਕੇਤ ਮੈਂ ਉਹਦੀ ਗੋਦੀ 'ਚ ਤੁਹਾਨੂੰ ਪਾਉਂਦਾ ਹਾਂ ਤੇ ਉਹਦੀ ਗੋਦੀ 'ਚ ਪੈ ਕੇ ਉਹਦੇ ਪੁੱਤਰ ਬਣਾਉਂਦਾ ਹਾਂ ਤੁਹਾਨੂੰ। ਇਹ ਜਿਹੜੇ ਦੇਵੀ ਦੇਵਤੇ ਨੇ ਇਹ ਉਹਦੇ ਬਣਾਏ ਹੋਏ ਨੇ ਸਾਰੇ। ਹੁਣ ਵਿਚਾਲੇ ਮੀਡੀਆ ਨਹੀਂ ਕੋਈ ਵੀ ਰਖਣਾ, ਸਿੱਧਾ ਤੁਹਾਡਾ ਅਕਾਲ ਪੁਰਖ ਨਾਲ ਸਬੰਧ ਜੋੜ ਕੇ, ਤੁਹਾਨੂੰ ਜੋ ਉਪਦੇਸ਼ ਹੈ ਉਸਨੂੰ ਤੁਸੀਂ ਕਮਾਉਣਾ –

*ਧਾਰਨਾ – ਜਪੋ ਖਾਲਸਾ,*
*ਤੁਸੀਂ ਜਾਗਦੀ ਜੋਤ ਨੂੰ।*

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਹੋਰ ਕੋਈ ਜਾਪ ਨਹੀਂ ਕਰਨਾ, ਹੋਰ ਕਿਸੇ ਨੂੰ ਸੀਸ ਨਹੀਂ ਨਿਵਾਉਣਾ, ਹੋਰ ਕਿਸੇ ਦੇ ਉੱਤੇ ਭਰੋਸਾ ਨਹੀਂ ਰੱਖਣਾ ਤੇ ਅਕਾਲ ਦਾ ਭਰੋਸਾ ਰਖਣਾ ਹੈ। ਕਿਉਂਕਿ ਜਿਧਰ ਵੀ ਜਾਂਦੇ ਸੁਭਾਅ ਪਿਆ ਹੋਇਆ ਸੀ, ਜਿਹੜਾ ਕੁਛ ਮੂਹਰੇ ਆ ਗਿਆ ਉਹਨੂੰ ਮੱਥਾ ਟੇਕ ਦਿੱਤਾ। ਸਾਰਿਆਂ ਨੂੰ ਹੀ ਮੰਨੀ ਜਾਂਦੇ ਸੀ, ਵਾਢਾ ਧਰ ਕੇ। ਚਾਹੇ ਕਬਰ ਆ ਗਈ, ਚਾਹੇ ਕੁਛ ਆ ਗਿਆ। ਇਕ ਇਤਿਹਾਸਕਾਰ ਨੇ ਲਿਖਿਆ ਹੈ –

*ਕਈ ਹਨੂੰਮਾਨ ਕਈ ਭੈਰੋਂ ਦੇ*
*ਕਈ ਪਰਬਤ ਵਾਲੀ ਨੈਣਾਂ ਦੇ।*
*ਕੋਈ ਵੈਸ਼ਨੂੰ ਦੇਵੀ ਜਵਾਲਾ ਦਾ,*
*ਫਿਰ ਢੋਲ ਢਮੱਕਾ ਸਰਵਰ ਦਾ*
*ਤੇ ਹਿਰਸ ਬਾਬੇ ਨਾਨਕ ਦੀ।*

ਕਹਿੰਦੇ ਨੇ ਗੁਰੂ ਕਿਆਂ ਨੂੰ ਵੀ ਮੱਥਾ ਟੇਕ ਚੱਲੀਏ ਭਾਈ ਕਿਤੇ ਨਰਾਜ਼ ਨਾ ਹੋ ਜਾਣ। ਐਹੋ ਜਿਹਾ ਹਾਲ ਸੀ ਮਹਾਰਾਜ ਕਹਿੰਦੇ ਹੁਣ ਨਹੀਂ ਇਹ ਗੱਲ ਕਰਨੀ। ਹੁਣ ਕੇਵਲ ਅਕਾਲ ਪੁਰਖ ਦੇ ਲੜ ਤੁਹਾਨੂੰ ਲਾਇਆ ਹੈ। ਉਹਦੇ ਨਾਲ ਹੀ ਪਿਆਰ ਕਰਨਾ ਹੈ, ਉਹਦਾ ਹੀ ਨਾਮ ਜਪਣਾ ਹੈ ਤੇ ਨਾਲ ਮੂਲਮੰਤਰ ਦੇ ਦਿੱਤਾ ਕਿ ਮੂਲਮੰਤਰ ਦੀ ਬਖਸ਼ਿਸ਼, ਗੁਰੂ ਨਾਨਕ ਪਾਤਸ਼ਾਹ ਜਦੋਂ ਦਰਗਾਹ ਵਿੱਚ ਗਏ, ਉਸ ਵੇਲੇ ਅਕਾਲ ਪੁਰਖ ਨੇ ਕੀਤੀ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*

ਹੇ ਨਾਨਕ! ਇਹਦੇ ਉਤੇ ਹੁਣ ਤੂੰ ਆਪਣੀ ਮੋਹਰ ਲਾ, ਕਿਉਂਕਿ ਮੈਂ ਤੈਨੂੰ ਗੁਰੂ ਪਦਵੀ ਦਿੱਤੀ। ਗੁਰੂ ਬਣ ਕੇ ਤੈਨੂੰ ਉਪਦੇਸ਼ ਦਿੰਦਾ ਹਾਂ ਤੇ ਹੁਣ ਤੂੰ ਗੁਰੂ ਪਦਵੀ ਦੇ ਵਿੱਚ ਆ ਕੇ ਮੋਹਰ ਲਾ। ਗੁਰੂ ਨਾਨਕ ਨੇ ਕਿਹਾ –

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*

ਹੇ ਨਾਨਕ! ਇਹ ਮੈਂ ਤੈਨੂੰ ਮੂਲਮੰਤਰ ਦਿੱਤਾ ਹੈ, ਇਸਨੂੰ ਪ੍ਰਗਟ ਕਰਨਾ ਵਾਲਾ ਜੋ ਮੰਤਰ ਹੈ ਉਹ ਵਾਹਿਗੁਰੂ ਮੰਤਰ ਹੈ। ਇਹ ਤੇਰਾ ਮੰਤਰ ਹੈ ਗੁਰੂ ਦੇ ਮੰਤਰ ਦੇ ਰੂਪ ਵਿੱਚ ਤੂੰ ਆਪਣੇ ਗੁਰਸਿੱਖਾਂ ਨੂੰ ਦੇਣਾ ਹੈ –

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

ਗੋਪ ਮੰਤ੍ਰ ਹੈ, ਬਹੁਤ ਪ੍ਰੇਮੀਆਂ ਦਾ ਖਿਆਲ ਹੈ ਕਿ ਗੁਰੂ ਗ੍ਰੰਥ 'ਚ ਰਾਮ ਆਉਂਦਾ ਹੈ, ਹਰੀ ਆਉਂਦਾ ਹੈ, ਨਾਰਾਇਣ ਆਉਂਦਾ ਹੈ, ਗੋਬਿੰਦ ਆਉਂਦਾ ਹੈ, ਵਾਹਿਗੁਰੂ ਤਾਂ ਬੜਾ ਥੋੜ੍ਹਾ ਆਉਂਦਾ ਹੈ, ਗੁਰੂਆਂ ਨੇ ਤਾਂ ਵਾਹਿਗੁਰੂ ਲਿਖਿਆ ਨਹੀਂ ਹੈ, ਭੱਟਾਂ ਨੇ ਜ਼ਰੂਰ ਲਿਖਿਆ ਹੈ, ਵਾਹਿਗੁਰੂ-ਵਾਹਿਗੁਰੂ, ਵਾਹ ਜੀਉ। ਕਾਰਨ ਕੀ ਹੈ? ਕਿਉਂਕਿ ਗੁਰੂ ਮੰਤਰ ਜੋ ਹੁੰਦਾ ਹੈ, ਗੋਪ ਮੰਤਰ ਹੋਇਆ ਕਰਦਾ ਹੈ, ਗੁਪਤ ਮੰਤਰ; ਇਸ ਗੁਪਤ ਮੰਤਰ ਨੂੰ ਗੁਰੂ ਸਾਹਿਬ ਨੇ ਪ੍ਰਕਾਸ਼ ਕੀਤਾ ਹੈ, ਹਿਰਦਿਆਂ 'ਚ ਪ੍ਰਕਾਸ਼ ਕੀਤਾ ਤੇ ਪੂਰਾ ਸ਼ਕਤੀਸ਼ਾਲ ਵਾਹਿਗੁਰੂ ਮੰਤਰ ਹੈ, ਜਿਸਨੇ ਮੂਲਮੰਤਰ ਦੇ ਭਾਵ ਵਿੱਚ ਪਾਉਣਾ ਹੈ ਕਿਉਂਕਿ ਜੋ ਮੂਲਮੰਤਰ ਹੈ ਉਹ ਵਿਆਪਕ ਨਾਮ ਹੈ ਸਾਰਾ ਹੀ। ਇਹ ਗੱਲ ਸਮਝਣੀ ਔਖੀ ਹੈ ਕਿਉਂਕਿ ਅਸੀਂ ਅੱਖਰਾਂ ਤੋਂ ਅੱਗੇ ਓਸ ਸ਼ਕਤੀ 'ਚ ਨਹੀਂ ਜਾ ਸਕਦੇ, ਜਿਥੇ ਮਹਾਰਾਜ ਬਚਨ ਕਰ ਰਹੇ ਨੇ। ਉਹ ਸਾਖਸ਼ਾਤ ਪ੍ਰਮੇਸ਼ਰ ਨਜ਼ਰ ਆਉਂਦਾ ਹੈ ਜਦੋਂ ਮੂਲਮੰਤਰ ਦਾ ਰਹੱਸ ਖੁਲ੍ਹ ਜਾਵੇ, ਉਹਨੂੰ ਪ੍ਰਗਟ ਕਰਨ ਵਾਲਾ ਵਾਹਿਗੁਰੂ ਮੰਤਰ ਹੈ। ਸੋ ਕਹਿਣ ਲੱਗੇ ਕਿ ਹੁਣ ਤੁਸੀਂ ਇਸਦਾ ਜਾਪ ਕਰਨਾ ਹੈ, ਰਹਿਤਾਂ ਦਸ ਦਿੱਤੀਆਂ ਤੇ ਕੁਰਹਿਤਾਂ ਦਸ ਦਿਤੀਆਂ ਕਿ ਇਸ ਤਰ੍ਹਾਂ ਕਰਨ ਦੇ ਨਾਲ ਸਿੱਖੀ ਦੇ ਮੰਡਲ 'ਚੋਂ ਖਾਰਜ ਹੋ ਜਾਓਂਗੇ। ਸੋ ਇਸ ਕਰਕੇ -

*ਰਹਿਣੀ ਰਹੈ ਸੋਈ ਸਿਖ ਮੇਰਾ।*
*ਓਹੁ ਠਾਕੁਰੁ ਮੈ ਉਸ ਕਾ ਚੇਰਾ।*

*ਰਹਿਤਨਾਮਾ ਭਾਈ ਦੇਸਾ ਸਿੰਘ ਜੀ*

ਗੁਰੂ ਗ੍ਰੰਥ ਸਾਹਿਬ ਦੇ ਅੰਦਰ ਬੇਅੰਤ ਰਹਿਤਾਂ ਨੇ, ਜੇ ਇੱਕ ਕੁਰਹਿਤ ਕਰ ਲਓ ਨਿੰਦਿਆਂ ਦੀ ਹੀ ਇਕੱਲੀ, ਮਹਾਰਾਜ ਕਹਿੰਦੇ ਉਹਦਾ ਜਿਹੜਾ ਸਾਰਾ ਹੀ ਕੀਤਾ ਹੋਇਆ ਪਾਠ ਪੂਜਾ ਭ੍ਰਿਸ਼ਟ ਹੋ ਜਾਂਦਾ ਹੈ।

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ*
*ਨਰਕੇ ਘੋਰਿ ਪਵੰਨਿ ॥* *ਅੰਗ - ੭੫੫*

ਕਹਿੰਦੇ ਨਿੰਦਿਆਂ ਕਰਨ ਵਾਲਾ ਬਿਲਕੁਲ ਗਲਤ ਹੁੰਦਾ ਹੈ, ਈਰਖਾਲੂ ਪੁਰਸ਼ ਹੁੰਦਾ ਹੈ ਉਹ ਤਾਂ ਨਿੰਦਿਆ ਕਰਦਾ ਹੈ ਜਿਹੜਾ ਈਰਖਾਲੂ ਹੁੰਦਾ ਹੈ, ਕਹਿੰਦੇ -

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਕਾ ਕਦੇ ਨ ਹੋਵੀ ਭਲਾ ॥* *ਅੰਗ - ੩੦੮*

ਉਹਦਾ ਭਲਾ ਹੀ ਨਹੀਂ ਹੁੰਦਾ, ਭੇਖ ਧਾਰਨਾ ਹੈ ਧਾਰੀ ਫਿਰ। ਵੱਡਾ ਗੁਰਸਿੱਖ ਬਣ ਜਾ, ਵੱਡਾ ਸੰਤ ਬਣ ਜਾ। ਜੇ ਤੇਰੇ ਅੰਦਰ ਈਰਖਾ ਹੈ, ਤੇਰੇ ਅੰਦਰ ਨਿੰਦਿਆ ਹੈ ਤਾਂ ਤੂੰ ਕੁਛ ਵੀ ਨਹੀਂ ਹੈ, ਇਕ ਸਾਧਾਰਣ ਗ੍ਰਹਿਸਤੀ ਦੇ ਨਾਲੋਂ ਵੀ ਛੋਟਾ ਹੈਂ, ਉਹਦੇ ਚਰਨਾਂ ਦੀ ਧੂੜ ਲਾਇਆ ਕਰ ਮੱਥੇ ਨੂੰ। ਅਜੇ ਤੂੰ ਸੰਤ ਨਹੀਂ ਬਣਿਆ ਕਿਉਂਕਿ ਨਿਕਲ ਨਹੀਂ ਸਕਿਆ ਅਜੇ। ਕੁਰਹਿਤ ਕਰ ਰਿਹਾ ਹੈ। ਕੁਰਹਿਤ ਵੀ ਉਹ ਜਿਹੜੀ ਗੁਰੂ ਗ੍ਰੰਥ ਸਾਹਿਬ ਵਰਜਿਤ ਕਰ ਰਹੇ ਨੇ। ਕੁਛ ਬਾਹਰਲੀਆਂ ਰਹਿਤਾਂ।

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਕਿਹਾ ਕਿ ਹੁਣ ਜਾਤ-ਪਾਤ ਕੋਈ ਨਹੀਂ। ਜਾਤਾਂ-ਪਾਤਾਂ ਦੇ ਜਿਹੜੇ ਰੌਲੇ-ਰੱਪੇ ਸੀ ਉਹਨੇ ਹਿੰਦੋਸਤਾਨ ਨੂੰ ਕਮਜ਼ੋਰ ਕਰ ਦਿੱਤਾ ਸੀ। ਮਨੁੱਖ ਸਾਰਾ ਮਨੁੱਖ ਹੀ ਹੈ। ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ, ਉਹਦੇ ਵਿਸ਼ਵਾਸ਼ (Faith) ਨੇ ਆਪਣੇ-ਆਪਣੇ। ਕੋਈ ਕਿਸੇ ਰਸਤੇ ਨਾਲ ਲੰਘਣਾ ਚਾਹੁੰਦਾ ਹੈ, ਕੋਈ ਕਿਸੇ ਨਾਲ ਲੰਘਣਾ ਚਾਹੁੰਦਾ ਹੈ। ਐਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਪਿਆਰੇ ਜੀ! ਮਾਨਸ ਕੀ ਜਾਤ ਏਕੋ ਹੈ।*

*ਕੋਊ ਭਇਓ ਮੁੰਡੀਆਂ ਸੰਨਿਆਸੀ,*
*ਕੋਊ ਜੋਗੀ ਭਇਓ,*
*ਕੋਈ ਬ੍ਰਹਮਚਾਰੀ, ਕੋਊ ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,*
*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥* *ਅਕਾਲ ਉਸਤਤਿ*

ਕਹਿਣ ਲੱਗੇ, ਖਾਲਸਾ ਜੀ! ਨਿਗ੍ਹਾ ਮਾਰੋ ਪੰਜਾਂ ਤੱਤਾਂ ਤੋਂ ਅੱਗੇ, ਪਹਿਲਾਂ ਪੰਜ ਤੱਤ ਇੱਕੋ ਜਿਹੇ ਨੇ ਸਾਰੇ, ਉਸ ਤੋਂ ਅੱਗੇ ਕੀ ਹੈ, ਕਹਿੰਦੇ ਪ੍ਰਮੇਸ਼ਰ ਦੀ ਜੋਤ ਹੈ ਇਹਦੇ ਅੰਦਰ ਵਸਦੀ ਹਰ ਸਰੀਰ ਦੇ ਅੰਦਰ। ਫਿਰ ਜਾਤ ਕਿਹੜੀ ਚੀਜ਼ ਨੂੰ ਲੱਗੀ। ਪਾਣੀ ਜਾਤ ਵਾਲਾ ਹੈ ਕਿ ਹਵਾ ਨੂੰ ਜਾਤ ਲਗ ਗਈ, ਅੱਗ ਨੂੰ ਜਾਤ ਲਗ ਗਈ, ਮਿੱਟੀ ਦੀ ਜਾਤ ਹੈ ਜਾਂ ਫੇਰ ਅਕਾਸ਼ ਦੀ ਜਾਤ ਹੈ, ਜਦੋਂ ਇਨ੍ਹਾਂ ਪੰਜਾਂ ਚੀਜ਼ਾਂ ਦੀ ਜਾਤ ਨਹੀਂ ਫੇਰ ਮਨ ਦੀ ਵੀ ਕੋਈ ਜਾਤ, ਬੁੱਧੀ ਦੀ ਕੋਈ ਜਾਤ, ਅੰਤਸ਼ਕਰਣ, ਕੋਈ ਚਿੱਤ ਦੀ ਜਾਤ? ਕਿੱਡਾ ਭੁਲੇਖਾ ਪੈ ਗਿਆ ਹਉਮੈ ਨੂੰ ਭੁਲੇਖਾ ਪੈ ਗਿਆ। ਇਹ ਤਾਂ ਅੰਦਰ ਪ੍ਰਮੇਸ਼ਰ ਦੀ ਜੋਤ ਹੈ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥* *ਅੰਗ - ੩੦੯*

ਇਹਦੇ ਵਿੱਚ ਤਾਂ ਸੱਚੇ ਦੀ ਜੋਤ ਵਸਦੀ ਹੈ, ਇਹ ਭੁਲੇਖਾ ਨਾ ਖਾਇਓ। ਸੋ ਇਸ ਤਰ੍ਹਾਂ ਦੇ

ਉਪਦੇਸ਼ ਦੇ ਕੇ ਆਪ ਕਹਿਣ ਲੱਗੇ ਕਿ ਦੇਖੋ, ਤੁਸੀਂ ਵਾਹਿਗੁਰੂ ਦੇ ਬਣ ਗਏ। ਖਾਲਸਾ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਆਪਣੇ ਕੋਲ ਰੱਖਿਆ, ਮਲਕੀਅਤ ਨਹੀਂ ਰੱਖੀ, ਮਹਾਰਾਜ ਕਹਿੰਦੇ, ਮੈਂ ਤਾਂ ਆਪ ਖਾਲਸੇ 'ਚ ਸ਼ਾਮਲ ਹੋ ਗਿਆ। ਇਸ ਕਰਕੇ ਮੈਂ ਤੇ ਤੁਸੀਂ ਇੱਕੋ ਹੀ ਹੋ ਗਏ। ਹੁਣ ਜਿਹੜਾ ਖਾਲਸਾ ਹੈ ਉਹ ਵਾਹਿਗੁਰੂ ਜੀ ਦਾ ਬਣ ਗਿਆ ਤੇ ਵਾਹਿਗੁਰੂ ਜੀ ਦਾ ਜਿਹੜਾ ਖਾਲਸਾ ਹੁੰਦਾ ਹੈ, ਵਾਹਿਗੁਰੂ ਦੀ ਕਦੇ ਹਾਰ ਨਹੀਂ ਹੁੰਦੀ। ਉਹ ਤਾਂ ਸਦਾ ਹੀ ਜਿੱਤਦਾ ਹੈ ਹਾਰਿਆ ਨਹੀਂ ਕਦੇ। ਇਸ ਕਰਕੇ ਯਾਦ ਰੱਖਿਓ –

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਜਿੰਨਾਂ ਚਿਰ ਵਾਹਿਗੁਰੂ ਦੇ ਬਣੇ ਰਹੋਂਗੇ, ਵਾਹਿਗੁਰੂ ਜੀ ਦੀ ਫਤਹਿ ਹੁੰਦੀ ਰਹਿਣੀ ਹੈ, ਜਦੋਂ ਪਿੱਠ ਮੋੜ ਲਓਂਗੇ ਫੇਰ ਤੁਹਾਡੀ ਫਤਹਿ ਨਹੀਂ ਹੋਣੀ, ਹਾਰ ਹੋ ਜਾਇਆ ਕਰਦੀ ਹੈ। ਪ੍ਰਮੇਸ਼ਰ ਤੋਂ ਵਿਛੜ ਕੇ –

*ਕੋਟਿ ਬਿਘਨ ਤਿਸੁ ਲਾਗਤੇ*
*ਜਿਸ ਨੋ ਵਿਸਰੈ ਨਾਉ ॥* ਅੰਗ – ੫੨੨

ਸਦਾ ਉਹਨੂੰ ਯਾਦ ਰੱਖਣਾ ਹੈ ਤੇ ਜਦੋਂ ਤਕ ਤੁਸੀਂ ਇਸ ਤਰ੍ਹਾਂ ਰਹੋਂਗੇ, ਮੈਂ ਵੀ ਜੁੜਿਆ ਰਹਾਂਗਾ, ਪ੍ਰਮੇਸ਼ਰ ਦੇ ਨਾਲ ਜੁੜੇ ਰਹਾਂਗੇ, ਓਸ ਵੇਲੇ ਪ੍ਰਮੇਸ਼ਰ ਦਾ ਤੇਜ ਜਿਹੜਾ ਹੈ ਉਹ ਰੋਮ-ਰੋਮ ਦੇ ਵਿੱਚ ਰਮਿਆ ਹੋਇਆ ਹੋਵੇਗਾ। ਅੱਖਾਂ ਵਿੱਚ ਪ੍ਰਮੇਸ਼ਰ ਦੇਖੇਗਾ, ਕੰਨਾਂ ਵਿੱਚ ਪ੍ਰਮੇਸ਼ਰ ਸੁਣੇਗਾ, ਬੁੱਧੀ ਨੂੰ ਪ੍ਰਮੇਸ਼ਰ 'ਚ ਲਾਏਗਾ, ਜਦੋਂ ਤੁਸੀਂ ਪ੍ਰਮੇਸ਼ਰ ਦੇ ਬਣ ਗਏ, ਪ੍ਰਮੇਸ਼ਰ ਸਾਰਿਆਂ ਦਾ ਦਾਤਾ ਹੈ ਤੇ ਫੇਰ ਇਹ ਤੁਹਾਡੇ ਵਿੱਚ ਵੀ ਜਲਾਲ ਰਹੇਗਾ। ਜੋ ਪ੍ਰਮੇਸ਼ਰ ਦਾ ਹੋ ਗਿਆ, ਉਹਦਾ ਜਲਾਲ ਸਾਰਿਆਂ ਨਾਲੋਂ ਉੱਚਾ ਹੁੰਦਾ ਹੈ, ਕੋਈ ਉਸ ਦੇ ਸਾਮ੍ਹਣੇ ਆ ਨਹੀਂ ਸਕਦਾ, ਵੱਡਿਆਂ-ਵੱਡਿਆਂ ਨੂੰ ਹਾਰ ਹੋ ਜਾਂਦੀ ਹੈ ਕਿਉਂਕਿ ਉਹਦੇ ਅੰਦਰ ਪ੍ਰਮੇਸ਼ਰ ਦਾ ਜਲਾਲ ਹੈ –

*ਧਾਰਨਾ – ਦਿੱਤਾ ਖਾਲਸਾ ਤੈਨੂੰ ਤੇਜ਼ ਆਪਣਾ ਮੈਂ।*

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੌਂ ਇਨ ਕੀ ਪ੍ਰਤੀਤ॥*

ਕਹਿਣ ਲੱਗੇ, ਖਾਲਸਾ ਜੀ! ਇਹ ਜੋ ਆਦਰਸ਼ ਪ੍ਰਗਟ ਹੋਇਆ ਹੈ। ਜੇ ਤੁਹਾਨੂੰ ਪਦਵੀ ਦਿੱਤੀ ਹੈ, ਤੁਸੀਂ ਅਕਾਲ ਪੁਰਖ ਦੀ ਫੌਜ ਬਣ ਗਏ, ਅਕਾਲ ਪੁਰਖ ਦੀ ਫੌਜ ਵਾਸਤੇ ਸਾਰਾ ਸੰਸਾਰ ਉਨ੍ਹਾਂ ਦਾ ਹੁੰਦਾ ਹੈ, ਭਾਵੇਂ ਦਰਖਤ ਹੋਣ, ਭਾਵੇਂ ਜੀਵ ਜੰਤੂ ਹੋਣ, ਭਾਵੇਂ ਬੰਦੇ ਹੋਣ, ਸਾਰਿਆਂ ਦੇ ਵਿੱਚ ਅਮਨ ਕਾਇਮ ਰੱਖਣਾ, ਸਾਰਿਆਂ ਦੇ ਦੁਖ ਦੂਰ ਕਰਨੇ ਇਹ ਡਿਊਟੀ ਤੁਹਾਡੀ ਹੋ ਗਈ ਕਿਉਂਕਿ ਤੁਸੀਂ ਪ੍ਰਮੇਸ਼ਰ ਦੀ ਮੌਜ ਨਾਲ ਪ੍ਰਗਟੇ ਓਂ।

*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*

ਜਦੋਂ ਤਕ ਤੁਸੀਂ ਇਸ ਆਦਰਸ਼ 'ਤੇ ਖੜ੍ਹੇ ਰਹੋਂਗੇ। ਪ੍ਰਮੇਸ਼ਰ ਤੋਂ ਇਲਾਵਾ ਕਿਸੇ ਹੋਰ ਪਾਸੇ ਨਹੀਂ ਭਟਕੋਂਗੇ, ਕਿਸੇ ਰਸਮ-ਰਿਵਾਜ, ਭਰਮ ਭੇਖ ਤੋਂ ਨਿਆਰੇ ਰਹੋਂਗੇ, ਓਨੀਂ ਦੇਰ ਤਕ ਤੁਹਾਡਾ ਸਬੰਧ ਅਕਾਲ ਪੁਰਖ ਨਾਲ ਜੁੜਿਆ ਰਹਿਣਾ ਹੈ। ਅਕਾਲ ਪੁਰਖ ਦਾ ਤੇਜ, ਅਕਾਲ ਪੁਰਖ ਦਾ ਜਦੋਂ ਤੁਸੀਂ ਹੋਣਾ 'ਵਾਹਿਗੁਰੂ ਜੀ ਕਾ ਖਾਲਸਾ' ਤਾਂ ਫਤਹਿ ਹੋਣੀ ਹੈ। ਵਾਹਿਗੁਰੂ ਜੀ ਦਾ ਤੇਜ ਤੁਹਾਡੇ ਵਿੱਚ ਰਹਿਣਾ ਹੈ। ਜਦੋਂ ਤੁਸੀਂ ਪਿੱਠ ਮੋੜ ਲਓਂਗੇ, ਸ਼ਰਾਬਾਂ ਕਬਾਬਾਂ, ਝਗੜੇ-ਝਾਟੇ, ਖੁਦਗਰਜ਼ੀਆਂ ਦੇ ਵਿੱਚ ਆ ਜਾਓਂਗੇ, ਫੇਰ ਮੈਂ ਨਹੀਂ ਪਰਤੀਤ ਕਰਨੀ, ਤੁਹਾਡਾ ਤੇਜ ਵਾਪਸ ਹੋ ਜਾਏਗਾ। ਨਹੀਂ ਤਾਂ ਮੈਂ ਸੰਭਾਲ ਕਰਾਂਗਾ –

*ਪੰਥ ਖਾਲਸਾ ਖੇਤੀ ਮੇਰੀ।*
*ਕਰੌਂ ਸੰਭਾਲਨਿ ਮੈਂ ਤਿਸ ਬੇਰੀ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ ੫੬੪੨*

ਕਹਿਣ ਲੱਗੇ, ਮਹਾਰਾਜ! ਪਦਵੀ ਕਿੱਡੀ ਕੁ ਹੈ ਖਾਲਸੇ ਦੀ? ਮਹਾਰਾਜ ਕਹਿੰਦੇ ਪਦਵੀ, ਪਦਵੀ ਤਾਂ ਇਹਦੀ ਅਤਿ ਉੱਚੀ ਹੈ–

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ॥* *ਸਰਬ ਲੋਹ ਗ੍ਰੰਥ 'ਚੋਂ*

ਜਿਸਨੇ ਆਪਣੀ ਸੁਰਤ ਨੂੰ ਖਿੱਚ ਲਿਆ ਪੰਜਾਂ ਤੱਤਾਂ ਤੋਂ ਕਿ ਨਾ ਮੈਂ ਮਿੱਟੀ ਹਾਂ, ਨਾ ਮੈਂ ਪਾਣੀ ਹਾਂ, ਨਾ ਮੈਂ ਅੱਗ ਹਾਂ, ਨਾ ਮੈਂ ਹਵਾ ਹਾਂ, ਨਾ ਮੈਂ ਅਕਾਸ਼ ਹਾਂ ਤੇ ਨਾ ਮੈਂ ਪੰਜ ਪ੍ਰਾਣਾਂ ਦੇ ਵਿਚੋਂ ਉਪਾਨ, ਬਿਆਨ, ਉਦਾਨ, ਸਮਾਨ, ਪ੍ਰਾਣ; ਪੰਜਾਂ ਦੇ ਵਿਚੋਂ ਮੈਂ ਇਹ ਵੀ ਕੋਈ ਤੇ ਮੈਂ ਤਿੰਨੇ ਗੁਣਾਂ ਦੇ ਵਿਚੋਂ ਕੋਈ ਨਹੀਂ, ਨਾ ਮੈਂ ਰਜੋ ਗੁਣ ਹਾਂ, ਨਾ ਤਮੋ ਗੁਣ ਹਾਂ, ਨਾ ਮੈਂ ਸਤੋ ਗੁਣ ਹਾਂ; ਤਿੰਨਾਂ ਸਰੀਰਾਂ ਦੇ ਵਿਚੋਂ ਮੈਂ ਕੋਈ ਨਹੀਂ, ਨਾ ਮੈਂ ਸਥੂਲ ਸਰੀਰ ਹਾਂ, ਨਾ ਮੈਂ ਸੂਖਸ਼ਮ ਸਰੀਰ ਹਾਂ, ਨਾ ਮੈਂ ਕਾਰਨ ਸਰੀਰ ਹਾਂ ਤੇ ਮੈਂ ਫੁਰਨੇ ਕਰਨ ਵਾਲਾ ਮਨ ਵੀ ਨਹੀਂ ਹਾਂ। ਨਾ ਮੈਂ ਬੁੱਧੀ ਹਾਂ ਮਨ ਨੂੰ ਟੋਕਣ ਵਾਲੀ, ਨਾ ਮੈਂ ਚਿੱਤ ਹਾਂ ਤੇ ਜਿਹੜਾ ਝੂਠਾ ਪਰਛਾਵਾਂ ਹੈ ਜਿਹਦੇ ਨਾਲ ਮੈਨੂੰ ਮੈਂ ਪਰਤੀਤ ਦਿੰਦਾ ਹੈ ਉਹ ਵੀ ਮੈਨੂੰ ਪਤਾ ਲਗ ਗਿਆ ਕਿ ਇਹ ਪਰਛਾਵਾਂ ਅਣਹੋਈ ਚੀਜ਼ ਹੈ, ਹੈ ਨਹੀਂ ਇਹ ਜਿਹਨੂੰ ਹਉਮੈ ਕਹਿੰਦੇ ਨੇ। ਸੋ ਮੈਂ ਤਾਂ ਇਸ ਸਾਰੇ

ਦਾ ਸਾਖੀ ਹਾਂ, ਦੇਖਣ ਵਾਲਾ ਹਾਂ, ਮੈਨੂੰ ਅੱਗ ਜਾਲ ਨਹੀਂ ਸਕਦੀ, ਤਲਵਾਰ ਕੱਟ ਨਹੀਂ ਸਕਦੀ, ਮਾਰਿਆ ਹੋਇਆ ਮਰ ਨਹੀਂ ਸਕਦਾ। ਕਾਲ ਦੀ ਮੇਰੇ ਤਕ ਪਹੁੰਚ ਨਹੀਂ, ਮੈਂ ਨਿਰਲੇਪ ਹਾਂ, ਮੈਂ ਅਸੰਗ ਹਾਂ, ਮੈਂ ਪ੍ਰੀਪੂਰਨ ਹਾਂ। ਕਹਿੰਦੇ, ਇਹਦਾ ਰਸ ਹੈ ਆਪਣੇ ਰੂਪ ਨੂੰ ਪਛਾਣ ਲਿਆ। ਜਿਹਨੂੰ ਆਤਮਾ ਕਹਿੰਦੇ ਨੇ, ਆਤਮਾ ਨੂੰ ਪਛਾਣ ਕੇ ਆਤਮਾ ਦੇ ਰਸ ਵਿਚ ਲੀਨ ਹੋ ਗਿਆ। ਆਤਮਾ ਨੂੰ ਵਿਆਪਕ ਨਾਮ ਕਹਿੰਦੇ ਨੇ। ਵਿਆਪਕ ਨਾਮ ਦਾ ਰਸ ਆ ਗਿਆ, ਉਹ ਹੈ ਖਾਲਸਾ। ਉਹਦੀ ਪਦਵੀ ਕਿੰਨੀ ਹੈ, ਉਹ ਪ੍ਰਮੇਸ਼ਰ ਵਿੱਚ ਰਹਿੰਦੇ ਨੇ, ਵਿਆਪਕ ਨਾਮ ਦੇ ਵਿੱਚ ਉਨ੍ਹਾਂ ਦੀ ਰੁਸਵਾਈ ਹੋ ਗਈ। ਉਹ ਹਿਰਦੇ 'ਚ ਵਸ ਗਿਆ ਜਿਹਦੇ ਬਾਰੇ ਮਹਾਰਾਜ ਕਹਿੰਦੇ, ਓ ਪ੍ਰੇਮੀਆਂ! ਸੰਸਾਰ 'ਤੇ ਆ ਕੇ ਤੂੰ ਨਾਮ ਹਿਰਦੇ 'ਚ ਨਹੀਂ ਵਸਾਇਆ, ਤੈਨੂੰ ਸਰਾਪ (curse) ਲੱਗੇ –

*ਜਿਨ ਹਰਿ ਹਿਰਦੈ ਨਾਮੁ ਨ ਬਸਿਓ*
*ਤਿਨ ਮਾਤ ਕੀਜੈ ਹਰਿ ਬਾਂਝਾ ॥* *ਅੰਗ – ੬੯੭*

ਬਾਂਝ ਕਰ ਦਿਓ ਉਹਦੀ ਮਾਂ ਨੂੰ ਜਿਹਦੇ ਹਿਰਦੇ 'ਚ ਨਾਮ ਨਹੀਂ ਵਸਿਆ। ਜਿਹਦੇ ਹਿਰਦੇ 'ਚ ਆਤਮ ਰਸ ਦਾ ਪ੍ਰਕਾਸ਼ ਨਹੀਂ ਹੋਇਆ।

*ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ*
*ਓਇ ਖਪਿ ਖਪਿ ਮੁਏ ਕਰਾਂਝਾ ॥* *ਅੰਗ–੬੯੭*

ਉਹ ਤਾਂ ਸੁੰਨੀਆਂ ਡਰਾਉਣੀਆਂ ਦੇਹਾਂ ਤੁਰੀਆਂ ਫਿਰਦੀਆਂ ਨੇ। ਜੀਉਂਦੇ ਨਹੀਂ ਹਨ, ਉਹ ਮਰੇ ਹੋਏ ਨੇ –

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥* *ਅੰਗ – ੧੪੨*

ਕਹਿੰਦੇ ਪਿਆਰਿਓ! ਆਹ ਜਿਹੜੀ ਪਦਵੀ ਹੈ ਨਾ, ਇਸ ਪਦਵੀ ਦੇ ਵਿੱਚ ਜਿਹੜਾ ਰਹਿੰਦਾ ਹੈ, ਟਿਕਦਾ ਹੈ, ਓਸ ਨੂੰ ਅਸੀਂ ਖਾਲਸਾ ਕਿਹਾ ਹੈ, ਰੂਪ ਨੂੰ ਅਸੀਂ ਨਹੀਂ ਖਾਲਸਾ ਕਿਹਾ। ਭੁਲੇਖਾ ਪੈ ਗਿਆ ਸਾਨੂੰ ਫੇਰ ਮੁੜ ਕੇ। ਆਪੇ ਹੀ ਨਾਉਂ ਦੇ ਨਾਲ ਲਾ ਲੈਂਦੇ ਹਾਂ, ਫਲਾਣਾ ਸਿੰਘ ਖਾਲਸਾ। ਐਉਂ ਤਾਂ ਖਾਲਸਾ ਨਹੀਂ ਬਣਨਾ, ਖਾਲਸਾ ਤਾਂ ਇੱਕ ਆਦਰਸ਼ ਹੈ। ਉਹ ਆਦਰਸ਼ ਕਿੰਨਾ ਉੱਚਾ ਹੈ –

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ*
*ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ ॥ ੧ ॥*

*ਆਸਾ ਮਨਸਾ ਸਗਲ ਤਿਆਗੈ*
*ਜਗ ਤੇ ਰਹੈ ਨਿਰਾਸਾ ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ ॥* *ਅੰਗ – ੬੩੩*

ਕਹਿੰਦੇ, ਜਿਹਦੇ ਘਟ ਦੇ ਵਿੱਚ ਬ੍ਰਹਮ ਦਾ ਨਿਵਾਸ ਹੋ ਗਿਆ, ਆਤਮਾ ਦਾ ਰਸ ਜਿਹਨੇ ਮਾਣ ਲਿਆ। ਉਹਨੂੰ ਅਸੀਂ ਖਾਲਸਾ ਕਿਹਾ ਹੈ। ਸਾਵਧਾਨ ਹੋਵੋ। ਅਸੀਂ ਖਾਲਸਾ ਕਹਾਉਂਦੇ ਹਾਂ ਆਪਣੇ ਆਪ ਨੂੰ। ਖਾਲਸਾ ਤਾਂ –

*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਪੰਜੇ ਭਰਮਾਂ ਦਾ ਜਿਹਦੇ ਅੰਦਰੋਂ ਨਾਸ਼ ਹੋ ਗਿਆ, ਜਿਹੜਾ ਆਪਣੇ ਆਤਮ ਸਰੂਪ 'ਚ ਪਹੁੰਚ ਗਿਆ, ਵਿਆਪਕ ਨਾਮ ਦੇ ਵਿੱਚ ਜਿਹਦਾ ਪ੍ਰਵੇਸ਼ ਹੋ ਗਿਆ ਉਹ ਖਾਲਸਾ ਹੈ। ਉਹ ਇੱਕ ਆਦਰਸ਼ ਹੈ ਉਹਦੇ ਵਾਸਤੇ, ਸਾਰਾ ਸੰਸਾਰ ਹੀ ਇੱਕ ਹੈ –

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*
*ਅੰਗ – ੧੪੨੭*

ਨਾ ਡਰ ਕਿਸੇ ਨੂੰ ਦੇਵੇ ਤੇ ਨਾ ਡਰ ਕਿਸੇ ਦਾ ਮੰਨੇ। ਇਹ ਇਕ ਆਦਰਸ਼ ਹੈ, ਸਭ ਦਾ ਸਾਂਝਾ, ਸਭ ਨਾਲ ਪਿਆਰ ਕਰਨ ਵਾਲਾ, ਸਭ ਦਾ ਆਪਣਾ ਆਪ, ਸਭ ਦੇ ਵਿੱਚ ਪ੍ਰਮੇਸ਼ਰ ਨੂੰ ਦੇਖਣ ਵਾਲਾ, ਜਿਹਦੀ ਅੱਖ ਖੁਲ੍ਹੀ ਹੋਈ ਹੈ –

*ਗੁਰਹਿ ਦਿਖਾਇਓ ਲੋਇਨਾ ॥੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ – ੪੦੭*

ਜਿਹਦੇ ਨੇਤਰ ਖੁਲ੍ਹ ਗਏ ਕਹਿੰਦੇ ਉਹ ਖਾਲਸਾ ਹੈ ਪਿਆਰਿਓ! ਉਹਦਾ ਦਰਜਾ ਕਿੰਨਾ ਹੈ ਪੜ੍ਹੋ ਪਿਆਰ ਨਾਲ –

*ਧਾਰਨਾ – ਸਾਂਈ ਹੀ ਵਰਗੇ ਨੇ,*
*ਵਿਸਰੇ ਨਾ ਨਾਮ ਜਿਨ੍ਹਾਂ ਨੂੰ।*

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* *ਅੰਗ – ੩੯੭*

ਕਿਹੋ ਜਿਹੇ ਨੇ ਭਾਈ, ਜਿਹੜੇ ਆਤਮ ਸਰੂਪ 'ਚ ਸਥਿਤ ਰਹਿੰਦੇ ਨੇ। ਜਿਹੜੇ ਵਿਆਪਕ ਨਾਮ ਨੂੰ ਹਿਰਦੇ 'ਚ ਵਸਾਉਂਦੇ ਨੇ ਉਨ੍ਹਾਂ ਦਾ ਦਰਜਾ ਕਿਹੋ ਜਿਹਾ ਹੈ? ਮਹਾਰਾਜ ਕਹਿੰਦੇ, ਉਨ੍ਹਾਂ ਤੇ ਰੱਬ ਵਿੱਚ ਫਰਕ ਨਹੀਂ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ – ੨੭੩*

ਕਿੱਡਾ ਉੱਚਾ ਦਰਜਾ ਦਿੱਤਾ, ਦੂਜਾ ਉਹ ਨਹੀਂ ਉਹ ਦੇਖਦੇ-

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਸੋ ਜਿਸਦੀ ਰੁਸਵਾਈ ਅੰਮ੍ਰਿਤ ਤਕ ਹੋ ਗਈ। ਮਹਾਰਾਜ ਨੇ ਪਾਹੁਲ ਪਿਲਾ ਕੇ ਅੰਮ੍ਰਿਤ ਤਕ ਸਾਨੂੰ ਪਹੁੰਚਾਇਆ ਹੈ ਜਿਸਨੂੰ-

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - ੯੧੮*

ਇਹ ਗੱਲ ਵਿਚਾਰਨ ਵਾਲੀ ਹੈ। ਉਹ ਇਹ ਹੈ ਕਿ ਅੰਮ੍ਰਿਤ ਪ੍ਰਮੇਸ਼ਰ ਦਾ ਨਾਮ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਕਿੱਥੇ ਹੈ? ਉਹਦੀ ਨਿਸ਼ਾਨੀ ਕੀ ਹੈ, ਜਿਥੇ ਪਿਆ ਹੈ? ਕਹਿੰਦੇ ਉਥੇ ਕੋਈ ਫੁਰਨਾ ਨਹੀਂ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਉਹ ਘਰ ਜਿਹੜਾ ਅੰਮ੍ਰਿਤ ਦਾ ਹੈ, ਜਿੱਥੇ ਅੰਮ੍ਰਿਤ ਪਿਆ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧*

ਅੰਮ੍ਰਿਤ ਦੇ ਚਸ਼ਮੇ ਤਕ ਜਿਹੜਾ ਲੈ ਜਾਵੇ, ਉਹ ਸਤਿਗੁਰੂ ਹੋਇਆ ਕਰਦਾ ਹੈ। ਕਹਿੰਦੇ ਅੰਮ੍ਰਿਤ ਜਿਹੜਾ ਹੈ ਉਹ ਪ੍ਰਮੇਸ਼ਰ ਦਾ ਨਾਮ ਹੈ -

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - ੫੩੮*

ਜਦੋਂ ਅੰਮ੍ਰਿਤ ਮਿਲ ਗਿਆ ਫੇਰ ਕੀ ਹੁੰਦਾ ਹੈ। ਕਹਿੰਦੇ -

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ - ੫੩੮*

ਹਉਮੈ ਤੇ ਮਾਇਆ ਬਿਹੁ ਹੈ, ਜ਼ਹਿਰ ਹੈ, ਜਦੋਂ ਅੰਮ੍ਰਿਤ ਮਿਲ ਗਿਆ, ਉਸ ਵੇਲੇ ਬਿਹੁ ਲਹਿ ਜਾਂਦੀ ਹੈ। ਬਿਹੁ ਖਾ ਕੇ ਬੰਦਾ ਮਰ ਜਾਂਦਾ ਹੈ। ਬਿਹੁ ਨੂੰ ਲਾਹੁਣ ਵਾਲੀ ਦਵਾਈ ਜੇ ਮਿਲ ਜਾਵੇ ਉਹਦੇ ਬਾਰੇ ਮਹਾਰਾਜ ਕਹਿੰਦੇ ਉਹਨੂੰ ਸਦਾ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ -

*ਧਾਰਨਾ - ਅਮਰ ਹੋ ਜਾਂਦੇ ਨੇ,*
*ਅੰਮ੍ਰਿਤ ਨੂੰ ਪੀਂਦੇ ਜਿਹੜੇ।*

ਅੰਮ੍ਰਿਤ ਦਾ ਰਸ ਮਹਾਰਾਜ ਕਹਿੰਦੇ ਕੋਈ ਵਿਰਲਾ ਪੀਂਦਾ ਹੈ -

*ਇਹੁ ਹਰਿ ਰਸੁ ਪਾਵੈ ਜਨੁ ਕੋਇ ॥*
*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਅੰਗ - ੨੮੭*

ਉਹ ਮੌਤ ਦੇ ਮੰਡਲ ਨੂੰ ਪਾਰ ਕਰ ਜਾਂਦਾ ਹੈ, ਫੇਰ ਨਹੀਂ ਉਹ ਮੁੜ ਕੇ ਮਰਦਾ। ਮਰਦੀ ਹਉਮੈ ਹੁੰਦੀ ਹੈ, ਹਉਮੈ ਦੀ ਵਿਹੁ ਲਹਿ ਜਾਂਦੀ ਹੈ। ਵਿਹੁ ਲਹਿਣ ਦੇ ਨਾਲ ਆਪਣੇ ਸਰੂਪ 'ਚ ਆ ਜਾਂਦਾ ਹੈ। ਕਹਿੰਦੇ ਸਦਾ ਦਾ ਜੀਵਨ ਹੁੰਦਾ ਹੈ -

*ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥*
*ਜਾ ਕੈ ਮਨਿ ਪ੍ਰਗਟੇ ਗੁਨਤਾਸ ॥*
*ਆਠ ਪਹਰ ਹਰਿ ਕਾ ਨਾਮੁ ਲੇਇ ॥*
*ਸਚੁ ਉਪਦੇਸੁ ਸੇਵਕ ਕਉ ਦੇਇ ॥*
*ਮੋਹ ਮਾਇਆ ਕੈ ਸੰਗਿ ਨ ਲੇਪੁ ॥*
*ਮਨ ਮਹਿ ਰਾਖੈ ਹਰਿ ਹਰਿ ਏਕੁ ॥ ਅੰਗ - ੨੮੭*

ਕਦੇ ਨਹੀਂ ਵਿਨਾਸ ਹੁੰਦਾ। ਰਹਿਤ ਦਸਦੇ ਨੇ ਮੋਹ ਨਾਲ ਬਿਲਕੁਲ ਉਸਦਾ ਲੇਪ ਨਹੀਂ ਹੈ।

ਹਰ ਵਕਤ ਪ੍ਰਮੇਸ਼ਰ ਉਹਦੇ ਮਨ 'ਚ ਰਹਿੰਦਾ ਹੈ।

*ਅੰਧਕਾਰ ਦੀਪਕ ਪਰਗਾਸੇ ॥*
*ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥ ਅੰਗ - ੨੮੭*

ਉਥੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਪੀਵੇ ਕਿਵੇਂ ਕਹਿੰਦੇ? ਪੀਣ ਦਾ ਵੀ ਤਰੀਕਾ ਲਿਖਿਆ ਹੋਇਆ ਹੈ ਬਾਣੀ ਦੇ ਅੰਦਰ। ਕਹਿੰਦੇ ਜਿਵੇਂ ਖੂਹ ਦੇ ਵਿਚੋਂ ਕੱਢੀ ਜਾਂਦੀ ਹੈ ਨਾ ਬਾਲਟੀ। ਪਾਣੀ ਭਰਨ ਵਾਲੀਆ ਕੁੜੀਆਂ ਕੱਢਦੀਆਂ ਨੇ ਜਾਂ ਬੰਦੇ ਕੱਢਦੇ ਨੇ। ਕਹਿੰਦੇ ਇਹਦੇ ਅੰਦਰਲੇ ਪਾਸੇ ਇਸ ਤਰ੍ਹਾਂ ਖੂਹ ਹੈ ਅੰਮ੍ਰਿਤ ਦਾ ਸਰੀਰ 'ਚ। ਪਰ ਉਹਦੇ 'ਚ ਲੱਜ ਪੈਂਦੀ ਹੈ ਭਰੋਸੇ ਦੀ, ਪਿਆਰ ਦੀ, ਸ਼ਰਧਾ ਦੀ ਤੇ ਬਾਲਟੀ ਬਣਦੀ ਹੈ, ਵਾਹਿਗੁਰੂ ਮੰਤ੍ਰ ਦੀ। ਇਹ ਵਾਹਿਗੁਰੂ ਮੰਤਰ ਦੀਆਂ ਬਾਲਟੀਆਂ ਕੱਢ-ਕੱਢ ਕੇ ਪੀਈ ਜਾਵੇ ਕਹਿੰਦੇ ਫੇਰ ਇਹ ਅੰਮ੍ਰਿਤ ਪੀ ਹੋ ਜਾਂਦਾ ਹੈ -

*ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ*
*ਸਾਚ ਸਬਦਿ ਬੀਚਾਰੀ ॥ ਅੰਗ - ੫੭੦*

ਰਸਨਾ ਦੇ ਨਾਲ ਜਦੋਂ ਅਸੀਂ ਵਾਹਿਗੁਰੁ-ਵਾਹਿਗੁਰੂ ਕਰਾਂਗੇ, ਅੰਦਰ ਭਿੱਜ ਜਾਏਗਾ ਰਸ ਦੇ ਨਾਲ। ਫੇਰ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਦੀ ਵਿਚਾਰ ਪ੍ਰਗਟ ਹੋ ਜਾਏਗੀ।

*ਅੰਤਰਿ ਖੂਹਟਾ ਅੰਮ੍ਰਿਤਿ ਭਰਿਆ*
*ਸਬਦੇ ਕਾਢਿ ਪੀਐ ਪਨਿਹਾਰੀ ॥ ਅੰਗ - ੫੭੦*

ਸ਼ਬਦ ਨਾਲ ਕੱਢ ਕੇ ਪੀਤਾ ਜਾਂਦਾ ਹੈ। ਹਉਮੈ ਤ੍ਰਿਸ਼ਨਾ, ਦੋਵੇਂ ਚੀਜ਼ਾਂ ਮਰ ਜਾਂਦੀਆਂ ਨੇ।

*ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ ॥*
*ਨਾਨਕ ਗੁਰਮੁਖਿ ਨਦਰੀ ਆਇਆ*

*ਹਰਿ ਆਤਮ ਰਾਮੁ ਮੁਰਾਰਿ ॥* *ਅੰਗ– ੧੨੮੧*

ਵਰਸਦਾ ਹੈ ਉਹ ਕ੍ਰਿਪਾ ਧਾਰ ਕੇ ਫੇਰ ਅੰਦਰ। ਝਰਨਾਹਟਾ (vibration) ਹੁੰਦੀ ਹੈ ਫੇਰ ਸਰੀਰ ਦੇ ਅੰਦਰ। ਅਮਰ ਜੀਵਨ ਮਿਲ ਜਾਂਦਾ ਹੈ। ਸਦਾ ਵਾਸਤੇ ਕਾਲ ਨੂੰ ਫਤਹਿ ਕਰ ਲੈਂਦਾ ਹੈ। ਐਸੀ ਜੁਗਤ ਮਹਾਰਾਜ ਜੀ ਨੇ ਅੱਜ ਦੇ ਦਿਨ ਖਾਲਸੇ ਵਿੱਚ ਪ੍ਰਗਟ ਕੀਤੀ। ਪਾਹੁਲ ਪਿਲਾਈ –

*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ॥*

*ਭਾਈ ਗੁਰਦਾਸ ਜੀ*

ਜਿਸਨੂੰ ਅਸੀਂ ਬਾਅਦ ਵਿੱਚ 'ਅੰਮ੍ਰਿਤ' ਕਹਿਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤ ਛਕਣਾ, ਅੰਮ੍ਰਿਤ ਪੀਣਾ, ਹੁਣ ਅਸੀਂ ਇਹਨੂੰ ਅੰਮ੍ਰਿਤ ਹੀ ਕਹਿੰਦੇ ਹਾਂ। ਸੋ ਇਹ ਅੰਮ੍ਰਿਤ ਬਾਹਰੋਂ ਪਾ ਕੇ ਜਿਵੇਂ ਪਾਣੀ ਧਰਤੀ 'ਚੋਂ ਕੱਢੀਦਾ ਹੈ, ਇਸੇ ਤਰ੍ਹਾਂ ਦੇ ਨਾਲ ਜਦੋਂ ਤਕ ਇਹ ਅੰਮ੍ਰਿਤ ਨਹੀਂ ਪੈਂਦਾ, ਓਨੀਂ ਦੇਰ ਤਕ ਅੰਦਰਲੇ ਅੰਮ੍ਰਿਤ ਦੇ ਨਾਲ ਮਿਲਾਪ ਨਹੀਂ ਹੁੰਦਾ। ਸੋ ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ ਪਿਆਰਿਓ! ਇਹ ਜਿਹੜਾ ਏਸ ਆਦਰਸ਼ ਦਾ ਮਾਨੁਖ ਹੈ, ਆਪ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਾਉਂਦਾ ਹੈ। ਸੰਸਾਰ ਦਾ ਭਲਾ ਚਾਹੁੰਦਾ ਹੈ ਤੇ ਆਪਣੀ ਦੇਹ-ਹੰਗਤਾ ਨੂੰ ਤਿਆਗ ਕੇ ਸੰਸਾਰ ਦੇ ਭਲੇ ਵਾਸਤੇ ਲਾਉਂਦਾ ਹੈ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਦੂਜਿਆਂ ਵਾਸਤੇ ਮਰ ਜਾਣਾ ਹੀ ਵੱਡੀ ਚੀਜ਼ ਹੈ? ਨਹੀਂ ਪਿਆਰਿਓ! ਦੇਹ ਨੂੰ, ਵਰਤੋਂ 'ਚ ਲਿਆਓ ਵਿਉਂਤ ਦੇ ਨਾਲ, ਆਪ ਜਪੋ ਤੇ ਨਾਮ ਜਪਾਵੋ, ਅੰਧਕਾਰ ਸੰਸਾਰ ਦਾ ਦੂਰ ਕਰੋ, ਤੁਰੇ ਫਿਰੋ ਸੰਸਾਰ ਦੇ ਅੰਦਰ। ਹੋਕਾ ਦਿਓ ਗੁਰੂ ਨਾਨਕ ਦੀ ਬਾਣੀ ਦਾ। ਉਹ ਜੀਉਂਦੇ ਬੰਦੇ ਨਹੀਂ ਦੇ ਸਕਦੇ, ਜਿਹੜੇ ਮਿਰਤਕ ਹੋਏ ਹੋਏ ਨੇ, ਫੇਰ ਜੀਉਂਦੇ ਹੋਏ ਨੇ, ਓਹੀ ਦੇ ਸਕਦੇ ਨੇ। ਬਾਕੀਆਂ ਨੂੰ ਤਾਂ ਘਰ-ਬਾਰ ਮੂਹਰੇ ਆ ਜਾਏਗਾ। ਰੌਲਾ ਪੈ ਜਾਏਗਾ ਕਿ ਇਹ ਤਾਂ ਪੈਸੇ ਥੋੜ੍ਹੇ ਦਿੰਦੇ ਨੇ। ਇਥੇ ਅਸੀਂ ਕੀ ਕਰਨ ਜਾਣਾ ਹੈ। ਇਹ ਤਾਂ ਗੱਲਾਂ ਗਲਤ ਹੋ ਜਾਂਦੀਆਂ ਨੇ। ਪੈਸਾ ਕਮਾਉਣ ਜਾਣਾ ਹੈ, ਬਿਜ਼ਨਸ ਬਣਾ ਲਈ, ਗੁਰਮਤਿ ਬਹੁਤ ਹੋਰ ਚੀਜ਼ ਹੈ। ਗੁਰਮਤਿ ਤੋਂ ਲਾਂਭੇ ਹੋ ਜਾਂਦੇ ਨੇ। ਇਹ ਜਿਹੜਾ ਪ੍ਰਮੇਸ਼ਰ ਦਾ ਸੇਵਕ ਹੈ, ਉਹਨੂੰ ਪੈਸੇ ਦਾ ਨਹੀਂ ਖਿਆਲ ਕਦੇ ਵੀ ਹੁੰਦਾ, ਮਾਇਆ ਤਾਂ ਉਹਦੇ ਪਿਛੇ ਲਗ ਤੁਰਦੀ ਹੈ। ਠੇਡੇ ਮਾਰਦਾ ਹੈ। ਜਦੋਂ ਠੇਡੇ ਮਾਰਦਾ ਹੈ, ਨੱਠ-ਨੱਠ ਆਉਂਦੀ ਹੈ। ਸੋ ਉਹ ਜਿਹੜਾ ਜੀਵਨ ਹੈ ਉਹ ਸੰਸਾਰ ਦੇ ਵਿੱਚ ਹੋਕਾ ਦਿੰਦਾ ਹੈ। ਓਹੀ ਜੀਵਨ ਜੇ ਇਕ ਦਮ ਖਤਮ ਹੋ ਜਾਵੇ ਫੇਰ ਹੋਕਾ ਕੌਣ ਦੇਵੇ। ਸੋ ਸਾਰਾ ਹੀ ਜੀਵਨ ਪ੍ਰਮੇਸ਼ਰ ਦੇ ਲੇਖੇ ਲਾ ਦੇਣਾ। ਆਖਰੀ ਸਵਾਸ ਤਕ ਆਪ ਨਾਮ ਜਪਣਾ ਤੇ ਦੂਜਿਆਂ ਨੂੰ ਜਪਾਉਣਾ, ਪਦਵੀ ਕਿੱਡੀ ਹੈ?

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*

*ਅੰਗ – ੩੦੬*

ਸੋ ਇਹ ਲੇਖੇ ਵਿੱਚ ਲਾਉਣਾ ਹੈ ਜਿਹੜਾ ਸਰੀਰ ਹੈ। ਦੋ ਤਰ੍ਹਾਂ ਨਾਲ ਲਾਉਣਾ ਹੈ, ਇਕ ਤਾਂ ਪ੍ਰਮੇਸ਼ਰ ਨੂੰ ਨਹੀਂ ਭੁੱਲਣਾ, ਹਰ ਵਕਤ ਰਸਨਾ ਹਿਲਦੀ ਰਹੇ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ; ਸੁਰਤ ਜਿਹੜੀ ਹੈ ਪ੍ਰਮੇਸ਼ਰ 'ਚ ਰਹੇ। ਕਿਉਂਕਿ ਜਦੋਂ ਲੇਖੇ 'ਚ ਲਾ ਦਿੱਤਾ, ਫੇਰ ਬਾਕੀ ਗੱਲਾਂ ਤਾਂ ਮੂਹਰੇ ਨਾ ਰਹੀਆਂ। ਦੂਸਰਾ ਇਹ ਹੈ ਕਿ ਆਪ ਹੀ ਆਨੰਦ ਨਾ ਉਠਾਵੇ, ਸੰਸਾਰ ਦੇ ਨਾਲ ਅਨੰਦ ਸਾਂਝਾ ਕਰੇ। ਉਨ੍ਹਾਂ ਨੂੰ ਹਨ੍ਹੇਰੇ 'ਚੋਂ ਕੱਢੇ, ਘੁੰਮਣ ਘੇਰੀਆਂ 'ਚੋਂ ਕੱਢ ਕੇ ਸਿੱਧੇ ਰਸਤੇ 'ਤੇ ਤੋਰੇ। ਭਰਮਾਂ 'ਚੋਂ ਕੱਢ ਲਵੇ, ਉਹਦੀ ਬੜੀ ਭਾਰੀ ਸੇਵਾ ਹੁੰਦੀ ਹੈ। ਮਹਾਰਾਜ ਕਹਿੰਦੇ, ਪਿਆਰਿਓ! ਜਿਹੜੇ ਐਸੇ ਪ੍ਰੇਮੀ ਨੇ, ਉਨ੍ਹਾਂ ਵਿੱਚ ਤੇ ਮੇਰੇ ਵਿੱਚ ਗਲਤੀ ਨਾਲ ਭੇਦ ਨਾ ਜਾਣ ਲਿਓ।

*ਖਾਲਸਾ ਮੇਰੋ ਰੂਪ ਹੈ ਖਾਸ॥*
*ਖਾਲਸੇ ਮਹਿ ਹੌਂ ਕਰੌਂ ਨਿਵਾਸ॥*
*ਖਾਲਸਾ ਮੇਰੋ ਮੁਖ ਹੈ ਅੰਗਾ॥*
*ਖਾਲਸੇ ਕੇ ਹੌਂ ਸਦ ਸਦ ਸੰਗਾ॥* *ਸਰਬ ਲੋਹ ਗ੍ਰੰਥ 'ਚੋਂ*

ਜਿਹੜਾ ਇਸ ਬਿਰਤੀ ਦਾ ਬੰਦਾ ਹੈ, ਉਹ ਕਦੇ ਵੀ ਆਪਣੇ ਆਪ ਨੂੰ ਇਕੱਲਾ ਨਹੀਂ ਸਮਝਦਾ। ਉਹ ਕਹਿੰਦਾ ਮੈਨੂੰ ਤਾਂ ਗੁਰੂ ਸਾਹਿਬ ਲਈਂ ਫਿਰਦੇ ਨੇ, ਉਹ ਮੇਰੀ ਪਿੱਠ 'ਤੇ ਨੇ, ਜੋ ਬੁਲਾਉਂਦੇ ਨੇ ਮੈਂ ਬੋਲਦਾ ਹਾਂ। ਜਿੱਥੇ ਮੈਨੂੰ ਲਿਜਾਂਦੇ ਨੇ ਮੈਂ ਜਾਂਦਾ ਹਾਂ। ਉਹ ਤਾਂ ਮੇਰੇ ਨਾਲ ਨੇ। ਉਹ ਐਸੇ ਵਿਸ਼ਵਾਸ਼ 'ਚ ਹੁੰਦਾ ਹੈ, ਉਹਦਾ ਵਿਸ਼ਵਾਸ਼ ਨਹੀਂ ਟੁੱਟਦਾ ਕਦੇ ਵੀ। ਉਹ ਕਹਿੰਦਾ ਜਦ ਉਨ੍ਹਾਂ ਨੇ ਕਹਿ ਦਿੱਤਾ ਕਿ 'ਖਾਲਸੇ ਕੇ ਹੌਂ ਸਦ ਸਦ ਸੰਗਾ' ਕੀ ਇਹ ਝੂਠੀ ਗੱਲ ਕਹੀ ਹੈ। ਇਹ ਪ੍ਰਗਟ ਕਰਨ ਵਾਲੀਆਂ ਨਹੀਂ ਗੱਲਾਂ ਹੁੰਦੀਆਂ। ਗੁਰੂ ਮਹਾਰਾਜ ਸੰਗਤ ਦੇ ਵਿੱਚ ਹੁੰਦੇ ਨੇ ਹਾਜ਼ਰ ਨਾਜ਼ਰ। ਅੱਖਾਂ ਵਾਲਿਆਂ ਨੂੰ ਦਿਸ ਜਾਂਦੇ ਨੇ। ਦੂਜੇ ਹਨ੍ਹੇਰੇ 'ਚ ਰਹਿੰਦੇ ਨੇ। ਆਹ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਹੀ ਪ੍ਰਕਾਸ਼ ਨਜ਼ਰ ਆਉਂਦਾ ਹੈ, ਕਿਉਂਕਿ ਉਨ੍ਹਾਂ ਦਾ ਬਚਨ ਹੈ ਕਿ ਜਿਥੇ ਜਾਏਗਾ ਮੈਂ ਨਾਲ

ਹੋਵਾਂਗਾ ਉਹਦੇ।

*ਖਾਲਸਾ ਮੇਰੋ ਇਸ਼ਟ ਸੁਹਿਰਦ॥*
*ਖਾਲਸਾ ਮੇਰੋ ਕਹੀਅਤ ਬਿਰਦ॥*
*ਖਾਲਸੇ ਮੇਰੋ ਪਛ ਅਰ ਪਾਤਾ॥*
*ਖਾਲਸਾ ਮੇਰੋ ਸੁਖ ਅਹਿਲਾਦਾ॥*
*ਖਾਲਸਾ ਮੇਰੋ ਮਿੱਤਰ ਸਖਾਈ॥*
*ਖਾਲਸਾ ਮਾਤ ਪਿਤਾ ਸੁਖਦਾਈ॥* *ਸਰਬ ਲੋਹ ਗ੍ਰੰਥ 'ਚੋਂ*

ਜਿਹੜਾ ਇਨ੍ਹਾਂ ਦੀ ਸੇਵਾ ਕਰਦਾ ਹੈ, ਉਹ ਕਹਿੰਦੇ ਫੇਰ ਮੇਰੀ ਹੀ ਸੇਵਾ ਕਰਦਾ ਹੈ -

*ਧਾਰਨਾ - ਪਿਆਰੇ ਜੀ, ਦਾਨ ਦਿੱਤਾ ਖਾਲਸੇ ਨੂੰ,*
*ਉਹ ਦੋਹੀਂ ਜਹਾਨੀਂ ਫਲਦਾ।*

*ਸੇਵ ਕਰੀ ਇਨਹੀ ਕੀ ਭਾਵਤ,*
*ਅਉਰ ਕੀ ਸੇਵ ਸੁਹਾਤ ਨ ਜੀ ਕੋ॥*
*ਦਾਨ ਦਯੋ ਇਨਹੀ ਕੋ ਭਲੋ,*
*ਅਰੁ ਆਨ ਕੋ ਦਾਨ ਨ ਲਾਗਤ ਨੀਕੋ॥*
*ਆਗੈ ਫਲੈ ਇਨ ਹੀ ਕੋ ਦਯੋ,*
*ਜਗ ਮੈ ਜਸੁ ਅਉਰ ਦਯੋ ਸਭ ਫੀਕੋ॥*

*ਗਿਆਨ ਪ੍ਰਬੋਧ ਪਾ. ੧੦*

ਕਹਿਣ ਲੱਗੇ, ਪਿਆਰਿਓ! ਇਨ੍ਹਾਂ ਬ੍ਰਹਮਗਿਆਨੀਆਂ ਦੇ ਰਾਹੀਂ ਜੋ ਤੁਹਾਡੀ ਸ਼ੁੱਭ ਕਮਾਈ ਖਰਚ ਆਵੇਗੀ, ਕਹਿੰਦੇ ਉਹ ਇੱਥੇ ਵੀ ਫਲੇਗੀ ਤੇ ਦਰਗਾਹ 'ਚ ਵੀ ਫਲੇਗੀ। ਸੋ ਸੇਵਾ ਵੀ ਇਨ੍ਹਾਂ ਦੀ ਕਰਨੀ ਹੈ, ਦਾਨ ਵੀ ਇਨ੍ਹਾਂ ਦੇ ਹੱਥੀਂ ਦੇਣਾ ਹੈ। ਦੂਜਿਆਂ ਦੇ ਹੱਥੀਂ ਕਿਉਂ ਨਹੀਂ ਦੇਣਾ, ਇੱਕ ਪੁਰਾਣ ਹੈ ਜਿਹਦਾ ਨਾਉਂ ਸੁਕੰਦ ਪੁਰਾਣ ਹੈ, ਹਜ਼ਾਰਾਂ ਸਾਲ ਪਹਿਲਾਂ ਦਾ ਛਪਿਆ ਹੋਇਆ ਹੈ, ਛਾਪਾ ਤਾਂ ਹੁੰਦਾ ਨਹੀਂ ਸੀ, ਸੀਨੇ-ਬ-ਸੀਨੇ ਆਉਂਦਾ ਹੈ, ਯਾਨਿ ਪ੍ਰਚਲਤ ਹੈ ਉਹ ਪੁਰਾਣ। ਉਹਦੇ ਵਿੱਚ ਇੱਕ ਪੂਰਾ ਚੈਪਟਰ ਆਉਂਦਾ ਹੈ, ਉਹਦੇ ਵਿੱਚ ਬ੍ਰਹਮਾ ਜੀ ਤੇ ਨਾਰਦ ਆਪਸ ਵਿੱਚ ਗੱਲਾਂ ਕਰਦੇ ਨੇ। ਨਾਰਦ ਕਹਿਣ ਲੱਗਿਆ, ਮਹਾਰਾਜ! ਜਦੋਂ ਕਲਜੁਗ ਆ ਜਾਣਾ ਹੈ ਫੇਰ ਦੁਆਪਰ, ਤ੍ਰੇਤੇ, ਸਤਿਜੁਗ ਦੇ ਐਨੇ ਧਰਮੀ ਕਰਮੀ, ਕਰਮ ਕਰਨ ਵਾਲੇ, ਆਪਣੇ ਧਰਮ ਨੂੰ ਪਛਾਨਣ ਵਾਲੇ ਇਕ ਦਮ ਕਿਵੇਂ ਮਨਮੁਖ ਹੋ ਜਾਣਗੇ? ਕਿਹੜੀ ਚੀਜ਼ ਹੈ ਜਿਹੜੀ ਉਨ੍ਹਾਂ ਦੇ ਕਰਮ ਧਰਮ ਨੂੰ ਭ੍ਰਿਸ਼ਟ ਕਰ ਦੇਵੇਗੀ ਤੇ ਦੁੱਖ ਕਿਉਂ ਆ ਜਾਏਗਾ ਕਲਜੁਗ ਵਿੱਚ। ਕਿਉਂਕਿ ਜਿਸ ਯੁੱਗ ਦੇ ਅੰਦਰ ਪੁੰਨ ਦਾਨ ਚਲਦਾ ਹੈ, ਉਥੇ ਕਲੇਸ਼ ਨਹੀਂ ਹੋਇਆ ਕਰਦਾ। ਜਿਥੇ ਖੁਦਗਰਜ਼ੀ ਹੈ ਉਥੇ ਭੂਤਾਂ ਦਾ ਵਾਸਾ ਹੋ ਜਾਂਦਾ ਹੈ, ਉਥੇ ਕਲੇਸ਼ ਹੀ ਕਲੇਸ਼ ਹੇ। ਇੱਕ ਦਮ ਆਦਮੀ ਦੇ ਅੰਦਰ ਐਨਾ ਪਤਨ ਕਿਵੇਂ ਆ ਜਾਏਗਾ? ਕ੍ਰਿਪਾ ਕਰਕੇ ਦੱਸੋ?

ਕਹਿਣ ਲੱਗੇ, ਨਾਰਦ! ਕਾਫੀ ਸਮਾਂ ਲੰਘਣ ਤੋਂ ਬਾਅਦ ਇੱਕ ਬੂਟੀ ਜੋ ਹੈ, ਕਾਮਧੇਨ ਗਊ ਦੇ ਸਰਾਪ ਨਾਲ ਪੈਦਾ ਹੋਈ-ਹੋਈ ਸੰਸਾਰ ਦੇ ਉਤੇ, ਜਮਦਗਨ ਨੇ ਬਾਣ ਮਾਰਿਆ। ਜਮਦਗਨ ਰਿਸ਼ੀ ਦੇ ਕੋਲੋਂ ਸਹੰਸਰਬਾਹੂ ਰਾਜਾ ਖੋਹਣ ਲੱਗਿਆ, ਉਨ੍ਹਾਂ ਨੇ ਅਕਾਸ਼ ਦੇ ਰਸਤੇ ਤੋਰ ਦਿੱਤੀ ਤੇ ਜਾਂਦੀ-ਜਾਂਦੀ ਦੇ ਬਾਣ ਮਾਰਿਆ। ਉਹਦੇ ਕੰਨ ਤੇ ਖੁਰ ਵਿਚੋਂ ਖੂਨ ਦਾ ਕਤਰਾ ਨਿਕਲਿਆ, ਨਾਲ ਆਵਾਜ਼ ਆਈ ਕਿ ਐ ਮੇਰੇ ਕਤਰੇ ਦੇ ਵਿਚੋਂ ਇੱਕ ਬੂਟੀ ਪੈਦਾ ਹੋਏਗੀ ਜਿਹੜਾ ਉਹਨੂੰ ਹੱਥ ਲਾ ਲਏਗਾ, ਜਿਹੜਾ ਉਹਨੂੰ ਪੀ ਲਏਗਾ, ਧੂਮਰ ਪਾਨ ਕਰ ਲਏਗਾ, ਉਹਦੀ ਬੁੱਧੀ ਭ੍ਰਿਸ਼ਟ ਹੋ ਜਾਏਗੀ, ਕਰਮ ਧਰਮ ਸਾਰੇ ਨਸ਼ਟ ਹੋ ਜਾਣਗੇ ਤੇ ਉਹ ਨਰਕਾਂ ਵਿੱਚ ਜਾਏਗਾ। ਕੁਲਾਂ ਨੂੰ ਗਾਲੇਗਾ। ਕਹਿਣ ਲੱਗੇ, ਉਹ ਬੂਟੀ ਜਿਹੜੀ ਸੀ ਉਹ ਪ੍ਰਗਟ ਹੋ ਗਈ। ਪਾਤਾਲ ਲੋਕ ਦੇ ਵਿੱਚ ਪੈਦਾ ਹੋ ਗਈ। ਅਰਜਨਟਾਈਨਾ 'ਚ ਹੋਈ ਹੈ ਸਭ ਤੋਂ ਪਹਿਲਾਂ ਇਹ। ਉਸ ਤੋਂ ਬਾਅਦ ਬੋਧੀ ਗਏ, ਇਹ ਇਲਾਸਕਾ ਦੇ ਵਿਚੀਂ ਹੁੰਦੇ ਹੋਏ, ਉਪਰ ਦੀ ਗਏ, ਅਮਰੀਕਾ, ਸਿਰੜੀ ਸੀਗੇ, ਹੇਠਾਂ ਚਲੇ ਗਏ, ਉਥੋਂ ਲੈ ਆਏ, ਇਹ ਅੱਗ ਦੇ ਵਿੱਚ ਪਾ ਕੇ ਪੀਣ ਲਗ ਗਏ। ਨਾਸਤਕ ਸੀਗੇ। ਬ੍ਰਹਮਾ ਜੀ ਕਹਿਣ ਲੱਗੇ, ਨਾਰਦ ਜੀ! ਇਹ ਸਮਾਂ ਪਾ ਕੇ ਆ ਜਾਣੀ ਹੈ ਭਾਰਤ ਦੇ ਵਿੱਚ ਵੀ, ਜਿਹਨੂੰ ਕਰਮ ਭੂਮੀ, ਓਸ ਵੇਲੇ ਧਰਮ ਭੂਮੀ ਕਹਿੰਦੇ ਸੀ। ਧਰਮ ਦਾ ਦੇਸ਼ ਸੀ, ਧਰਮ ਕਮਾਉਣ ਵਾਲਾ। ਉਨ੍ਹਾਂ ਨੂੰ ਭੋਗ ਭੂਮੀਆਂ ਕਹਿੰਦੇ ਸੀ। ਕਹਿੰਦੇ, ਇਹ ਜਿਹੜੀ ਬੂਟੀ ਹੈ ਇਹਨੂੰ ਅੱਗ ਵਿੱਚ ਪਾ ਕੇ ਪੀਆ ਕਰਨਗੇ। ਕੁਛ ਮੂਰਖ ਖਾਇਆ ਕਰਨਗੇ। ਇਹ ਸਿਹਤ ਵਾਸਤੇ ਬਹੁਤ ਹਾਨੀਕਾਰਕ, ਕਹਿੰਦੇ ਇਹਦੇ ਨਾਲ ਦੇਵਤੇ ਵੀ ਨਰਾਜ਼ ਹੋ ਜਾਣਗੇ। ਜੋ ਦੇਵਤੇ ਅੱਜ ਅਰਾਮ ਨਾਲ ਆ ਜਾਂਦੇ ਨੇ ਧਰਤੀ 'ਤੇ, ਉਹ ਆਉਣਾ ਬੰਦ ਕਰ ਦੇਣਗੇ। ਬੇਅੰਤ ਪ੍ਰਯਤਨ ਕਰਨ ਨਾਲ ਵੀ ਦੇਵਤਾ ਪ੍ਰਗਟ ਨਹੀਂ ਹੋਣਗੇ। ਕਹਿਣ ਲੱਗੇ, ਮਹਾਰਾਜ! ਫੇਰ ਤਾਂ ਬੜੀ ਬੁਰੀ ਗੱਲ ਹੋਈ। ਕਹਿੰਦੇ, ਇਹਨੂੰ ਬ੍ਰਾਹਮਣ ਲੋਕ ਵੀ ਪੀਣਗੇ। ਕਹਿੰਦੇ ਐਨਾ ਬੁਰਾ ਅਸਰ ਹੋਏਗਾ ਕਿ ਜੇ ਕੋਈ ਧੂਮਰ ਪਾਨ ਕਰਨ ਵਾਲੇ ਨੂੰ ਦਾਨ ਦੇਵੇਗਾ, ਤਾਂ ਦਾਨ ਦੇਣਾ ਵਾਲਾ ਇੱਕ ਜਨਮ ਸੂਰ ਦਾ ਭੁਗਤੇਗਾ ਤੇ ਜਿਹੜਾ ਦਾਨ ਲੈਣ ਵਾਲਾ ਬ੍ਰਾਹਮਣ ਹੈ, ਸੱਤ ਜਨਮ ਸੂਰ ਦੇ ਧਾਰ ਕੇ ਪਿੰਡ ਦਾ ਮਲਮੂਤਰ ਸਾਫ ਕਰੇਗਾ। ਕਹਿੰਦੇ, ਇਸ ਕਰਕੇ ਪਿਆਰਿਆ! ਜੋ ਦਾਨ ਹੈ ਅਸੀਂ ਖਾਲਸੇ ਨੂੰ ਲਿਖ ਦਿੱਤਾ।

ਸੋ ਪਦਵੀ ਦੇ ਦਿਤੀ, ਦਾਨ ਦਾ ਵੀ ਅਧਿਕਾਰੀ ਬਣਾ ਦਿੱਤਾ, ਲੈਣ ਦਾ ਤੇ ਖਰਚਣ ਦਾ। ਨਾਮ ਜਪਣ, ਜਪਾਉਣ ਦਾ ਅਧਿਕਾਰ ਦੇ ਦਿਤਾ। ਦੇਸ਼ ਦੀ ਰੱਖਿਆ ਵਾਸਤੇ ਸ਼ਸਤਰਧਾਰੀ ਬਣਾ ਦਿੱਤਾ। ਸੇਵਾ ਕਰਨ ਵਾਸਤੇ ਬਹੁਤ ਵੱਡੀ ਤਾਕੀਦ ਕਰ ਦਿਤੀ। ਵਣਜ ਵਪਾਰ ਕਰਨ ਦੀ ਤਾਕੀਦ ਕਰ ਦਿੱਤੀ। ਇੱਕੋ ਮਨੁੱਖ ਦੇ ਅੰਦਰ ਚਾਰੇ ਵਰਨ ਪਾ ਦਿਤੇ। ਜਦੋਂ ਇਸ ਤਰ੍ਹਾਂ ਦੇ ਬਚਨ ਹੋਏ ਤਾਂ ਜਿਹੜੇ ਬ੍ਰਾਹਮਣ ਸੀ ਉਸ ਵੇਲੇ ਹਾਜ਼ਰ, ਕੇਸਵ ਦਾਸ ਵਰਗੇ ਜਿਹੜੇ ਦੇਵੀ ਪ੍ਰਗਟ ਕਰਨ ਵਾਸਤੇ ਆਏ ਹੋਏ ਸੀ, ਉਹ ਬੜੇ ਨਰਾਜ਼ ਹੋ ਗਏ। ਆਪਸ ਵਿੱਚ ਮੀਟਿੰਗਾਂ ਕਰਨ ਲਗ ਗਏ। ਕਹਿਣ ਲੱਗੇ, ਗੁਰੂ ਸਾਹਿਬ ਨੇ ਮਰਿਯਾਦਾ ਉਲਟਾ ਦਿੱਤੀ। ਸਤਿਜੁਗ ਦੀ ਮਰਿਯਾਦਾ ਬਦਲ ਦਿੱਤੀ। ਇਹ ਕਾਹਦੇ ਅਵਤਾਰ ਆਏ ਨੇ। ਇਨ੍ਹਾਂ ਨੇ ਤਾਂ ਸਾਰੀਆਂ ਮਰਿਯਾਦਾ ਭੰਗ ਕਰ ਦਿੱਤੀਆਂ ਤੇ ਮਹਾਰਾਜ ਜੀ ਕੋਲ ਆ ਗਏ, ਕਹਿੰਦੇ, ਮਹਾਰਾਜ! ਤੁਸੀਂ ਆਹ ਸ਼ੂਦਰਾਂ ਨੂੰ ਸਾਡੇ ਵਾਲਾ ਕੰਮ ਦੇ ਦਿੱਤਾ। ਦਾਨ ਲੈਣ ਦਾ ਵੀ ਤੇ ਦੇਣ ਦਾ ਵੀ। ਇਨ੍ਹਾਂ ਨੂੰ ਤੁਸੀਂ ਪੜ੍ਹਨ ਪੜ੍ਹਾਉਣ ਦਾ ਕੰਮ ਦੇ ਦਿੱਤਾ, ਬ੍ਰਾਹਮਣਾਂ ਵਾਲਾ। ਇਹ ਸ਼ੂਦਰਾਂ ਨੂੰ ਤੁਸੀਂ ਕਿਵੇਂ ਦੇ ਦਿੱਤਾ। ਇਹ ਤਾਂ ਆਪ ਨਰਕਾਂ ਨੂੰ ਜਾਣਗੇ ਤੇ ਦੂਜਿਆਂ ਨੂੰ ਵੀ ਨਰਕਾਂ 'ਚ ਭੇਜਣਗੇ। ਮਹਾਰਾਜ ਕਹਿੰਦੇ, ਪਿਆਰਿਓ! ਤੁਹਾਨੂੰ ਨਹੀਂ ਪਤਾ, ਇਹ ਖਾਲਸਾ ਪਦਵੀ, ਜਾਤ ਪਾਤ ਵਾਲਾ ਬ੍ਰਾਹਮਣ ਤਾਂ ਉਥੇ ਪਹੁੰਚ ਹੀ ਨਹੀਂ ਸਕਦਾ। ਇਹ ਤਾਂ ਪ੍ਰਮੇਸ਼ਰ ਦਾ ਰੂਪ ਨੇ। ਇਹ ਮੇਰੇ ਅਤਿ ਪਿਆਰੇ ਨੇ। ਐਸ ਤਰ੍ਹਾਂ ਕਹਿੰਦੇ ਨੇ –

*ਧਾਰਨਾ – ਮੇਰਾ ਰੂਪ ਹੈ ਖਾਲਸਾ ਮੇਰਾ,*
*ਮੰਦੇ ਕਾਹਤੋਂ ਬੋਲ ਬੋਲਦੈਂ।*

*ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ,*
*ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ,*
*ਇਨਹੀ ਕ੍ਰਿਪਾ ਫੁਨ ਧਾਮ ਭਰੇ॥*
*ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ*
*ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥*
*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ*
*ਨਹੀ ਮੋ ਸੇ ਗਰੀਬ ਕਰੋਰ ਪਰੇ॥ ਸਵੈਯਾ*

ਪੰਡਤ ਜੀ! ਐਸੇ ਬਚਨ? ਤੁਹਾਨੂੰ ਨਹੀਂ ਪਤਾ। ਤੁਹਾਨੂੰ ਜਿਹੜੇ ਵੱਡੇ-ਵੱਡੇ ਦਾਨ ਅਸੀਂ ਕਰਦੇ ਰਹੇ ਹਾਂ, ਉਹ ਇਨ੍ਹਾਂ ਦੀ ਹੀ ਕ੍ਰਿਪਾ ਸੀ। ਜਿੰਨੇ ਵਿਘਨ ਸੀ ਸਾਰੇ ਇਨ੍ਹਾਂ ਦੀ ਕ੍ਰਿਪਾ ਦੇ ਨਾਲ ਦੂਰ ਹੋਏ ਨੇ। ਜਿਹੜੇ ਧਾਮ ਭਰੇ ਹੋਏ ਨਜ਼ਰ ਆਉਂਦੇ ਨੇ, ਇਨ੍ਹਾਂ ਦੀ ਕ੍ਰਿਪਾ ਨਾਲ ਹੀ ਭਰੇ ਨੇ। ਕਿੱਡਾ ਵੱਡੇ ਬਚਨ ਮਹਾਰਾਜ ਜੀ ਨੇ ਕਹਿ ਦਿੱਤਾ। ਕਹਿਣ ਲੱਗੇ, ਪੰਡਤ ਜੀ! ਫੇਰ ਤੁਸੀਂ ਮਾੜਾ ਨਾ ਇਨ੍ਹਾਂ ਨੂੰ ਆਖਿਓ। ਆਹ ਜਿਹੜਾ ਤੁਸੀਂ ਮੈਨੂੰ ਦੇਖਦੇ ਓਂ, ਮੈਂ ਵੀ ਇਨ੍ਹਾਂ ਦੀ ਕ੍ਰਿਪਾ ਨਾਲ ਸਜਿਆ ਹੋਇਆ ਹਾਂ, ਨਹੀਂ ਮੇਰੇ ਵਰਗੇ ਗਰੀਬ ਕਰੋੜਾਂ ਰੁਲਦੇ ਫਿਰਦੇ ਨੇ। ਸੋ ਐਸਾ ਦਰਜਾ ਗੁਰੂ ਮਹਾਰਾਜ ਨੇ ਖਾਲਸੇ ਨੂੰ ਦਿੱਤਾ ਤੇ ਨਾਲ ਖਾਲਸਾ ਪਦ ਦੀ ਵਿਆਖਿਆ ਵੀ ਆਪ ਨੇ ਦੱਸੀ ਕਿ ਖਾਲਸਾ ਉਹ ਹੈ ਜਿਹਦੇ ਅੰਦਰ ਜੋਤ ਜਗਦੀ ਹੈ-

*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਅੱਜ ਸਾਡਾ 311ਵਾਂ (ਹੁਣ 325ਵਾਂ) ਜਨਮ ਦਿਨ ਸ਼ੁਰੂ ਹੁੰਦਾ ਹੈ, ਪ੍ਰਕਾਸ਼, ਪ੍ਰਗਟ ਹੋਣ ਦਾ, ਆਦਰਸ਼, ਕਿੱਥੇ ਅਸੀਂ ਪਹੁੰਚੇ ਹਾਂ। ਵਿਚਾਰ ਕਰਕੇ ਦੇਖਿਓ ਕਦੇ, ਕਿੱਥੇ ਅਸੀਂ ਹਾਂ। ਕੀ ਅਸੀਂ ਕੰਮ ਕਰਦੇ ਹਾਂ, ਕਿਹੋ ਜਿਹੇ ਸਾਡੇ ਖਿਆਲ ਨੇ, ਕਿੱਥੇ ਗੁਰੂ ਸਾਨੂੰ ਪਦਵੀਆਂ ਦਿੰਦਾ ਹੈ ਤੇ ਅਸੀਂ ਤਾਂ ਫੇਰ ਖਾਲਸਾ ਪਦਵੀ ਦੇ ਵਿੱਚ ਹੋਏ ਨਾ, ਕੁਛ ਹੋਰ ਹੋ ਗਏ, ਸਿੱਖੀ ਨੂੰ ਕੁਛ ਹੋਰ ਬਣਾ ਦਿੱਤਾ ਅਸੀਂ ਅਤੇ ਹੋਰ ਬਣਾਉਂਦੇ ਹੀ ਚਲੇ ਜਾਂਦੇ ਹਾਂ, ਜ਼ੋਰ ਨਾਲ, ਧੱਕੇ ਨਾਲ ਬਣਾ ਰਹੇ ਹਾਂ। ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਨੇ, ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਲਾਂਭੇ ਨਹੀਂ ਜਾਣਾ ਬਿਲਕੁਲ, ਇਤਿਹਾਸ ਕੁਛ ਕਹੀ ਜਾਵੇ, ਮਨੁੱਖ ਕੁਛ ਕਹੀ ਜਾਣ, ਲੇਖ ਕੁਛ ਲਿਖੀ ਜਾਣ। ਜਿਹੜੀ ਗੱਲ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਦੇ ਉਲਟ ਹੋਏਗੀ, ਉਹ ਨਹੀਂ ਅਸੀਂ ਮੰਨਣੀ। ਖੋਜੋ ਗੁਰੂ ਗ੍ਰੰਥ ਸਾਹਿਬ ਨੂੰ, ਲੜ ਫੜ ਲਓ ਗੁਰੂ ਗ੍ਰੰਥ ਸਾਹਿਬ ਦਾ, ਇਹਦਾ ਲੜ ਨਾ ਛੱਡਿਓ ਨਹੀਂ ਰੁਲ ਜਾਵਾਂਗੇ। ਗੁਰੂ ਗ੍ਰੰਥ ਸਾਹਿਬ ਦੇ ਲੜ ਲਗ ਕੇ ਮਨੁੱਖਾਂ ਦੀਆਂ ਗੱਲਾਂ ਨਾ ਸੁਣੋ। ਇਨ੍ਹਾਂ ਦੇ ਸਿਧਾਂਤ ਨੂੰ ਜਾਣੂੰ ਹੋ ਕੇ ਬੰਦਗੀ ਕਰੋ। ਨਾਮ ਜਪੋ। ਸਾਰਿਆਂ ਦੇ ਸਾਂਝੇ ਬਣੋ, ਸਭ ਨਾਲ ਪਿਆਰ ਕਰੋ। ਸੱਚੇ ਦਿਲ ਨਾਲ ਰੋਜ਼ ਕਹੋ –

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

ਜਦੋਂ ਸਰਬੱਤ ਦਾ ਭਲਾ ਮੰਗੇਂਗਾ, ਤੇਰਾ ਵੀ ਭਲਾ ਹੋਏਗਾ। ਤੂੰ ਵੀ ਸਰਬੱਤ ਦੇ ਵਿੱਚ ਆਪੇ ਹੀ ਆ ਜਾਂਦਾ ਹੈਂ। ਇਸ ਤਰ੍ਹਾਂ ਦਾ ਆਦਰਸ਼ ਬਹੁਤ ਉੱਚਾ ਗੁਰੂ ਮਹਾਰਾਜ ਨੇ ਲਿਆਂਦਾ। ਵਧਦੇ ਤਾਂ ਜਾਓ, ਘਟੋ ਨਾ, ਪਿਛੇ ਨੂੰ ਨਾ ਹਟੋ। ਅੰਮ੍ਰਿਤ ਛਕ ਲਿਆ ਬਹੁਤ ਸਾਰੇ ਪ੍ਰੇਮੀਆਂ ਨੇ। ਦਿਨ ਰਾਤ ਇਸ ਗੱਲ ਦੀ ਚਰਚਾ ਹੁੰਦੀ ਰਹਿੰਦੀ ਹੈ ਕਿ

ਨਿਗੁਰੇ ਨਾ ਰਹੋ, ਗੁਰੂ ਤੋਂ ਨਾਮ ਪ੍ਰਾਪਤ ਕਰੋ। ਗੁਰੂ ਘਰ ਦੇ ਅੰਦਰ ਪਹਿਲਾਂ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਨੇ, ਫੇਰ ਜਾ ਕੇ ਨਾਮ ਦਿੰਦੇ ਨੇ, ਉਹ ਨਾਮ ਅਸਲੀ ਚੀਜ਼ ਹੈ। ਉਹ ਨਾਮ ਲੈ ਕੇ ਅਸੀਂ ਪ੍ਰਮੇਸ਼ਰ ਨੂੰ ਮਿਲਣਾ ਹੈ, ਸਫਲ ਕਰਨਾ ਹੈ ਆਪਣਾ ਜੀਵਨ। ਇਹ ਨਹੀਂ ਕਿ ਅੰਮ੍ਰਿਤ ਛਕ ਲਿਆ ਤੇ ਨਾਮ ਨੂੰ ਛੱਡ ਦਿਤਾ, ਇਹੀ ਭੁਲੇਖਾ ਪਿਆ ਹੋਇਆ ਹੈ ਤੇ ਮਨ 'ਚ ਭਰਮ ਹੋ ਜਾਂਦਾ ਹੈ ਕਿ ਮੈਂ ਹੁਣ ਅੰਮ੍ਰਿਤ ਛਕ ਲਿਆ ਤੇ ਮੈਂ ਹੁਣ ਬਣ ਗਿਆ ਸਭ ਕੁਛ। ਨਹੀਂ ਪਿਆਰਿਆ! ਤੂੰ ਤਾਂ ਸਕੂਲ 'ਚ ਦਾਖਲ ਹੋਇਆ ਹੈਂ ਅਜੇ ਪੜ੍ਹਾਈ ਤਾਂ ਅੱਗੇ ਚੱਲਣੀ ਹੈ, ਜੇ ਪੜ੍ਹਨ ਦਾ ਸ਼ੋਂਕ ਹੈ ਫੇਰ ਗੁਰੂ ਮਹਾਰਾਜ ਦੀ ਹਦਾਇਤ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ- ੩੦੬*

ਇਹ ਪ੍ਰੋਗਰਾਮ ਦੇ ਦਿਤਾ।

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*

*ਅੰਗ – ੩੦੬*

ਜਿਹੜਾ ਪਾਸ ਹੋ ਜਾਏਗਾ, ਉਹਨੂੰ ਫੇਰ ਗੁਰੂ ਸਾਹਿਬ ਨੇ ਕੀ ਕਰਨਾ ਹੈ, ਜੀਵ ਨੂੰ ਪ੍ਰਮੇਸ਼ਰ ਬਣਾ ਦੇਣਾ ਹੈ, ਬ੍ਰਹਮਗਿਆਨ ਦੇ ਦੇਣਾ ਹੈ। ਇਹਦਾ ਜੀਵ ਭਾਵ ਖਤਮ ਕਰ ਦੇਣਾ ਹੈ। ਮੈਂ ਇਹਦੀ ਮੁੱਕ ਜਾਣੀ ਹੈ, ਇਹਨੂੰ ਅੰਦਰ ਵੀ ਬਾਹਰ ਵੀ ਪ੍ਰਮੇਸ਼ਰ ਦਿਸਣਾ ਹੈ –

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ – ੨੯੩*

ਜਦੋਂ ਇਹ ਉਪਦੇਸ਼ ਦੇ ਦਿਤਾ ਗੁਰੂ ਨੇ, ਫੇਰ ਨਾਮ ਜਪਣਾ ਅਧਿਕਾਰ ਹੋ ਜਾਂਦਾ ਹੈ। ਆਪ ਨਾਮ ਜਪਣਾ ਹੈ ਤੇ ਸੰਸਾਰ ਨੂੰ ਜਪਾਉਣਾ ਹੈ। ਅੰਮ੍ਰਿਤ ਦਾ ਬਾਟਾ ਤਿਆਰ ਹੋਇਆ ਹੈ ਤੇ ਤੁਸੀਂ ਅੰਮ੍ਰਿਤ ਦੇ ਸਾਂਝੀਦਾਰ ਬਣੇ ਓਂ, ਖਾਲਸਾ ਬਰਾਦਰੀ ਦੇ ਵਿੱਚ ਆਏ ਓਂ। ਅੱਜ ਤੋਂ ਤੁਹਾਡਾ ਜਨਮ ਗੁਰੂ ਘਰ ਦੇ ਅੰਦਰ ਨਵਾਂ ਹੋਇਆ ਹੈ। ਪੁਰਾਣਾ ਜਿਹੜਾ ਸੀ, ਜਿੰਨੇ ਵੀ ਪ੍ਰਭਾਵ ਵੀ ਸਭ ਖਤਮ ਕਰ ਦਿੱਤੇ। ਇਕ ਥਾਂ ਦੇ ਅਸੀਂ ਵਾਸੀ ਹਾਂ, ਸ੍ਰੀ ਅਨੰਦਪੁਰ ਸਾਹਿਬ ਦੇ। ਇੱਕ ਸਾਡਾ ਪਿਤਾ ਹੈ, ਇਕ ਸਾਡੀ ਮਾਤਾ ਹੈ। ਇੱਕ ਸਾਡੇ ਇਸ਼ਟ ਨੇ ਗੁਰੂ ਗ੍ਰੰਥ ਸਾਹਿਬ। ਇਨ੍ਹਾਂ ਦੇ ਅਸੀਂ ਬਣ ਕੇ ਚਲਣਾ ਹੈ। ਸਾਰੇ ਸੰਸਾਰ ਦਾ ਭਲਾ ਕਰਨਾ ਹੈ, ਸਾਰੇ ਸੰਸਾਰ ਦੀ ਸਾਂਝ ਵਿੱਚ ਰਹਿਣਾ ਹੈ, ਜਾਗਦੇ ਰਹਿਣਾ ਹੈ, ਸੌਣਾ ਨਹੀਂ ਹੈ ਸੁਰਤ ਨੂੰ ਨਹੀਂ ਸੌਣ ਦੇਣਾ, ਜਾਗ ਵਿੱਚ ਰਖਣਾ ਹੈ। ਸਾਰੇ ਸੰਸਾਰ ਦਾ ਭਲਾ ਮੰਗਣਾ ਹੈ, ਅਰਦਾਸਾਂ ਕਰਨੀਆਂ ਨੇ –

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਅੰਗ – ੮੫੩*

ਰੱਖ ਲੈ ਵਾਹਿਗੁਰੂ! ਚਾਹੇ ਈਸਾਈ ਬਣਾ ਕੇ ਰੱਖ ਲੈ, ਚਾਹੇ ਬੋਧੀ ਬਣਾ ਕੇ, ਚਾਹੇ ਜੈਨੀ ਬਣਾ ਕੇ, ਚਾਹੇ ਯਹੂਦੀ, ਚਾਹੇ ਹਿੰਦੂ ਬਣਾ ਲੈ, ਚਾਹੇ ਸਿੱਖ ਬਣਾ ਲੈ, ਚਾਹੇ ਮੁਸਲਮਾਨ ਬਣਾ ਲੈ; ਜਿਹੜਾ ਕੁਛ ਬਣਾਉਣਾ ਹੈ, ਜਿਥੇ ਵੀ ਹੈਗਾ ਕੋਈ ਰੱਖ ਲੈ ਤੂੰ ਉਨ੍ਹਾਂ ਨੂੰ। ਦੁਆਰੇ ਢਾਹੁੰਣੇ ਨਹੀਂ ਹੈ ਉਨ੍ਹਾਂ ਦੇ। ਦੁਆਰੇ ਸੰਵਾਰਨੇ ਨੇ, ਬਣਾਉਣੇ ਨੇ, ਧਾਰਮਿਕ ਈਰਖਾ 'ਚ ਨਹੀਂ ਕਿਸੇ ਨਾਲ ਆਉਣਾ। ਫੇਰ ਗੁਰੂ ਦੀਆਂ ਖੁਸ਼ੀਆਂ ਹੋਣਗੀਆਂ, ਫੇਰ ਸਾਡਾ ਅੱਜ ਦਾ ਮਨਾਇਆ ਹੋਇਆ ਦਿਹਾੜਾ ਸਫਲ ਹੋਏਗਾ। ਮਹਾਰਾਜ ਕਹਿੰਦੇ, ਪਿਛਲੇ ਸਾਲ ਦਾ ਤੂੰ ਬਣਾ ਲੈ ਲੇਖਾ ਪੱਤਾ, ਕਿੱਥੇ-ਕਿੱਥੇ ਮੈਂ ਗਿਰਿਆ, ਕਿੱਥੇ-ਕਿੱਥੇ ਮੈਂ ਭੁੱਲਿਆ, ਕਿੱਥੇ-ਕਿੱਥੇ ਮੈਂ ਅਵੱਗਿਆ ਕੀਤੀ। ਅਗਲੇ ਵਾਸਤੇ ਪ੍ਰਣ ਕਰ ਲੈ ਕਿ ਐਤਕੀਂ ਦੇ ਸਾਲ 'ਚ ਮੈਂ ਨਾਮ ਬਹੁਤਾ ਜਪਣਾ ਹੈ, ਬੰਦਗੀ ਕਰਨੀ ਹੈ, ਬਾਣੀ ਪੜ੍ਹਨੀ ਹੈ, ਲੋਕ ਭਲਾਈ ਦੇ ਕੰਮ ਬਹੁਤੇ ਕਰਨੇ ਨੇ। ਸੋ ਜਦੋਂ ਐਉਂ ਚੜ੍ਹਦੇ ਜਾਵਾਂਗੇ ਫੇਰ ਅਸੀਂ ਸਫਰ ਤਹਿ ਕਰ ਲਵਾਂਗੇ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ।

# ਮੈਂਡ ਪਿਆਰਾ ਗੁਰੂ ਨੂੰ......॥

*ਸੰਤ ਵਰਿਆਮ ਸਿੰਘ ਜੀ,*
*ਬਾਨੀ ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ ਮਾਰਚ ਅੰਕ, ਪੰਨਾ-32)*

ਮਨੁੱਖ ਨਾਲੋਂ ਪਸ਼ੂਆਂ ਨੂੰ ਜ਼ਿਆਦਾ ਪਤਾ ਹੈ। ਪਸ਼ੂ ਬਿਮਾਰ ਹੋ ਜਾਵੇ, ਆਪਣੀ ਦਵਾਈ ਆਪੇ ਹੀ ਕਰ ਲੈਂਦੈ। ਕਦੇ ਦੇਖਿਆ ਕਿ ਬਾਹਰਲਾ ਪਸ਼ੂ ਬਿਮਾਰ ਹੋਇਐ? ਆਦਮੀਆਂ ਦੇ ਕੋਲ ਰਹਿਣ ਵਾਲੇ ਪਸ਼ੂ ਬਿਮਾਰ ਹੋ ਜਾਂਦੇ ਨੇ। ਪੰਛੀ ਬਿਮਾਰ ਹੋ ਜਾਂਦੇ ਨੇ ਕਿਉਂਕਿ ਇਹਦੀ ਬਿਮਾਰ ਦੀ ਸੰਗਤ ਪੈ ਜਾਂਦੀ ਹੈ। ਉਹਨਾਂ ਨੂੰ ਸੰਗਤ ਦਾ ਅਸਰ ਹੁੰਦੈ ਉਹ ਵੀ ਬਿਮਾਰ ਹੋ ਜਾਂਦੇ ਨੇ। ਜੇ ਨਾਮ ਦੀ ਅਉਖਧੁ ਦਾ ਪਤਾ ਹੋਵੇ। ਮਹਾਰਾਜ ਕਹਿੰਦੇ, ਕਿਤੇ ਬਜ਼ਾਰ 'ਚੋਂ ਲੈਣ ਜਾਨੈ, ਤੇਰੇ ਅੰਦਰ ਹੈ। ਤੇਰੇ ਅੰਦਰ ਹੀ ਪ੍ਰਮੇਸ਼ਰ ਨੇ ਨਾਮ ਪਾਇਆ ਹੋਇਐ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ- ੨੯੩*

ਦੇਹ ਦੇ ਵਿਚ ਹੀ ਪਿਆ ਹੈ। ਹੁਣ ਇਹ ਗੱਲ ਸਮਝਾਉਣੀ ਬੜੀ ਔਖੀ ਹੈ। ਅੱਖਰ ਨਹੀਂ ਲੱਭਦੇ ਕਿ ਕਾਹਦੇ ਨਾਲ ਸਮਝਾਵੇ। ਹਾਂ ਜੇ ਕੋਈ ਤਰੀਕੇ ਨਾਲ ਪ੍ਰੈਕਟੀਕਲੀ ਅੰਦਰਲੇ ਪਾਸੇ ਖੋਜ ਕਰ ਲਵੇ ਜਿਹਨੂੰ ਆਪਾ ਚੀਨਣਾ ਕਹਿੰਦੇ ਨੇ -

*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥*
*ਅੰਗ- ੬੮੪*

ਉਹ ਤਾਂ ਗੱਲ ਸਮਝ ਸਕਦੈ, ਬਾਕੀਆਂ ਨੂੰ ਤਾਂ ਸਮਝਾਉਣਾ ਹੀ ਔਖਾ ਹੈ। ਸ਼ਹਿਰਾਂ 'ਚ ਰਹਿਣ ਲਗ ਗਏ, ਕੀ ਫਰਕ ਪੈ ਗਿਆ? ਪੈਸੇ ਚਾਰ ਜ਼ਿਆਦਾ ਕਮਾ ਲਏ, ਕੱਪੜੇ ਥੋੜ੍ਹੇ ਸੋਹਣੇ ਪਾ ਲਏ, ਪੱਕੇ ਘਰਾਂ 'ਚ ਰਹਿਣ ਲਗ ਗਏ। ਗੱਲ ਤਾਂ ਕੋਈ ਨਹੀਂ ਬਦਲੀ ਹੈ। ਉਹੀ ਅਣਜਾਣ ਦੇ ਅਣਜਾਣ ਕਿਉਂਕਿ ਅਜੇ ਰੂਹਾਨੀ ਚਿਣਗ ਅੰਦਰ ਨਹੀਂ ਆਈ। ਅੰਦਰੋਂ ਅਜੇ ਜਾਗ ਨਹੀਂ ਆਈ। ਸੁੱਤੇ ਪਏ ਜ਼ਿੰਦਗੀ ਬਤੀਤ ਕਰ ਰਹੇ ਹਾਂ।

ਸੋ ਮਹਾਰਾਜ ਕਹਿੰਦੇ, ਜੇ ਕਿਸੇ ਨੂੰ ਪਤਾ ਲਗ ਜਾਵੇ ਤਾਂ ਅੰਦਰਲੀ ਦਵਾਈ ਆਪੇ ਹੀ ਕੱਢ ਲੈਂਦੈ। ***'ਹਰਿ ਅਉਖਧੁ ਸਭ ਘਟ ਹੈ ਭਾਈ ॥'*** ਫੇਰ ਮਹਾਰਾਜ ਸਾਨੂੰ ਤਾਂ ਪਤਾ ਹੀ ਨਹੀਂ ਲਗਦਾ। ਉਹ ਕਹਿੰਦੇ, ਦੇਖੋ ਇਹਦੇ ਵਾਸਤੇ ਤੁਹਾਨੂੰ ਸੁਪਰ ਰੂਹ ਦੇ ਕੋਲ ਜਾਣਾ ਪਵੇਗਾ। ਤੁਸੀਂ ਹੋ ਉਹ ਆਮ ਰੂਹਾਂ। ਇਕ ਹੈਗੀਆਂ ਸਭ ਤੋਂ ਸ੍ਰੇਸ਼ਟ ਰੂਹਾਂ ਜਿਨ੍ਹਾਂ ਨੂੰ ਸੰਤ, ਮਹਾਂਪੁਰਸ਼, ਸਾਧੂ, ਗੁਰਮੁਖ, ਗੁਰੂ ਆਖਦੇ ਨੇ। ਉਹਨਾਂ ਦੇ ਕੋਲ ਜਾ ਕੇ ਉਹ ਦਸ ਦੇਣਗੇ ਕਿ ਇਸ ਤਰ੍ਹਾਂ ਨਿਕਲ ਆਏਗੀ ਤੇਰੀ ਦਵਾਈ। ਤੁਹਾਨੂੰ ਆਪੇ ਨਹੀਂ ਪਤਾ ਲਗਣਾ। ਚਾਹੇ ਟੱਕਰਾਂ ਮਾਰੀ ਜਾਓ। ਬਿਜਲੀ ਚਲੀ ਜਾਵੇ, ਮਸ਼ੀਨਾਂ ਕਿੰਨੀਆਂ ਸੂਖਸ਼ਮ ਸ਼੍ਰੇਣੀ ਦੀਆਂ ਨੇ, ਲੇਕਿਨ ਮਾੜਾ ਜਿਹਾ ਸੰਪਰਕ ਟੁੱਟ ਕੇ ਆਮ ਆਦਮੀ ਨੂੰ ਪਤਾ ਹੀ ਨਹੀਂ ਹੈ, ਜਿਹੜਾ ਟੈਕਨੀਸ਼ੀਅਨ ਹੈ ਉਹਨੂੰ ਪਤਾ ਹੈ ਕਿ ਆਹ ਤਾਰ ਇਸ ਤਰ੍ਹਾਂ ਹੋ ਗਈ। ਇਸੇ ਤਰ੍ਹਾਂ ਨਾਲ ਜਿਹੜਾ ਅੰਦਰਲੇ ਭੇਤ ਦਾ ਜਾਣੂ ਹੈ। ਉਹ ਜਾਣਦਾ ਹੈ ਕਿ ਨਾਮ ਦੀ ਅਉਖਦੁ ਕਿਵੇਂ ਅੰਦਰੋਂ ਪ੍ਰਗਟ ਕੀਤੀ ਜਾ ਸਕਦੀ ਹੈ। ਸੋ ਆਪ ਫੁਰਮਾਨ ਕਰਦੇ ਨੇ ਕਿ - ***'ਹਰਿ ਅਉਖਧੁ ਸਭ ਘਟ ਹੈ ਭਾਈ ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥'*** ਗੁਰੂ ਵੀ ਪੂਰਾ ਹੋਵੇ। ਅਧੂਰਾ ਨਹੀਂ। ਜਿਹਦੀ ਰੁਸਵਾਈ ਨਾਮ ਵਿਚ ਹੈ। ਹਰ ਵਕਤ ਨਾਮ ਵਿਚ ਰਹਿੰਦਾ ਹੈ। ਉਹਨੂੰ ਸਤਿਗੁਰੂ ਕਹਿੰਦੇ ਨੇ। ਉਹਦੇ ਦੱਸੇ ਹੋਏ ਤਰੀਕੇ ਦੇ ਨਾਲ ਇਹ ਦਵਾਈ ਨਿਕਲਦੀ ਹੈ ਅੰਦਰੋਂ। ਫੇਰ ਗੁਰੂ ਜੀ ਕੀ ਕਹਿੰਦੇ ਨੇ - ***'ਗੁਰਿ ਪੂਰੈ ਸੰਜਮੁ ਕਰਿ ਦੀਆ ॥ ਨਾਨਕ ਤਉ ਫਿਰਿ ਦੂਖ ਨ ਥੀਆ ॥'*** ਪੱਥ (ਰਾਹ) ਦਸ ਦਿਤਾ ਕਿ ਈਰਖਾ ਨਾ ਕਰੀਂ, ਨਿੰਦਿਆ ਨਾ ਕਰੀਂ, ਹਿੰਸਾ ਨਾ ਕਰੀਂ, ਝੂਠ ਨਾ ਬੋਲੀਂ, ਕਿਸੇ ਨਾਲ ਛਲ ਨਾ ਕਰੀਂ, ਕਪਟ ਨਾ ਕਰੀਂ। ਆਸਾ ਨਾ ਕਰੀਂ, ਅੰਦੇਸ਼ਾ ਨਾ ਕਰੀਂ। ਪੰਜ ਚੋਰ ਤੈਨੂੰ ਤੰਗ ਕਰਨਗੇ। ਉਹਨਾਂ ਦੇ ਵਿਚ ਨਾ ਪ੍ਰਵਿਰਤ ਹੋਈਂ। ਪੰਜ ਰਸ ਨੇ, ਜਿਹੜੇ ਸਬਦ, ਸਪਰਸ਼, ਰੂਪ, ਰਸ, ਗੰਧ; ਪੰਜ ਵਿਸ਼ੇ ਇਹਨਾਂ ਦੇ ਵਿਚੋਂ ਆਪਣੀ ਬਿਰਤੀ ਖਿੱਚ ਕੇ ਰੱਖੀਂ। ਪੰਜ ਅਭਿਮਾਨ ਨੇ ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ। ਇਹਨਾਂ ਠੱਗਾਂ ਤੋਂ ਬਚੀਂ। ਆਹ ਸੰਜਮ ਕਰ ਦਿਤਾ ਗੁਰੂ ਨੇ। ਇਹਦੇ ਵਿਪਰੀਤ ਤੂੰ ਵਾੜ ਕਰੀਂ ਇਹਦੇ ਉਤੇ ਖਿਮਾ ਦੀ,

ਅਹਿੰਸਾ ਦੀ, ਧੀਰਜ ਦੀ, ਧਰਮ ਦੀ, ਦਇਆ ਦੀ, ਮਿੱਠ ਬੋਲਣ ਦੀ, ਸੌਚ ਦੀ, ਸ਼ੀਲ ਦੀ, ਸੰਤੋਖ ਦੀ, ਸੇਵਾ ਦੀ, ਦਾਨ ਦੀ। ਫੇਰ ਉਹ ਜਿਹੜੇ ਅੰਦਰਲੇ ਵਿਕਾਰ ਨੇ ਉਹ ਬਾਹਰ ਰਹਿ ਜਾਣਗੇ। ਇਹ ਸੰਜਮ ਗੁਰੂ ਨੇ ਕਰ ਦਿਤਾ। ਫੇਰ ਮਹਾਰਾਜ ਕਹਿੰਦੇ – ***'ਨਾਨਕ ਤਉ ਫਿਰਿ ਦੂਖ ਨ ਥੀਆ ॥'*** ਫੇਰ ਗਰੰਟੀ ਕਰਦੇ ਹਾਂ ਅਸੀਂ ਕਦੇ ਵੀ ਦੁਖ ਨਹੀਂ ਹੋਏਗਾ। ਸੋ ਇਸ ਤਰ੍ਹਾਂ ਨਾਮ ਜਪਣ ਦੇ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਨਾਮ ਦੀ ਕੀਮਤ ਦੇ ਉਤੇ ਸੰਸਾਰ ਦੇ ਅੰਦਰ ਵੱਡੀ ਤੋਂ ਵੱਡੀ ਜਿਹੜੀ ਚੀਜ਼ ਹੈ, ਉਸਨੂੰ ਵੀ ਕਬੂਲ ਨਹੀਂ ਕੀਤਾ ਗਿਆ। ਉਹਦੀ ਕੋਈ ਮਹੱਤਤਾ ਨਹੀਂ ਰੱਖੀ, ਜੇ ਭੋਰਾ ਜਿੰਨਾ ਸੁਖ ਲਗਦਾ ਵੀ ਹੈ ਉਹਦੇ ਅੰਦਰ ਮਣ ਜਿੰਨਾਂ ਦੁਖ ਛੁਪਿਆ ਪਿਆ ਹੈ ਤੇ ਮਨ ਸ਼ਾਂਤ ਨਹੀਂ ਹੋ ਸਕਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਕਿਤ ਬਿਧ ਮਨ ਧੀਰੇ ਜੀ,*
*ਬਿਨ ਹਰਿ ਨਾਮ ਨ ਸ਼ਾਂਤ ਹੋਇ।*

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ– ੭੦੭*

ਇਕ ਪਾਸੇ ਉਹ ਚੀਜ਼ਾਂ ਨੇ ਜਿਹਨੂੰ ਗਲਤੀ ਦੇ ਨਾਲ ਸੰਸਾਰ ਮੰਨ ਬੈਠਾ ਹੈ ਕਿ ਜੇ ਇਹ ਮਿਲ ਜਾਣ ਤਾਂ ਅਸੀਂ ਬਹੁਤ ਸੁਖੀ ਹੋ ਜਾਈਏ। ਪਰ ਬਹੁਤ ਸਾਰਿਆਂ ਨੂੰ ਇਹ ਵੀ ਪ੍ਰਾਪਤ ਨੇ। ਇਥੇ ਤਾਂ ਨਹੀਂ ਹੈ ਅਮਰੀਕਾ ਦੇ ਅੰਦਰ ਅਰਬਾਂਪਤੀ, ਖਰਬਾਂਪਤੀ ਨੇ। ਉਹ ਵੀ ਉਸੇ ਤਰ੍ਹਾਂ ਭਟਕਦੇ ਫਿਰਦੇ ਨੇ ਜਿਵੇਂ ਇਕ ਗਰੀਬ ਆਦਮੀ ਭਟਕਦਾ ਫਿਰਦਾ ਹੈ। ਉਹ ਚੀਜ਼ਾਂ ਪ੍ਰਾਪਤ ਹੋ ਜਾਣ। ***'ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥'*** ਪਰਾਲੀ 'ਤੇ ਸੌਣ ਵਾਲੇ ਨੂੰ ਪਤਾ ਨਹੀਂ ਹੈ ਕਿ ਚੰਡੀਗੜ੍ਹ 'ਚ ਕੀ ਸੁਖ ਹੈ। ਚੰਡੀਗੜ੍ਹ ਵਾਲਿਆਂ ਨੂੰ ਨਹੀਂ ਪਤਾ ਕਿ ਅਮਰੀਕਾ ਦੇ ਅੰਦਰ ਕੀ ਸੁਖ ਹੈ। ਕਿਉਂਕਿ ਸੁਖਾਂ ਦੀ ਕੋਈ ਗਿਣਤੀ ਨਹੀਂ, ਬੇਅੰਤ ਸੁਖ ਨੇ। ਹਰ ਪੁਆਇੰਟ 'ਤੇ ਫਰਕ ਪੈਂਦਾ ਹੈ। ਜਦੋਂ ਦੋਵੇਂ ਦੇਸ਼ਾਂ ਵਿਚ ਘੁੰਮ ਆਵੇ ਫੇਰ ਪਤਾ ਲਗਦੈ ਕਿ ਆਹ ਇਥੇ ਗਲਤ ਕੰਮ ਹੈ।

ਸੋ ਸਾਰੇ ਸੁਖ ਪ੍ਰਾਪਤ ਹੋ ਜਾਣ – ***'ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥ ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥'*** ਘਰ ਦੇ ਅੰਦਰ ਚੰਦਨ ਦੀਆਂ ਸੁਗੰਧਾਂ ਤੇ ਸੋਨੇ ਦੀਆਂ ਪਲੇਟਾਂ ਨਾਲ ਸਜਾਇਆ ਹੋਵੇ। ਹੀਰੇ ਜਵਾਹਰਾਤ ਛੱਤਾਂ ਦੇ ਉਤੇ ਲਟਕਦੇ ਹੋਣ। ਝਿਲਮਿਲ-ਝਿਲਮਿਲ ਘਰ ਕਰਦਾ ਹੋਵੇ। ਫੇਰ ***'ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥'*** ਕੋਈ ਕਮੀ ਨਾ ਹੋਵੇ ਉਹਦੇ ਕੋਲ ਸੁਖਾਂ ਦੀ। ਜੋ ਵੀ ਉਹਦੇ ਮਨ ਵਿਚ ਸੁਖ ਆ ਗਿਆ ਓਹੀ ਉਹਨੂੰ ਉਸੇ ਵੇਲੇ ਪ੍ਰਾਪਤ ਹੋ ਜਾਵੇ। ***'ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥'*** ਕਹਿੰਦੇ, ਸਾਰੇ ਸੁਖਾਂ ਨੂੰ ਤੁਸੀਂ ਬਣਾ ਲਓ, ਜੇ ਤੁਹਾਡੇ ਵਾਹਿਗੁਰੂ ਚਿੱਤ ਨਹੀਂ ਨਾ ਆਉਂਦਾ ਤਾਂ ਇਹ ਸੁਖ ਐਨੇ ਕੁ ਨੇ। ***'ਵਿਸਟਾ ਕੇ ਕੀਰੇ'।*** ਜਿਹੋ ਜਿਹਾ ਵਿਸਟਾ ਦੇ ਕੀੜੇ ਨੂੰ ਸੁਖ ਹੈ, ਇਹੋ ਜਿਹਾ ਹੀ ਸੁਖ ਹੈ। ਕਿਉਂਕਿ ਮਨ ਸ਼ਾਂਤ ਨਹੀਂ ਹੁੰਦਾ, ਜਦੋਂ ਤਕ ਮਨ ਸ਼ਾਂਤ ਨਹੀਂ ਹੁੰਦਾ, ਸਰੀਰ ਨੂੰ ਸੁਗੰਧੀਆਂ ਲਾਈ ਜਾਓ, ਕੁਛ ਲਾਈ ਜਾਓ। ਨਹੀਂ ਹੁੰਦਾ ਠੀਕ ਕਿਉਂਕਿ ਮਨ ਭਟਕਦਾ ਫਿਰਦਾ ਹੈ, ਕੋਠੀ ਕੀ ਕਰੇਗੀ ਕਨਾਲ ਦੀ, ਵੀਹ ਲੱਖ ਦੀ, ਜੇ ਮਨ ਭਟਕਦਾ ਹੈ। ਪੰਜ ਸੱਤ ਸੌ ਮੀਟਰ ਦਾ ਕੱਪੜਾ ਕੁਛ ਨਹੀਂ ਕਰਦਾ ਜੇ ਮਨ ਦੇ ਅੰਦਰ ਭਟਕਣਾ ਪਈ ਹੋਈ ਹੈ। ਬੈਂਕ ਦੇ ਅੰਦਰ ਕਰੋੜ ਰੁਪਿਆ ਪਿਆ ਕੁਛ ਕੰਮ ਨਹੀਂ ਦੇ ਸਕਦਾ ਜੇ ਮਨ ਦੀ ਭਟਕਣਾ ਹੈ। ਇਕ ਥੋੜ੍ਹਾ ਹੈ। ਪੈਸੇ ਨਾਲ ਕਿਤੇ ਰਾਜ਼ੀ ਹੋ ਜਾਂਦੈ। ਘਰ ਦਾ ਹੀ ਕਲੇਸ਼ ਪੈ ਜਾਵੇ ਆਪਸ ਵਿਚ। ਪੈਸਾ ਉਹਨੂੰ ਕੀ ਹਟਾ ਦੂ? ਕੋਈ ਬੱਚਿਆਂ ਦਾ ਕਲੇਸ਼ ਹੋ ਜਾਏ, ਪੈਸਾ ਵੀ ਹੋਵੇ, ਘਰ ਵਿਚ ਵੀ ਆਰਾਮ ਨਾਲ ਰਹਿੰਦੇ ਨੇ, ਕੀ ਆਦਮੀ ਨੂੰ ਚੈਨ ਆ ਜਾਏਗੀ? ਨਹੀਂ ਆਇਆ ਕਰਦੀ ਸਾਧਸੰਗਤ ਜੀ! ਮਾਇਆ 'ਚ ਕਦੇ ਵੀ ਸੁਖ ਨਹੀਂ ਹੋਇਆ। ਇਹ ਦੁਖਾਂ ਦਾ ਕਾਰਨ ਹੈ ਹਮੇਸ਼ਾ ਹੀ। ਇਹ ਸੁਖ ਨਹੀਂ ਦੇ ਸਕਦੀ। ਗੁਜ਼ਾਰਾ ਕਰਾ ਸਕਦੀ ਹੈ। ਗੁਜ਼ਰਾਨ ਵਾਸਤੇ ਜ਼ਰੂਰੀ ਚੀਜ਼ ਹੈ। ਜੇ ਕੋਈ ਕਹੇ ਕਿ ਮੈਂ ਸੁਖੀ ਹੋ ਜਾਵਾਂਗਾ। ਉਹਦੇ ਨਾਲੋਂ ਕੋਈ ਭੁੱਲਿਆ ਹੋਇਆ ਵੱਡਾ ਬੰਦਾ ਨਹੀਂ। ***'ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥'*** ਜਿਹੜੀ ਚੀਜ਼ ਨੇ ਸੁਖ ਦੇਣੈ, ਉਹਦੇ ਵਲ ਨੂੰ ਧਿਆਨ ਹੀ ਨਹੀਂ ਦਿੰਦਾ। ਐਨਾ ਅਣਜਾਣ ਹੈ ਮਹਾਰਾਜ ਕਹਿੰਦੇ, ਹੈਰਾਨੀ ਦੀ ਗੱਲ ਹੈ। ਪੜ੍ਹੇ ਲਿਖੇ ਬੰਦੇ, ਵੱਡੇ-ਵੱਡੇ ਫਿਲਾਸਫਰ,

ਵੱਡੇ-ਵੱਡੇ ਕਿਤਾਬਾਂ ਲਿਖਣ ਵਾਲੇ, ਕਹਿੰਦੇ, ਹੈਰਾਨ ਹੁੰਦੇ ਹਾਂ ਕਿ ਇਹ ਜੂਆ ਖੇਡਦੇ ਨੇ -

*ਐਸਾ ਜਗੁ ਦੇਖਿਆ ਜੁਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ- ੨੨੨*

ਸੋ ਨਾਮ ਨੂੰ ਭੁੱਲ ਕੇ ਆਦਮੀ ਕਦੇ ਵੀ ਸੁਖੀ ਨਹੀਂ ਹੋ ਸਕਦਾ ਤੇ ਨਾਮ ਦੀ ਯਾਦ ਵਾਸਤੇ ਜਿਹੜੀਆਂ ਚੀਜ਼ਾਂ ਰੁਕਾਵਟ ਨੇ, ਮਹਾਰਾਜ ਕਹਿੰਦੇ ਉਹ ਤਾਂ ਵਿਅਰਥ ਚੀਜ਼ਾਂ ਨੇ। ਉਹਨਾਂ ਦਾ ਮੁੱਲ ਨਾ ਗਿਣੋ ਕਿਉਂਕਿ ਉਹ ਨਾਮ ਦੇ ਵਿਚੋਂ ਬਿਰਤੀ ਕੱਢਦੀਆਂ ਨੇ। ਨਾਮ ਅੰਦਰ ਹੈ, ਜਿਹਦੀ ਬਿਰਤੀ ਪਿਆਰ ਦੇ ਵਿਚ ਨਾਮ ਨਾਲ ਲੱਗੀ ਹੋਈ ਹੈ, ਨਾਮ ਦੀ ਦਾਰੂ ਖਾ ਰਿਹਾ ਹੈ, ਉਹਦੀ ਬਿਰਤੀ ਜੇ ਉਥੋਂ ਤੋੜ ਦਿਤੀ ਜਾਵੇ ਜਾਂ ਲਿਵ ਟੁੱਟ ਜਾਵੇ, ਉਹ ਚੀਜ਼ ਦੁਨੀਆਂ ਦੀ ਕਿੰਨੀ ਹੀ ਸੁੰਦਰ ਕਿਉਂ ਨਾ ਹੋਵੇ, ਕਿੰਨੀ ਮੁੱਲਵਾਨ ਕਿਉਂ ਨਾ ਹੋਵੇ, ਉਹ ਕੱਖ ਨਹੀਂ ਹੈ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਕਿਤੇ ਭੁੱਲ ਨਾ ਜਾਈਂ ਓਏ ਮਨਾਂ ਨਾਮ ਨੂੰ।*
*ਮੋਤੀਆਂ ਦੇ ਮੰਦਰ ਵੇਖ ਕੇ।*

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ- ੧੪*

ਸ਼ਾਤੀ ਤਾਂ ਨਾ ਦਿਤੀ। ਇਸ ਕਰਕੇ ਹੀ ਮਹਾਰਾਜ ਨੇ ਕਿਹਾ ਕਿ ਦੇਖੀਂ ਕਿਤੇ ਦੇਖ ਕੇ ਨਾਮ ਨੂੰ ਨਾ ਭੁੱਲ ਜਾਈਂ। ਚੇਤੇ ਦੇ ਵਿਚੋਂ ਨਾਮ ਨਿਕਲ ਜਾਵੇ ਤੇ ਲਿਵ ਟੁੱਟ ਜਾਵੇ। ਛੱਡ ਦੇ ਇਹਨਾਂ ਚੀਜ਼ਾਂ ਨੂੰ ਜੇ ਇਹ ਨਾਮ ਨੂੰ ਭੁਲਾਉਂਦੀਆਂ ਨੇ।

ਅੱਜ ਅਖ਼ਬਾਰ ਦੇ ਵਿਚ ਇਕ ਬੜੀ ਦਿਲਚਸਪ ਗੱਲ ਆਈ ਸੀ। ਹਰ ਬੰਦਾ ਆਪਣੇ ਆਪਣੇ ਸੁਆਦ (taste) ਦੀ ਗੱਲ ਪੜ੍ਹਦਾ ਹੁੰਦੈ। ਉਹਦੇ ਵਿਚ ਮੈਂ ਪੜ੍ਹਿਆ, ਖੁਸ਼ਵੰਤ ਸਿੰਘ ਨੇ ਲਿਖਿਆ ਹੈ ਕਿ ਕੈਨੇਡਾ ਦੇ ਅੰਦਰ ਇਕ ਸਰਦਾਰ ਨੇ ਇਕ ਅਰਬ 75 ਕਰੋੜ ਰੁਪਿਆ ਦਾਨ ਕਰ ਦਿਤਾ। ਉਹਦੀ ਜਾਇਦਾਦ ਸੀ ਐਨੀ। ਸਾਰੀ ਦਾਨ ਕਰ ਦਿਤੀ। ਕਹਿੰਦਾ, ਮੈਂ ਇਥੇ ਸੁਣ ਕੇ ਕਿਹਾ ਕਿ ਇਹ ਗੱਲ ਐਵੇਂ ਹੀ ਹੈ ਕਿ ਇਹਦੇ ਵਿਚ ਕੋਈ ਸਚਾਈ ਵੀ ਹੈ? ਕਹਿੰਦੇ, ਮੇਰਾ ਮਿੱਤਰ ਗਿਆ, ਉਹਨੇ ਖਾਣੇ 'ਤੇ ਬੁਲਾਇਆ। ਅੰਬੈਸਡਰ ਸੀ। ਉਥੇ ਗੱਲ ਚਲ ਪਈ ਕਿ ਤੂੰ ਐਡਾ ਦਾਨ ਕਰਿਐ, 1 ਅਰਬ 75 ਕਰੋੜ ਰੁਪਿਆ ਕਿਤੇ ਥੋੜ੍ਹਾ ਹੁੰਦੈ। ਉਹ ਕਹਿਣ ਲੱਗਿਆ ਕਿ ਪਹਿਲਾਂ ਵੀ ਮੇਰੇ ਕੋਲ ਕੁਛ ਨਹੀਂ ਸੀਗਾ। ਮੈਂ 1947 ਵਿਚ ਪਾਕਿਸਤਾਨ ਤੋਂ ਆਇਆ ਸੀ ਤੇ ਜਲੰਧਰ ਜ਼ਿਲੇ ਵਿਚ ਸਾਨੂੰ ਜ਼ਮੀਨ ਮਿਲੀ ਸੀ। ਲੇਕਿਨ ਥੋੜ੍ਹੀ ਸੀ, ਗੁਜ਼ਾਰਾ ਚਲਦਾ ਨਹੀਂ ਸੀ, ਮੈਂ ਦਿੱਲੀ ਜਾ ਕੇ ਕੁਲੀ ਦਾ ਕੰਮ ਕਰਨ ਲਗ ਗਿਆ। ਲੋਕਾਂ ਦੇ ਬੋਝੇ ਢੋਂਦਾ ਰਿਹਾ। ਹੋਰ ਮਜ਼ੂਰੀਆਂ ਕਰਦਾ ਰਿਹਾ ਤੇ ਉਥੇ ਹੀ ਲੈਂਪਾਂ ਦੇ ਥੱਲੇ ਪੜ੍ਹ-ਪੜ੍ਹ ਕੇ ਇਮਤਿਹਾਨ ਦਿੰਦਾ ਰਿਹਾ। ਇਥੇ ਮੈਂ ਖੇਲ੍ਹਾਂ 'ਚ ਆ ਗਿਆ। ਖੇਲ੍ਹਾਂ 'ਚ ਆਇਆ ਹੋਇਆ ਜ਼ਿਆਦਾ ਸੀ ਮੇਰਾ ਕੰਮ। ਫੇਰ ਮੈਂ ਇੰਗਲੈਂਡ ਚਲਿਆ ਗਿਆ ਤੇ ਉਥੋਂ ਪੜ੍ਹਾਈ ਕਰਕੇ ਮੈਂ ਕੈਨੇਡਾ ਚਲਿਆ ਗਿਆ। ਇਥੇ ਆ ਕੇ ਮੈਂ ਪ੍ਰਾਪਰਟੀ ਡੀਲਰ ਦਾ ਕੰਮ ਸ਼ੁਰੂ ਕਰ ਲਿਆ। ਕਹਿੰਦਾ, ਹੁੰਦਾ-ਹੁੰਦਾ ਐਨਾ ਰੁਪਿਆ ਹੋ ਗਿਆ, ਮੇਰੇ ਕੋਲ ਅਰਬਾਂ ਹੀ ਰੁਪਿਆ ਹੋ ਗਿਆ। ਕਹਿੰਦਾ, ਮੈਨੂੰ ਇਸ ਤਰ੍ਹਾਂ ਲੱਗਿਆ ਕਿ ਮੇਰੀ ਆਤਮਾ 'ਤੇ ਬੜਾ ਭਾਰੀ ਬੋਝ ਪੈ ਗਿਆ। ਜਦ ਵੀ ਮੇਰਾ ਗੁਜ਼ਾਰਾ ਹੁੰਦਾ ਸੀ, ਹੁਣ ਸਗੋਂ ਮੈਂ ਔਖਾ ਹੋ ਗਿਆ। ਉਹ ਜਿਹੜਾ ਅਨੰਦ ਉਥੇ ਸੀ ਬੋਝਾ ਢੋਹ ਲਿਆ ਤੇ ਪੈਸੇ ਲੈ ਲਏ, ਕਹਿੰਦਾ, ਉਹ ਮੁੜ ਕੇ ਆਇਆ ਹੀ ਨਹੀਂ ਮੈਨੂੰ। ਮੈਂ ਕਿਹਾ, ਜਿਹੜੀ ਸੁਸਾਇਟੀ 'ਚੋਂ ਲਿਆ ਕਿਉਂ ਨਾ ਮੈਂ ਕਰਜ਼ਾ ਮੋੜ ਦੇਵਾਂ ਇਸ ਨੂੰ। ਮੈਂ ਸਾਰਾ ਹੀ ਕਰਜ਼ਾ ਮੋੜ ਦਿਤਾ, ਜਿੰਨਾਂ ਮੈਂ ਕਮਾਇਆ ਸੀ ਜ਼ਿੰਦਗੀ ਦੇ ਅੰਦਰ। ਜਿਨ੍ਹਾਂ ਦਾ ਥਾਂ ਕੋਈ ਨਹੀਂ, ਦੁਨੀਆਂ 'ਚ ਭੁੱਖ ਹੈ, ਉਹ ਟਰੱਸਟ ਬਣਾ ਦਿਤਾ ਇਹ ਸਾਰਾ ਪੈਸਾ ਉਥੇ ਜਾ ਕੇ ਲੱਗਣਾ ਹੈ। ਮੈਂ ਕਿਹਾ, ਹੁਣ ਕਿਵੇਂ ਲੱਗਦੈ? ਕਹਿੰਦਾ, ਹੁਣ ਮੇਰੀ ਰੂਹ ਦੇ ਅੰਦਰ ਐਨਾ ਸਰੂਰ ਹੈ, ਐਨੀ ਮਸਤੀ ਹੈ ਜਿਹੜੀ ਮੈਂ ਦਸ ਹੀ ਨਹੀਂ ਸਕਦਾ। ਸੋ ਕੀਮਤ ਕੀਹਦੀ ਜ਼ਿਆਦਾ ਹੋਈ, ਮਨ ਦੀ ਸ਼ਾਂਤੀ ਦੀ ਕੀਮਤ ਜ਼ਿਆਦਾ ਹੋਈ ਕਿ ਧਨ ਦੀ ਜ਼ਿਆਦਾ ਹੋਈ? ਕਹਿੰਦਾ, ਮੈਨੂੰ ਇਹ ਵੀ ਖਿਆਲ ਆਵੇ ਕਿ ਜੇ ਮੇਰੇ ਕੋਲ ਦੋ ਅਰਬ, ਚਾਰ ਅਰਬ ਹੋ ਗਿਆ, ਮੈਂ ਨਾਲ ਤਾਂ ਲਿਜਾਣਾ ਨਹੀਂ ਇਹ। ਐਸੀ ਮੈਨੂੰ ਵਿਚਾਰ ਆਉਂਦੀ ਰਹੀ ਕਿ ਕਿਉਂ ਨਾ ਮੈਂ ਖੁਸ਼ੀ ਲੈ ਲਵਾਂ।

ਇਕ ਮਜ਼ਦੂਰ ਤੋਂ ਐਡੀ ਪ੍ਰਾਪਤੀ ਤਕ ਪਹੁੰਚਣ ਵਾਲਾ ਬੰਦਾ ਸਾਰਾ ਕੁਝ ਹੀ ਛੱਡ ਦੇਵੇ। ਉਹ ਤਿਆਗੀ ਸਾਧੂ ਨਾਲੋਂ ਵੀ ਵੱਡਾ ਹੈ। ਕਿਉਂਕਿ

ਮਹਾਰਾਜ ਕਹਿੰਦੇ, ਇਹ ਚੀਜ਼ਾਂ ਸ਼ਾਂਤੀ ਨਹੀਂ ਦਿੰਦੀਆਂ-

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥*
*ਅੰਗ - ੧੪*

ਨਾਮ ਤੋਂ ਬਗੈਰ ਜਿਹੜਾ ਅੰਦਰਲਾ ਕੌਲ ਹੈ, ਜਿਹਦੀਆਂ ਪੱਤੀਆਂ ਤੇ ਅੰਮ੍ਰਿਤ ਹਰ ਵਕਤ ਵਰ੍ਹਦਾ ਰਹਿੰਦਾ ਹੈ, ਉਹ ਪੁੱਠਾ ਹੋ ਜਾਂਦਾ ਹੈ। ਪੁੱਠਾ ਹੋ ਕੇ ਸੁੰਗੜਨ ਲਗ ਜਾਂਦਾ ਹੈ। ਅਖੀਰ ਉਹਦੀਆਂ ਪੱਤੀਆਂ ਮੁਰਝਾ ਜਾਂਦੀਆਂ ਨੇ। ਕਹਿੰਦੇ ਨੇ, ਕੌਲ ਫੁੱਲ ਜਲਿਆ ਹੋਇਆ ਹੈ ਇਸਦਾ। ਉਹਦੀਆਂ ਨਿਸ਼ਾਨੀਆਂ ਚਿਹਰੇ 'ਤੇ ਆ ਜਾਂਦੀਆਂ ਨੇ। ਚਿਹਰਾ ਫਿੱਕਾ ਪੈ ਜਾਂਦਾ ਹੈ। ਝੁੰਜਲਾਹਟ ਆ ਜਾਂਦੀ ਹੈ। ਬੁੱਲ੍ਹਾਂ 'ਤੇ ਹਾਸਾ ਨਹੀਂ ਉਸ ਦੇ ਰਹਿੰਦਾ। ਹਰ ਵਕਤ ਚਿੰਤਾ ਵਿਚ ਰਹੇਗਾ। ਸੋ ਉਹਦੇ ਬਾਰੇ ਮਹਾਰਾਜ ਕਹਿੰਦੇ ਉਹ ਤਾਂ ਨਾਮ ਨਾ ਹੋਵੇ, ਉਹਦਾ ਕੁਦਰਤੀ ਅਸਰ ਇਹ ਹੈ ਕਿ ਮਨ ਦੇ ਅੰਦਰੋਂ ਸ਼ਾਂਤੀ ਖਤਮ ਹੋ ਜਾਏਗੀ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਜਲ ਬਲ ਜਾਵੇ ਜਿਉੜਾ ਨਾਮ ਤੋਂ ਬਿਨਾਂ।*

***'ਹਰਿ ਬਿਨੁ ਜੀਉ ਜਲਿ ਬਲਿ ਜਾਉ ॥*** ' ਭਾਵੇਂ ਮੰਦਰ ਮੋਤੀਆਂ ਦੇ ਬਣੇ ਹੋਏ ਨੇ। ਸੋਨੇ ਦੀਆਂ ਪਲੇਟਾਂ ਨਾਲ ਸਜੇ ਹੋਏ ਨੇ। ਹੀਰੇ ਜਵਾਹਰਾਤ ਝਿਲਮਿਲ-ਝਿਲਮਿਲ ਕਰਦੇ ਨੇ ਤੇ ਪ੍ਰਕਾਸ਼ ਉਹਦਾ ਦੇਖਿਆ ਨਹੀਂ ਜਾਂਦਾ। ਮਹਾਰਾਜ ਕਹਿੰਦੇ, ਤੇਰੇ ਅੰਦਰਲੇ ਕੌਲ ਨੂੰ ਤਾਂ ਇਹ ਹਰਾ ਨਹੀਂ ਨਾ ਕਰ ਸਕਦੇ? ਕੋਈ ਝੂਠੀ ਸ਼ੋਹਰਤ ਜ਼ਰੂਰ ਹੈ। ਅੰਦਰ ਬੈਠਣ ਵਾਲੇ ਨੂੰ ਸ਼ਾਂਤੀ ਨਹੀਂ ਦੇ ਸਕਦੇ। ਸਾਰੀ ਦੁਨੀਆਂ ਵਿਚ ਨਿਗ੍ਹਾ ਮਾਰ ਕੇ ਦੇਖ ਲਓ ਤੁਸੀਂ ਕਿ ਮਾਇਆਧਾਰੀ ਕਿਵੇਂ ਰੋਂਦੇ ਨੇ। ਕੋਈ ਹੈ ਸੁਖ ਇਥੇ? ਵੱਡੇ ਤੋਂ ਵੱਡਾ ਵੀ ਸੁਖੀ ਨਹੀਂ ਹੈ। ਮਹਾਰਾਜ ਨੇ ਜਿਥੇ ਇਸ ਗੱਲ ਦਾ ਜ਼ਿਕਰ ਕੀਤਾ ਹੈ, ਤੁਲਨਾ ਕੀਤੀ ਹੈ ਨਾਮ ਤੇ ਦੌਲਤ ਦੀ। ਉਥੇ ਮਹਾਰਾਜ ਜੀ ਇਸੇ ਨਤੀਜੇ 'ਤੇ ਪਹੁੰਚੇ ਨੇ -

*ਧਾਰਨਾ - ਦੁਖੀਆਂ ਸਭ ਸੰਸਾਰ,*
*ਨਾਨਕ ਦੁਖੀਆ-ਨਾਨਕ ਦੁਖੀਆ।*

ਵੱਡੇ-ਵੱਡੇ ਪ੍ਰਤਾਪ ਵਾਲੇ, ਮਾਇਆ ਵਾਲੇ, ਸ਼ਕਤੀਆਂ ਵਾਲੇ, ਮਹਾਰਾਜ ਜੀ ਨੇ ਸਾਰੇ ਇਸ ਸ਼ਬਦ ਵਿਚ ਗਿਣੇ ਨੇ। ਇਸ ਧਰਤੀ ਦੇ ਵਿਚ ਉਹ ਰਾਜਾ ਜਿਹਦੇ ਰਾਜ ਵਿਚ ਕਦੇ ਕਾਲ ਨਹੀਂ ਪੈਂਦਾ, ਸਾਰੀ ਧਰਤੀ ਦੇ ਉਤੇ ਜਿਸ ਤੋਂ ਵੱਡਾ ਕੋਈ ਰਾਜਾ ਨਾ ਹੋਵੇ। ਕਿਸੇ ਦਾ ਉਸ ਨੂੰ ਡਰ ਨਾ ਹੋਵੇ। ਜੋ ਜੀਅ ਚਾਹੇ, ਮਨ ਦੇ ਵਿਚ ਭੋਗ ਕਰ ਸਕਦਾ ਹੋਵੇ। ਸਾਰੇ ਵਿਸ਼ਿਆਂ ਦਾ ਅਨੰਦ ਲੈ ਸਕਦਾ ਹੋਵੇ। ਕੋਈ ਉਹਨੂੰ ਬਿਮਾਰੀ ਨਾ ਲੱਗੇ ਤੇ ਕੋਈ ਉਹਦੇ ਰਾਜ ਦੇ ਵਿਚ ਵਿਦਰੋਹ ਕਰਨ ਵਾਲਾ ਨਾ ਹੋਵੇ। ਸਾਰੀ ਫੌਜ 'ਤੇ ਸਾਰੀ ਪਬਲਿਕ ਉਹਨੂੰ ਇਹ ਮੰਨਦੀ ਹੋਵੇ ਕਿ ਇਹ ਰੱਬ ਹੈ ਸਾਡਾ। ਖਜ਼ਾਨਾ ਉਹਦਾ ਭਰਿਆ ਹੋਇਆ ਹੋਵੇ। ਬਿਮਾਰੀ ਉਸ ਦੇ ਦੇਸ਼ ਵਿਚ ਕੋਈ ਨਾ ਆਉਂਦੀ ਹੋਵੇ। ਉਸ ਚੱਕਰਵਰਤੀ ਰਾਜੇ ਨੂੰ ਜੋ ਸੁਖ ਹੈ, ਉਸ ਨੂੰ ਇਕ ਯੂਨਿਟ ਗਿਣਦੇ ਨੇ। ਧਰਤੀ ਦੇ ਉਤੇ ਜਿਹਨੂੰ ਪੂਰਾ ਮਾਇਕ ਸੁਖ ਕਹਿੰਦੇ ਨੇ, ਉਹਨੂੰ ਇਕ ਯੂਨਿਟ ਗਿਣਿਆ ਜਾਂਦਾ ਹੈ। ਇਸ ਤਰ੍ਹਾਂ ਸਮਝ ਲਓ ਕਿ ਇਕ ਤੋਲਾ। ਇਸ ਤੋਂ 100 ਗੁਣਾਂ ਸੁਖ ਜਦੋਂ ਸਰੀਰ ਛੱਡ ਕੇ ਥੋੜ੍ਹਾ ਜਿਹਾ ਪੁੰਨ ਕਰਕੇ ਜਦੋਂ ਅਸੀਂ ਜਾਂਦੇ ਹਾਂ, ਦਾਨ ਕਰਕੇ, ਪੁੰਨ ਕਰਕੇ, ਕੋਈ ਕਿਸੇ ਦੀ ਸੇਵਾ ਕਰਕੇ, ਕੋਈ ਨੇਕ ਕੰਮ ਕਰ ਦਿਤਾ, ਕਿਸੇ ਦਾ ਦਿਲ ਰਖ ਲਿਆ, ਕਿਸੇ ਬਿਮਾਰ ਦਾ ਇਲਾਜ ਕਰਾ ਦਿਤਾ। ਕਿਸੇ ਗਰੀਬ ਦੀ ਲੜਕੀ ਦੀ ਸ਼ਾਦੀ ਕਰ ਦਿਤੀ ਜਾਂ ਹੋਰ ਇਹੋ ਜਿਹੇ ਨੇਕ ਕੰਮ ਕਰ ਦਿਤੇ। ਕੋਈ ਬੱਚਾ ਪੜ੍ਹਨ ਵਾਲਾ ਪੜ੍ਹ ਨਹੀਂ ਸਕਦਾ। ਉਹਨੂੰ ਪੜ੍ਹਾ ਦਿਤਾ। ਉਹ ਛੋਟੇ ਸਵਰਗ ਵਿਚ ਜਾਂਦਾ ਹੈ ਜਿਹੜਾ ਸਭ ਤੋਂ ਪਹਿਲਾਂ ਪ੍ਰਾਪਤ ਹੁੰਦਾ ਹੈ, ਉਹਨੂੰ ਗੰਧਰਬ ਲੋਕ ਕਹਿੰਦੇ ਨੇ। ਉਥੇ ਇਸ ਰਾਜੇ ਨਾਲੋਂ ਸੌ ਗੁਣਾਂ ਸੁਖ ਜ਼ਿਆਦਾ ਹੁੰਦਾ ਹੈ। ਜਿਹੜਾ ਉਸ ਤੋਂ ਜ਼ਿਆਦਾ ਇਥੇ ਪੁੰਨ ਦਾਨ ਕਰ ਜਾਂਦੈ, ਸੇਵਾ ਕਰ ਜਾਂਦੈ, ਉਹ ਇਸ ਤੋਂ ਅਗਲੇ ਸਵਰਗ ਵਿਚ ਜਾਂਦੈ, ਜਿਹਨੂੰ ਦੇਵ ਗੰਧਰਭ ਕਹਿੰਦੇ ਨੇ। ਲੋਕ ਨੇ ਇਹ। ਕਈਆਂ ਪ੍ਰੇਮੀਆਂ ਦੇ ਖਿਆਲਾਂ 'ਚ ਇਹ ਹੈ ਕਿ ਸੰਸਾਰ ਤੋਂ ਅਗਾਂਹਾਂ ਵੀ ਦੁਨੀਆਂ ਹੈ ਕੋਈ? ਤਿੰਨ ਕਿਸਮ ਦੀ ਦੁਨੀਆਂ ਤਾਂ ਹੈਗੀ ਮੈਟਰ ਦੀ। ਇਕ ਤਾਂ ਸਥੂਲ ਦੁਨੀਆਂ ਹੈ, ਜਿਹੜੇ ਤੁਹਾਨੂੰ ਖੰਡ ਬ੍ਰਹਿਮੰਡ ਆਦਿ ਤੁਰੇ ਫਿਰੇ ਦਿਸਦੇ ਨੇ, ਦੂਰਬੀਨਾਂ ਨਾਲ, ਖੁਰਦਬੀਨਾਂ ਨਾਲ। ਇਹਨਾਂ ਦੇ ਉਤੇ ਰਹਿਣ ਵਾਲੇ ਜੀਵ ਸਭ ਕਿਸਮ ਦੇ ਤੇ ਇਹਨਾਂ ਦੇ ਵਿਚ ਵਰਤਣ ਵਾਲੇ ਪੰਜੋ ਤੱਤ। ਇਹਨਾਂ ਦੇ ਪ੍ਰਮਾਣੂ, ਇਹਨਾਂ ਦੀ ਐਨਰਜੀ, ਇਲੈਕਟ੍ਰਾਨ, ਪ੍ਰੋਟਾਨ ਤੇ ਨਿਊਟ੍ਰਾਨ। ਇਹਨਾਂ ਤੋਂ ਅੱਗੇ ਐਨਰਜੀ। ਇਹ ਸਾਰਾ ਸਥੂਲ ਜਗਤ ਹੈ। ਇਹਨੂੰ ਸਥੂਲ ਦੁਨੀਆਂ ਕਹਿੰਦੇ ਨੇ। ਇਸ

ਤੋਂ ਅੱਗੇ ਜਾ ਕੇ ਹੋਇਆ ਕਰਦਾ ਹੈ ਜਿਥੇ ਜਾ ਕੇ ਐਨਰਜੀ ਤੋਂ ਉਪਰਲੇ ਪਾਸੇ ਜਿਥੇ ਸ਼ਬਦ, ਸਪਰਸ਼, ਰੂਪ, ਰਸ, ਗੰਧ; ਇਹ ਬੀਜ ਹੈ ਜਿਹਨੂੰ ਸੁਪਰ ਮੈਟਰ ਕਹਿੰਦੇ ਨੇ। ਇਹ ਸੂਖਮ ਮੈਟਰ ਦੀ ਦੁਨੀਆਂ ਹੈ ਜਿਹਦੇ ਵਿਚ ਦੇਵੀ ਦੇਵਤਾ ਸਾਰੇ ਸਵਰਗ ਨੇ। ਇਹ ਜਿਹੜੀ ਸਾਡੀ ਸਾਇੰਸ ਦੀ ਵੱਡੀ ਤੋਂ ਵੱਡੀ ਪਹੁੰਚ ਹੈ। ਉਹ ਐਨਰਜੀ ਤੱਕ ਹੈ। ਇਹ big bang ਤਕ ਤਾਂ ਪਹੁੰਚ ਗਏ ਕਿ ਜਿਹੜਾ ਮਾਇਕ ਧਮਾਕਾ ਹੋਇਆ, ਉਥੇ ਤਕ ਤਾਂ ਇਹਨਾਂ ਦੇ ਯੰਤਰ ਦਸਦੇ ਨੇ। ਇਸ ਤੋਂ ਅੱਗੇ ਜਿਹੜਾ ਸੂਖਸ਼ਮ ਸ਼ਬਦ ਹੋਇਆ-

*ਏਕ ਕਵਾਵੈ ਤੇ ਸਭਿ ਹੋਆ ॥ ਅੰਗ- ੧੦੦੩*

ਓਅੰਕਾਰ ਦਾ ਜਿਹੜਾ ਸ਼ਬਦ ਹੋਇਐ-ਓਅੰਕਾਰ ਧੁਨ ਪ੍ਰਗਟ ਹੋਣ ਕਰਕੇ ਪ੍ਰਕ੍ਰਿਤੀ ਬਣੀ, ਪ੍ਰਕ੍ਰਿਤੀ ਦੇ ਵਿਚ ਫੇਰ ਧੁਨ ਬਣੀ, ਪ੍ਰਕ੍ਰਿਤਕ ਚੀਜ਼ਾਂ ਦੀ। ਉਹ ਧੁਨਾਂ ਦੇ ਨਾਲ ਅਗਾਂਹਾਂ ਹੀ ਅਗਾਂਹਾਂ ਵਧਦਾ ਤੁਰਿਆ ਜਾਂਦੈ। ਸਾਰੀ ਸ਼ਬਦ ਦੀ ਉਤਪਤੀ (creation) ਹੈ ਸਥੂਲ ਵੀ ਤੇ ਸੂਖਸ਼ਮ ਵੀ। ਇਸ ਤੋਂ ਉਪਰਲੇ ਪਾਸੇ ਸਥੂਲ ਤੋਂ ਸੂਖਸ਼ਮ ਦੁਨੀਆਂ ਆਉਂਦੀ ਹੈ। ਜਿਹਦੇ ਵਿਚ ਬਹੁਤ ਜ਼ੋਰ ਹੁੰਦਾ ਹੈ, ਬਹੁਤ ਸੋਝੀ ਹੁੰਦੀ ਹੈ। ਉਹਦੇ ਵਿਚ ਆਹ ਸਵਰਗ ਲੋਕ ਨੇ। ਇਹਨਾਂ ਸਵਰਗ ਲੋਕਾਂ ਵਿਚੋਂ ਵੀ ਫੇਰ ਅੱਗੇ ਇਕ ਹੋਰ ਦੁਨੀਆਂ ਹੈ ਜਿਥੇ ਇਹਨਾਂ ਤੋਂ ਵੀ ਅੱਗੇ ਸੁਪਰ ਸੂਖਸ਼ਮ ਤੱਤ ਨੇ, ਉਹਨੂੰ ਕਾਰਨ ਦੁਨੀਆਂ ਕਹਿੰਦੇ ਨੇ। ਇਹ ਸਾਰੀਆਂ ਜਿੰਨੀਆਂ ਮੈਂ ਦੱਸੀਆਂ ਨੇ ਇਹ ਸਾਰੀਆਂ ਕਾਲ ਦੇ ਚੱਕਰ ਵਿਚ ਨੇ। ਇਹ ਖਤਮ ਵੀ ਹੋ ਜਾਂਦੀਆਂ ਨੇ ਬਣ ਵੀ ਜਾਂਦੀਆਂ ਨੇ। ਸਾਰੇ ਆਈ ਜਾਂਦੇ ਨੇ ਸਵਰਗ ਲੋਕਾਂ ਦੇ ਵਾਸੀ ਜਿੰਨੇ ਵੀ ਨੇ। ਇਹਨਾਂ ਦੇ ਉਤੇ ਅਕਾਲ ਮੰਡਲ ਹੈ ਜਿਥੇ ਕਦੇ ਵੀ ਸਮੇਂ ਦੀ ਪਹੁੰਚ ਨਹੀਂ ਹੈ ਉਸ ਥਾਂ ਦੇ ਉਤੇ। ਮੌਤ ਹੈ ਹੀ ਨਹੀਂ। ਮੌਤ ਤਾਂ ਆਹ ਤਿੰਨ ਦੁਨੀਆਂ ਵਿਚ ਹੈ। ਇਸ ਤੋਂ ਉਪਰ ਹੈ ਨਹੀਂ। ਉਹ ਤਾਂ ਸਦੀਵੀ ਜੀਵਨ ਹੈ। ਜਿਹਨੂੰ ਇਸ ਜੁਗਤੀ ਦਾ ਪਤਾ ਲਗ ਗਿਆ ਕਿ ਮੈਂ ਸਦੀਵੀ ਜੀਵਨ 'ਚ ਕਿਵੇਂ ਪਹੁੰਚ ਸਕਦਾ ਹਾਂ ਉਹ ਭਾਗਾਂ ਵਾਲਾ ਹੈ ਇਸ ਸ੍ਰਿਸ਼ਟੀ 'ਚ ਆ ਕੇ। ਬਾਕੀ ਸਭ ਬੇ-ਭਾਗ ਨੇ ਤੁਰੇ ਫਿਰਦੇ, ਆਪਣਾ ਵਕਤ ਖਰਾਬ ਕਰਕੇ ਸੰਸਾਰ ਤੋਂ ਚਲੇ ਜਾਂਦੇ ਨੇ। ਸੋ ਇਹ ਜਿਹੜੀ ਸਾਡੀ ਸਥੂਲ ਦੁਨੀਆਂ ਹੈ, ਇਸ ਤੋਂ ਅੱਗੇ ਜਿਹੜੀ ਸੂਖਸ਼ਮ ਦੁਨੀਆਂ ਹੈ, ethical world (ਸਦਾਚਾਰਕ) ਜਿਹਨੂੰ ਕਹਿੰਦੇ ਨੇ। ਉਸ ਤੋਂ ਅੱਗੇ astral world (ਰੂਹਾਨੀ ਸਫਰ) ਹੁੰਦੀ ਹੈ। ਉਸ ਤੋਂ self ਦੀ world (ਨਿੱਜ ਦਾ ਸੰਸਾਰ) ਹੈ ਜਿਹਨੂੰ ਰੂਹ ਦੀ ਦੁਨੀਆਂ ਕਹਿੰਦੇ ਨੇ। ਉਹ ਬਹੁਤ ਦੂਰ ਹੈ। ਉਹਦੇ ਵਿਚ ਦਾਖਲਾ ਜਿਹੜਾ ਹੈ ਕਾਲ ਤੋਂ ਪਾਰ ਕਰਨਾ ਬਹੁਤ ਔਖਾ ਹੈ। ਸਾਰੇ ਧਰਮਾਂ ਨੂੰ ਤੁਸੀਂ ਪੜ੍ਹ ਕੇ ਦੇਖ ਲਓ। ਸਾਰੇ ਹੀ ਇਸ ਗੱਲ 'ਤੇ ਆਉਂਦੇ ਨੇ ਕਿ ਕਾਲ ਨੂੰ ਕਿਵੇਂ ਪਾਰ ਕਰਿਆ ਜਾਵੇ। ਉਹਦੀ ਤਾਕਤ ਵੀ ਬਹੁਤ ਦਸਦੇ ਨੇ। ਉਹ ਭਟਕਾ ਦਿੰਦਾ ਹੈ, ਅਸੀਂ ਕਲਜੁਗ ਕਹਿ ਦਿੰਦੇ ਹਾਂ, ਕਾਲ ਵੀ ਕਹਿ ਦਿੰਦੇ ਹਾਂ। ਸੋ ਇਹਨਾਂ ਦੇ ਵਿਚ ਹੀ ਸੂਖਸ਼ਮ ਦੁਨੀਆਂ ਦੇ ਅੰਦਰ ਦੂਸਰਾ ਜਿਹੜਾ ਲੋਕ ਹੈ, ਉਹਨੂੰ ਗੰਧਰਭ ਲੋਕ ਕਹਿੰਦੇ ਨੇ। ਗੰਧਰਭ ਲੋਕ ਦੇ ਅੰਦਰ ਇਥੇ ਦੇ ਬਾਦਸ਼ਾਹ ਨਾਲੋਂ 10 ਹਜ਼ਾਰ ਗੁਣਾਂ ਜ਼ਿਆਦਾ ਸੁਖ ਹੈ। ਉਸ ਤੋਂ ਅੱਗੇ ਪਿੱਤਰ ਲੋਕ ਆਉਂਦਾ ਹੈ। ਜਿਥੇ ਅਸੀਂ ਚਾਹੁੰਦੇ ਹਾਂ, ਅਨੁਮਾਨ ਲਾਉਂਦੇ ਹਾਂ ਕਿ ਸਾਡੇ ਪਿੱਤਰ ਉਥੇ ਰਹਿੰਦੇ ਨੇ। ਪਿੱਤਰ ਲੋਕ ਦੇ ਵਿਚ ਬਹੁਤ ਪੁੰਨ ਦਾਨ ਕਰਕੇ, ਸੇਵਾ ਕਰਕੇ, ਨੇਕ ਕੰਮ ਕਰਕੇ ਆਦਮੀ ਪਹੁੰਚਦੈ। ਉਸ ਤੋਂ ਉਪਰਲੇ ਪਾਸੇ ਸਵਰਗ ਹੈ, ਸਵਰਗ ਬਹੁਤ ਸਾਰੇ ਨੇ। ਸਵਰਗ ਲੋਕ ਕਹਿੰਦੇ ਨੇ ਉਹਨੂੰ। ਉਥੇ 10 ਲੱਖ ਗੁਣਾਂ ਜ਼ਿਆਦਾ ਸੁਖ ਹੈ ਇਥੇ ਦੇ ਬਾਦਸ਼ਾਹ ਨਾਲੋਂ। ਉਸ ਤੋਂ ਉਪਰਲੇ ਪਾਸੇ 10 ਕਰੋੜ ਜ਼ਿਆਦਾ ਗੁਣਾਂ ਸੁਖ ਹੈ। ਉਸ ਤੋਂ ਉਪਰ ਹੈ ਇੰਦਰ ਲੋਕ। ਇੰਦਰ ਲੋਕ ਵਿਚ 10 ਅਰਬ ਗੁਣਾਂ ਜ਼ਿਆਦਾ ਸੁਖ ਹੈ ਇਥੇ ਦੇ ਬਾਦਸ਼ਾਹ ਨਾਲੋਂ ਲੇਕਿਨ ਮਨ ਤਾਂ ਉਥੇ ਵੀ ਸ਼ਾਂਤ ਨਹੀਂ ਹੈ। ਭਟਕਣ ਉਥੇ ਵੀ ਹੈ। ਇਕ ਤਾਂ ਈਰਖਾ ਰਹਿੰਦੀ ਹੈ ਉਥੇ। ਇਕ ਚਿੰਤਾ ਲੱਗੀ ਰਹਿੰਦੀ ਹੈ। ਉਥੇ ਦਾ ਜੋ ਬਾਦਸ਼ਾਹ ਹੈ ਜਿਹਨੂੰ ਸਾਰਿਆਂ ਤੋਂ ਜ਼ਿਆਦਾ ਸੁਖ ਕਹਿੰਦੇ ਨੇ, ਇੰਦਰ ਲੋਕ ਦੇ। ਉਹਨੂੰ ਇੰਦਰ ਦੀ ਪਦਵੀ ਹੈ। ਜਿਵੇਂ ਸਾਡੇ ਪ੍ਰੈਜ਼ੀਡੈਂਟ ਕਹਿੰਦੇ ਨੇ, ਪ੍ਰਾਈਮ ਮਨਿਸਟਰ ਕਹਿੰਦੇ ਨੇ। ਉਥੇ ਜਿਹੜਾ ਵੀ ਤਪ ਕਰਕੇ ਚਲਿਆ ਗਿਆ ਉਹ ਇੰਦਰ ਦੀ ਪਦਵੀ 'ਤੇ, ਇੰਦਰ ਦੇ ਸਿੰਘਾਸ਼ਨ 'ਤੇ ਬੈਠ ਕੇ ਇੰਦਰ ਹੀ ਕਹਾਉਂਦਾ ਹੈ ਆਪਣੇ ਆਪ ਨੂੰ। ਯਾਨਿ 10 ਅਰਬ ਗੁਣਾਂ ਜ਼ਿਆਦਾ ਸੁਖ ਹੈ। ਅਨੁਮਾਨ ਲਾਓ ਤੁਸੀਂ ਮਨ ਸ਼ਾਂਤ ਹੋਇਆ?

*'ਚਲਦਾ....................।'*

***(ਵੀਡੀਓ ਫਿਲਮ ਦੀਵਾਨ ਨੰ: 115)***

# ਨਾਮੁ ਪ੍ਰਭੂ ਕਾ ਲਾਗਾ ਮੀਠਾ (੨੯੩)

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ- ੩੧੯*

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ, ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।'

ਪਾਤਸ਼ਾਹ ਨੇ ਕ੍ਰਿਪਾ ਕੀਤੀ ਹੈ, ਸੰਧਿਆ ਵੇਲੇ ਸਤਿਗੁਰਾਂ ਦੇ ਪਾਵਨ ਦਰਬਾਰ ਦੇ ਵਿਚ, ਸਾਨੂੰ ਸਾਰਿਆਂ ਨੂੰ ਹਾਜ਼ਰੀ ਭਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ- ੯੫*

ਸਤਿਸੰਗਤ ਭਾਗਾਂ ਦੇ ਨਾਲ ਮਿਲਦੀ ਹੈ -

*ਵਡਭਾਗੀ ਸਾਧਸੰਗੁ ਪਰਾਪਤਿ*
*ਤਿਨ ਭੇਟਤ ਦੁਰਮਤਿ ਖੋਈ ॥ ਅੰਗ- ੬੧੮*

ਗੁਰੂ ਦੀ ਕ੍ਰਿਪਾ ਦੇ ਨਾਲ, ਦੁਰਮਤਿ ਦਾ ਨਾਸ਼ ਹੋ ਕੇ ਗੁਰਮਤਿ ਦਾ ਪ੍ਰਕਾਸ਼ ਹੁੰਦਾ ਹੈ, ਜਦੋਂ ਅਸੀਂ ਗੁਰੂ ਦੇ ਦਰ 'ਤੇ ਆ ਕੇ, ਨਤਮਸਤਕ ਹੋ ਕੇ, ਬੈਠ ਕੇ ਨਾਮ ਬਾਣੀ ਨਾਲ ਜੁੜਦੇ ਹਾਂ। ਇਸੇ ਨੂੰ ਸਤਿਸੰਗਤ ਕਿਹਾ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਪਿਛਲੇ ਦੀਵਾਨ ਵਿਚ ਵਿਚਾਰ ਕੀਤੀ ਸੀ ਕਿ ਨਾਮ ਹੈ ਤਾਂ ਸਭ ਦੇ ਅੰਦਰ -

*ਭਿਖਾ ਭੁੱਖਾ ਕੋ ਨਹੀਂ ਸਭ ਕੀ ਗਠੜੀ ਲਾਲ।*
*ਗਠੜੀ ਖੋਲ੍ਹ ਨਾ ਜਾਨਿਆ ਤਾਂ ਤੇ ਭਏ ਕੰਗਾਲ।*

ਸਭ ਦੇ ਅੰਦਰ ਨਾਮ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥ ਅੰਗ- ੨੮੪*

ਸਭ ਨੇ ਧਾਰਨ ਕੀਤਾ ਹੈ ਨਾਮ ਨੂੰ, ਹਰ ਇਕ ਮਾਨੁੱਖ ਤਨ ਨੂੰ ਇਹ ਅਧਿਕਾਰ ਹੈ ਕਿ ਉਹ ਗੁਰੂ ਤੋਂ ਮੰਤ੍ਰ ਲੈ ਕੇ ਇਸ ਦੀ ਕਮਾਈ ਕਰਕੇ, ਨਾਮ ਤਕ ਰੁਸਵਾਈ, ਪਹੁੰਚ ਕਰ ਸਕਦਾ ਹੈ। ਨਾਮ 'ਚ ਅਸਥਿਤ ਹੋ ਸਕਦਾ ਹੈ। ਸਤਿਸੰਗ ਵਿਚ ਆ ਕੇ ਇਹੀ ਵਿਧੀ ਨੂੰ ਅਪਣਾਇਆ ਜਾਂਦਾ ਹੈ। ਸ਼ੁਰੂਆਤ ਹੁੰਦੀ ਹੈ ਕਿ ਕਿਸ ਤਰ੍ਹਾਂ ਗੁਰਮੰਤ੍ਰ ਦਾ ਅਭਿਆਸ ਕਰਦੇ-ਕਰਦੇ ਨਾਮ ਤਕ ਪਹੁੰਚਿਆ ਜਾਂਦਾ ਹੈ। ਜਿਥੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ- ੨੯੩*

ਗੁਰਮਤਿ ਦਾ ਮੰਤ੍ਰ ਬਹੁਤ ਹੀ ਸੌਖਾ ਹੈ 'ਵਾਹਿਗੁਰੂ ਗੁਰਮੰਤ੍ਰ ਹੈ।' ਇਸ ਮੰਤਰ ਦਾ ਅਭਿਆਸ ਜਿਵੇਂ ਪਿਛੇ ਵੀਚਾਰ ਕੀਤੀ ਸੀ ਕਿ ਕਿਵੇਂ ਇਹ ਸ਼ਕਤੀਸ਼ਾਲ ਮੰਤਰ ਹੈ, ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਸੰਸਾਰ 'ਤੇ ਲੈ ਕੇ ਆਏ। ਜੋ ਸਾਰੇ ਹੀ ਦੁਖਾਂ ਦਾ, ਸਾਰੇ ਹੀ ਰੋਗਾਂ ਦਾ ਇਲਾਜ ਹੈ -

*ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ- ੨੭੪*

*ਹਰਿ ਅਉਖਧੁ ਸਭ ਘਟ ਹੈ ਭਾਈ ॥ ਅੰਗ- ੨੫੯*

ਕੋਈ ਐਸਾ ਨਹੀਂ ਜਿਹਦੇ ਕੋਲ ਨਾਮ ਦੀ ਦਵਾਈ ਨਹੀਂ ਹੈ। ਪਰ ਬਿਨਾਂ ਜੁਗਤ ਤੋਂ ਪਤਾ ਨਹੀਂ ਲਗਦਾ -

*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ- ੨੫੯*

ਫੇਰ ਦੁਖ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ। ਦੁਖ ਦਾ ਖਾਤਮਾ, ਸਾਰੇ ਜਿੰਨੇ ਦੁਖ ਨੇ, ਭਾਵੇਂ ਆਰਥਿਕ ਹੋਣ, ਆਰਥਿਕਤਾ ਕਮਜ਼ੋਰ ਹੋਵੇ, ਇਹ ਵੀ ਮਜ਼ਬੂਤ ਹੋ ਜਾਂਦੀ ਹੈ। ਮਾਨਸਿਕ ਦੁਖ ਹੋਣ ਉਹ ਵੀ ਦੂਰ ਹੁੰਦੇ ਨੇ। ਸਰੀਰਕ ਦੁਖ ਹੋਣ ਉਹ ਵੀ ਸਾਰੇ -

*ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ ॥*
*ਅੰਗ- ੭੧੪*

ਸਾਰੇ ਹੀ ਦੁਖਾਂ ਦਾ, ਸਾਰੇ ਹੀ ਕਲੇਸ਼ਾਂ ਦਾ, ਪਾਪਾਂ ਦਾ ਨਾਸ ਨਾਮ ਦੇ ਨਾਲ ਜੁੜ ਕੇ ਹੁੰਦਾ ਹੈ।

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ- ੨੬*

ਸੇਵਾ ਅਤੇ ਸਿਮਰਨ ਇਹ ਦੋ ਮਾਨੁੱਖ ਤਨ ਦਾ ਪ੍ਰਯੋਜਨ ਹੁੰਦੇ ਹਨ। ਇਸ ਦੇ ਨਾਲ ਮਾਨੁੱਖ ਤਨ ਦੀ ਸਫ਼ਲਤਾ ਮੰਨੀ ਜਾਂਦੀ ਹੈ -

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥* ਅੰਗ- ੧੧੫੯

ਇਹ ਸੇਵਾ ਦੇ ਨਾਲ -

*ਗੁਰ ਕੀ ਸੇਵਾ ਪਾਏ ਮਾਨੁ ॥* ਅੰਗ- ੮੬੪

ਜਦੋਂ ਇਸ ਸੰਸਾਰ ਤੋਂ ਜਾਣਾ ਹੈ ਫੇਰ ਉਥੇ ਜਾ ਕੇ ਕੋਈ ਇਹ ਨਹੀਂ ਕਹੇਗਾ -

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥* ਅੰਗ- ੨੫੨

ਚੰਗਾ ਆਦਰ, ਸੁਭ ਆਦਰ ਉਥੇ ਸਾਰੇ ਦਿੰਦੇ ਹਨ। ਨਾਮ ਜਪਣ ਨਾਲ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਦੁੱਖ ਜੇ ਆਉਂਦਾ ਵੀ ਹੈ ਤਾਂ ਉਹ ਫੇਰ ਦਾਰੂ ਬਣਦਾ ਹੈ ਕਿਉਂਕਿ -

*ਦੁਖ ਮਹਿ ਸਿਮਰਨ ਸਭ ਕਰੈ,*
*ਸੁਖ ਮਹਿ ਕਰੈ ਨਾ ਕੋਇ।*
*ਸੁਖ ਮਹਿ ਸਿਮਰਨ ਜੇ ਕਰੈ,*
*ਦੁਖ ਕਾਹੇ ਕਉ ਹੋਇ।*

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥*
*ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥*
ਅੰਗ- ੧੩੫

ਦੁਖ ਤੇ ਸੁਖ ਹਰੇਕ ਮਨੁੱਖ ਨੂੰ ਇਹਨਾਂ ਦਾ ਟਾਕਰਾ ਕਰਨਾ ਪੈਂਦਾ ਹੈ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥*
ਅੰਗ- ੬੩੩

ਜਦੋਂ ਕਰਮ, ਉਪਾਸਨਾ, ਗਿਆਨ, ਵਿਗਿਆਨ ਅਵਸਥਾਵਾਂ ਦੇ ਵਿਚੋਂ ਲੰਘੀਦਾ ਹੈ, ਫੇਰ ਪਤਾ ਲਗਦਾ ਹੈ ਕਿ ਦੁਖ ਵੀ ਕੋਈ ਮਾੜਾ ਨਹੀਂ-

*ਦੁਖੁ ਦਾਰੂ ਸੁਖੁ ਰੋਗੁ ਭਇਆ*
*ਜਾ ਸੁਖੁ ਤਾਮਿ ਨ ਹੋਈ ॥* ਅੰਗ- ੪੬੯

ਦੁਖ ਜਿਹੜਾ ਹੈ ਇਹ ਦਾਰੂ ਬਣਦਾ ਹੈ। ਸਾਡੇ ਅੰਦਰ ਕਿੰਨੇ ਦੁਖਾਂ ਦੇ ਤਜਰਬਿਆਂ ਤੋਂ ਬਾਅਦ ਵੈਰਾਗ ਦੀ ਕਲਾ ਉਤਪੰਨ ਹੁੰਦੀ ਹੈ। ਵੈਰਾਗ ਹੁੰਦਾ ਹੈ ਨਿਰਲੇਪ (detached) ਹੋਣਾ -

*ਨਾ ਮੈ ਜੋਗ ਧਿਆਨ ਚਿਤੁ ਲਾਇਆ ॥*
*ਬਿਨੁ ਬੈਰਾਗ ਨ ਛੂਟਸਿ ਮਾਇਆ ॥* ਅੰਗ- ੩੨੯

ਵੈਰਾਗ ਉਥੇ ਪਹੁੰਚਾ ਦਿੰਦਾ ਹੈ। ਇਹ ਇਕ (ਬਾਲਣ) fuel ਦਾ ਕੰਮ ਕਰਦਾ ਹੈ, ਜਿਥੇ ਇਹ ਫਿਰ ਭਾਸਦਾ ਨਹੀਂ -

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨ ॥* ਅੰਗ- ੧੩੭੯

ਜੇ ਪਿਆਰ ਤੇ ਵੈਰਾਗ ਨਹੀਂ ਆਉਂਦਾ, ਉਹ ਹਿਰਦਾ ਕਾਹਦਾ ਹੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
ਅੰਗ- ੨੫੩

ਜੇ ਅੰਦਰ ਇਹ ਪਿਆਰ ਨਹੀਂ ਆਉਂਦਾ ਕਿਉਂਕਿ ਅੱਜ ਆਪਾਂ ਦੇਖਦੇ ਹੀ ਹਾਂ ਕਿ -

*ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥*
*ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥*
ਅੰਗ- ੧੩੮੨

ਥੋੜ੍ਹਾ ਜਿਹਾ ਉਪਰ ਉਠੋ, ਦੇਖੋ ਕਿ ਇਹ ਤਾਂ ਸਾਰਾ ਹੀ ਸੰਸਾਰ ਦੁਖੀ ਹੈ। ਗੁਰੂ ਬਾਬਾ ਜੀ ਨੇ ਫੈਸਲਾ ਕਰ ਦਿਤਾ -

*ਜੋ ਜੋ ਦੀਸੈ ਸੋ ਸੋ ਰੋਗੀ ॥* ਅੰਗ-੧੧੪੦

ਤੇ ਦੂਜੇ ਪਾਸੇ -

*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥*
*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* ਅੰਗ- ੯੫੪

ਕੋਈ ਵੀ ਐਸਾ ਨਹੀਂ ਦਿਸਦਾ ਜੋ ਸੁਖੀ ਹੈ।

*ਕੋਈ ਤਨ ਦੁਖੀ ਕੋਈ ਮਨ ਦੁਖੀ,*
*ਕੋਈ ਚਿੰਤਾ ਚਿਤ ਉਦਾਸ।*
*ਥੋੜੇ ਬਹੁਤੇ ਸਭ ਦੁਖੀ, ਸੁਖੀ ਹਰਿ ਕੇ ਦਾਸ।*

ਪਾਤਸ਼ਾਹ ਨੇ ਫੈਸਲਾ ਸੁਣਾ ਦਿਤਾ -

*ਚਿੰਤਤ ਹੀ ਦੀਸੈ ਸਭੁ ਕੋਇ ॥*
*ਚੇਤਹਿ ਏਕੁ ਤਹੀ ਸੁਖੁ ਹੋਇ ॥* ਅੰਗ- ੯੩੨

ਉਹਦਾ ਚਿੰਤਨ ਕਰਕੇ ਹੀ ਸੁਖੀ ਹੋਈਦਾ ਹੈ। ਹੁਣ ਜੇ ਸੁਖ ਹੋਵੇ ਫੇਰ ਇੰਦਰ ਕਿਉਂ ਰੋਵੇ -

*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥* ਅੰਗ- ੯੫੩

ਹੁਣ ਇੰਦਰ ਕੋਲ ਕਿੱਡੇ ਵੱਡੇ ਸਾਧਨ ਹਨ ਸੁਖ

ਭੋਗ ਦੇ ਪਰ ਫੇਰ ਵੀ ਦੁਖੀ ਕਿਉਂ ਹੈ? ਕਿੱਥੇ ਪਹੁੰਚਦਾ ਏ ਕਾਮ ਦੇ ਅਧੀਨ ਹੋ ਕੇ –

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ ॥*
*ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥*
*ਅੰਗ- ੧੩੪੪*

ਗੋਤਮ ਰਿਖੀ ਦੇ ਆਸ਼ਰਮ ਵਿਚ ਇੰਦਰ ਆਉਂਦਾ ਹੈ, ਨਾਲ ਉਸ ਦੇ ਦੂਜੇ ਸਾਥੀ ਮੁਰਗੇ ਦੀ ਬਾਂਗ ਕੁਵੇਲੇ ਦਿੰਦਾ ਹੈ। ਰਿਖੀ ਨੇ ਸਮਝਿਆ ਕਿ ਅੰਮ੍ਰਿਤ ਵੇਲਾ ਹੋ ਗਿਆ, ਬ੍ਰਹਮ ਮਹੂਰਤ ਸਮਝ ਕੇ ਇਸ਼ਨਾਨ ਕਰਨ ਚਲਿਆ ਜਾਂਦਾ ਹੈ। ਇੰਦਰ ਪਿਛੋਂ ਰਿਖੀ ਦਾ ਸਰੀਰ ਧਾਰ ਕੇ ਅਹੱਲਿਆ ਕੋਲ ਚਲਿਆ ਜਾਂਦਾ ਹੈ। ਉਪਰੋਂ ਜਦੋਂ ਰਿਸ਼ੀ ਆ ਗਿਆ, ਉਸ ਨੇ ਇੰਦਰ ਨੂੰ ਸਰਾਪ ਦੇ ਦਿਤਾ। ਇੰਦਰ ਦੇ ਸਰੀਰ ਤੇ ਭਗ ਹੋ ਗਏ। ਫੇਰ ਇੰਦਰ ਪਛਤਾਉਂਦਾ ਹੈ। ਸੋ ਐਡੀ ਵੱਡੀ ਮਿਸਾਲ ਹੈ ਕਿ ਜੇ ਸੁਖ ਕਾਮ ਦੇ ਵਿਚ ਹੁੰਦਾ ਤਾਂ ਇੰਦਰਪੁਰੀ ਨੂੰ ਛੱਡ ਕੇ ਇਸ ਤਰ੍ਹਾਂ ਭੋਗ ਨਾ ਭੋਗਦਾ, ਤੇ ਦੁਖੀ ਨਾ ਹੁੰਦਾ। ਕਿਉਂਕਿ ਭੋਗ ਦੀ ਜ਼ਿੰਦਗੀ ਦੇ ਵਿਚ ਕਦੇ ਸੁਖ ਨਹੀਂ ਮਿਲਦਾ। ਇਥੋਂ ਕੀ ਮਿਲਦਾ ਹੈ –

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥*
*ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥*
*ਅੰਗ- ੧੩੫*

*ਨਿਮਖ ਕਾਮ ਸੁਆਦ ਕਾਰਣਿ*
*ਕੋਟਿ ਦਿਨਸ ਦੁਖੁ ਪਾਵਹਿ ॥*
*ਘਰੀ ਮੁਹਤ ਰੰਗ ਮਾਣਹਿ*
*ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥ ਅੰਗ- ੪੦੩*

ਭੋਗ ਦੀ ਦੁਨੀਆਂ ਵਿਚੋਂ ਇਹ ਨਿਕਲਦਾ ਹੈ। ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਅੱਜਕੱਲ੍ਹ ਕਿਉਂ ਲਗਦੀਆਂ ਹਨ। ਜਦੋਂ ਇਨਸਾਨ ਚਰਿੱਤਰਹੀਣ ਹੋ ਜਾਂਦਾ ਹੈ। ਆਪਣੇ ਆਚਾਰਾਂ ਤੋਂ ਡਿਗਦਾ ਹੈ। ਕਿੰਨਾ ਦੁਖੀ ਹੁੰਦਾ ਹੈ। ਲਾਇਲਾਜ਼ ਬਿਮਾਰੀ ਲਗ ਜਾਂਦੀ ਹੈ –

*ਘਰ ਕੀ ਨਾਰਿ ਤਿਆਗੈ ਅੰਧਾ ॥*
*ਪਰ ਨਾਰੀ ਸਿਉ ਘਾਲੈ ਧੰਧਾ ॥*
*ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥*
*ਅੰਤ ਕੀ ਬਾਰ ਮੂਆ ਲਪਟਾਨਾ ॥ ਅੰਗ- ੧੧੬੪*

ਐਸੀ ਹਾਲਤ ਜਿਵੇਂ –

*ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥*
*ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥*
*ਅੰਗ- ੪੭੦*

ਜਿਵੇਂ ਸਿੰਬਲ ਰੁਖ ਦੇ ਉਤੇ ਪੰਛੀ ਆ ਕੇ ਬੈਠਦੇ ਨੇ। ਉਹਦੇ ਉਤੇ ਲੱਗੇ ਫਲ ਜਦੋਂ ਖਾਂਦੇ ਨੇ ਤਾਂ ਪੰਛੀ ਗਲ ਘੋਟੂਆ ਹੋ ਕੇ ਤੜਫ-ਤੜਫ ਕੇ ਮਰ ਜਾਂਦੇ ਨੇ। ਇਸੇ ਤਰ੍ਹਾਂ ਉਸ ਇਨਸਾਨ ਦੀ ਹਾਲਤ ਹੈ –

*ਘਰ ਕੀ ਨਾਰਿ ਤਿਆਗੈ ਅੰਧਾ ॥*
*ਪਰ ਨਾਰੀ ਸਿਉ ਘਾਲੈ ਧੰਧਾ ॥ ਅੰਗ- ੧੧੬੫*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ- ੩੧੫*

ਇਥੇ ਤੂੰ ਲਕੋ ਲੈਂਦਾ ਹੈਂ ਕੀਤੇ ਪਾਪ ਨੂੰ –

*ਦੇਇ ਕਿਵਾੜ ਅਨਿਕ ਪੜਦੇ ਮਹਿ*
*ਪਰ ਦਾਰਾ ਸੰਗਿ ਫਾਕੈ ॥*
*ਚਿਤ੍ਰ ਗੁਪਤੁ ਜਬ ਲੇਖਾ ਮਾਗਹਿ*
*ਤਬ ਕਉਣੁ ਪੜਦਾ ਤੇਰਾ ਢਾਕੈ ॥ ਅੰਗ- ੬੧੬*

ਸੋ ਇੰਦਰ ਨੂੰ ਜਦੋਂ ਰਿਸ਼ੀ ਦਾ ਸਰਾਪ ਲੱਗਿਆ, ਪਾਤਸ਼ਾਹ ਕਹਿੰਦੇ, ਉਹ ਰੋਇਆ। ਸੋ ਭੋਗ ਦੀ ਇਸ ਦੁਨੀਆਂ ਵਿਚ ਸੁਖ ਨਹੀਂ, ਰੋਗ ਹੀ ਰੋਗ ਹੈ ਕਿਉਂਕਿ ਕਰਮ ਦਾ ਪ੍ਰਤੀਕਰਮ ਹੁੰਦਾ ਹੈ –

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ- ੧੩੪*

ਜਿਹੋ ਜਿਹੇ ਕਰਮ ਕਰਦੇ ਹਾਂ ਉਸ ਦਾ ਫਲ ਜ਼ਰੂਰ ਮਿਲਦਾ ਹੈ। ਜੇ ਇਸੇ ਦੀ ਜਗ੍ਹਾ ਉਤੇ ਨਾਮ ਨਾਲ ਜੁੜ ਗਏ। ਉਹਦੇ ਵਿਚ ਕਿੰਨੀ ਸ਼ਾਂਤੀ ਹੈ। ਸਵਾਸ ਤਾਂ ਓਨੇ ਹੀ ਆਉਣੇ ਹਨ, ਜਿੰਨੇ ਸਾਨੂੰ ਮਿਲੇ ਹਨ ਤੇ ਇਨ੍ਹਾਂ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ, ਜਦੋਂ ਕਾਮ ਤੇ ਕ੍ਰੋਧ ਵਿਚ ਅਸੀਂ ਪ੍ਰਵੇਸ਼ ਕਰਦੇ ਹਾਂ। ਜਦੋਂ ਨਾਮ ਵਿਚ ਪ੍ਰਵੇਸ਼ ਕਰੀਏ, ਕਿੰਨੀ ਸ਼ਾਂਤੀ ਪ੍ਰਾਪਤ ਹੁੰਦੀ ਹੈ –

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥ ਅੰਗ- ੯੩੨*

ਏਧਰ ਜਦੋਂ ਅਸੀਂ ਇਸ ਮੰਤਰ ਨੂੰ ਵਿਧੀਪੂਰਵਕ ਜਪਦੇ ਹਾਂ। ਜਿੰਨੀ ਕੁ ਸਰੀਰ ਨੂੰ ਲੋੜ ਹੈ, ਜਿਹੋ ਜਿਹਾ ਕੰਮ ਹੈ, ਓਨੀ ਕੁ ਨੀਂਦ ਲੈ ਕੇ ਜਦੋਂ ਉਠਦੇ ਹਾਂ ਫੇਰ ਉਠ ਕੇ –

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥ ਅੰਗ- ੬੧੧*

ਸਰੀਰ ਦੀ ਜਿਹੜੀ ਪਿੱਤ ਵਧੀ ਹੈ, ਜਿਹੜੀ ਗਰਮੀ ਵਧੀ ਹੈ, ਇਸ਼ਨਾਨ ਕਰਨ ਨਾਲ ਸ਼ਾਂਤ ਹੁੰਦੀ ਹੈ ਤੇ ਵਾਸ਼ਨਾ ਵੀ ਸ਼ਾਂਤ ਹੁੰਦੀ ਹੈ। ਮਨੋ ਨਾਸ, ਵਾਸ਼ਨਾ ਖ੍ਯੈ, ਤੱਤ ਗਿਆਨ ਹੁੰਦਾ ਹੈ। ਜੇ ਅਸੀਂ

ਆਪਣੇ ਆਪ ਨੂੰ ਸਿੱਖ ਅਖਵਾਉਂਦੇ ਹਾਂ ਤਾਂ ਅੰਮ੍ਰਿਤ ਵੇਲਾ ਸੰਭਾਲਣਾ ਬਹੁਤ ਜ਼ਰੂਰੀ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਅੰਗ- ੩੦੫*

'ਧਿਆਵੈ' ਹੁੰਦੈ, ਧਿਆਨ 'ਚ ਬੈਠੇ -

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ- ੩੦੫*

ਹੁਣ ਜੇ ਇਹੀ ਮੰਤਰ ਸਵਾਸ 'ਤੇ ਆ ਗਿਆ। ਬੈਖਰੀ ਬਾਣੀ 'ਚ ਬੋਲ ਕੇ, ਮਧਮਾ 'ਚ ਅੰਦਰ ਦਾ ਰਸਤਾ ਚੁਣਦੇ ਹਾਂ, ਸੁਣਦੇ ਹਾਂ, ਫੇਰ ਪਸੰਤੀ ਬਾਣੀ 'ਚ, ਹਿਰਦੇ 'ਚ ਹੁੰਦਾ ਹੈ, ਫੇਰ ਪਰਾ ਬਾਣੀ 'ਚ ਸਵਾਸ 'ਤੇ ਆ ਜਾਂਦਾ ਹੈ। ਇਹੀ ਸਵਾਸ ਦੀ ਰਫ਼ਤਾਰ ਨਾਮ ਜਪਣ ਵਾਲਿਆਂ ਦੀ ਕਿੰਨੀ ਸਹਿਜ 'ਚ ਆ ਜਾਂਦੀ ਹੈ -

*ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥*
*ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥ ਅੰਗ - ੪੭੮*

ਸਹਿਜ ਦਾ ਜੀਵਨ, ਖੁਸ਼ਹਾਲ ਜੀਵਨ ਹੋ ਜਾਂਦਾ ਹੈ। ਫਿਰ ਹਰ ਕੰਮ 'ਚ ਆਨੰਦ ਮਾਣਦਾ ਹੈ ਕਿਉਂਕਿ ਲੋੜ ਜੁਗਤ ਦੀ ਹੈ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ ਅੰਗ- ੫੨੨*

ਜੇ ਫਾਰਮੂਲਾ ਲਾਗੂ ਕਰ ਲਓ ਮੁਸ਼ਕਲ ਹੱਲ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਨਾਲ -

*ਚਲਤ ਅਠਾਰਹ ਬੈਸਤ ਬਾਰ੍ਹਾਂ*
*ਸੋਵਤ ਚੌਵੀਸ ਜਾਤ।*

ਚਲਦਾ ਇਨਸਾਨ ਇਕ ਮਿੰਟ ਦੇ ਵਿਚ ਜਿਹੜੇ ਐਵਰੇਜ ਸਵਾਸ ਆਉਂਦੇ ਹਨ, ਇਹ 18 ਆਉਂਦੇ ਹਨ। ਜਦੋਂ ਬੈਠਾ ਹੁੰਦਾ ਹੈ ਉਦੋਂ 12 ਲੈਂਦਾ ਹੈ। ਸੌਂਦਾ ਹੈ 24 ਸਵਾਸ ਇਕ ਮਿੰਟ ਵਿਚ ਲੈਂਦਾ ਹੈ। ਗੁੱਸਾ ਆ ਗਿਆ 32 ਸਵਾਸ ਇਕ ਮਿੰਟ ਵਿਚ ਲੈਂਦਾ ਹੈ। ਕਾਮ ਦੇ ਵਿਚ 64 ਸਵਾਸ ਇਕ ਮਿੰਟ 'ਚ, ਇਹਦੀ ਐਨੀ ਰਫ਼ਤਾਰ ਤੇਜ਼ ਹੋ ਜਾਂਦੀ ਹੈ। ਜਦੋਂ ਸਵਾਸ ਦੇ ਉਤੇ ਮੰਤਰ ਆ ਗਿਆ, ਸਾਰੀਆਂ ਵਾਸ਼ਨਾਵਾਂ ਸ਼ਾਂਤ ਹੋ ਜਾਂਦੀਆਂ ਨੇ। ਸ਼ਾਂਤੀ ਮਿਲ ਜਾਂਦੀ ਹੈ। ਇਸ ਕਰਕੇ ਜੇ ਅਸੀਂ ਸਿੱਖ ਅਖਵਾਉਂਦੇ ਹਾਂ, ਤਾਂ ਹੀ ਹੱਕਦਾਰ ਹਾਂ -

*ਰਹਿਣੀ ਰਹੈ ਸੋਈ ਸਿੱਖ ਮੇਰਾ,*
*ਓਹ ਸਾਹਿਬ ਮੈ ਉਸ ਕਾ ਚੇਰਾ।*

*ਸਿਖੀ ਸਿਖਿਆ ਗੁਰ ਵੀਚਾਰਿ ॥*
*ਨਦਰੀ ਕਰਮਿ ਲਘਾਏ ਪਾਰਿ ॥ ਅੰਗ- ੪੬੫*

ਅਸੀਂ ਸਿੱਖ ਅਖਵਾਉਣ ਦੇ ਹੱਕਦਾਰ ਤਾਂ ਹਾਂ ਜੇ ਅਸੀਂ ਇਹ ਅਭਿਆਸ ਗੁਰਮੰਤ੍ਰ ਦਾ ਸਵਾਸ-ਸਵਾਸ ਦੇ ਰਾਹੀਂ ਕਰਦੇ ਹਾਂ। ਸਵਾਸ ਦੀ ਮਦਦ ਦੇ ਨਾਲ ਸੁਰਤ ਨੂੰ ਉੱਚਾ ਚੁਕਣਾ ਕੋਈ ਔਖਾ ਨਹੀਂ ਹੈ -

*ਕਲਿਜੁਗ ਨਾਨਕ ਨਾਮ ਸੁਖਾਲਾ॥ ਭਾਈ ਗੁਰਦਾਸ ਜੀ*

ਸੁਰਤਿ ਸਬਦਿ ਦਾ ਇਹ ਮਾਰਗ ਹੈ ਤੇ ਇਹਦੇ ਵਿਚ ਸ਼ਾਂਤੀ ਹੈ। ਦੂਜੇ ਪਾਸੇ ਤਾਂ ਗੁਰੂ ਪਾਤਸ਼ਾਹ ਜੀ ਨੇ ਮਿਸਾਲ ਦਿਤੀ ਹੈ ਕਿ ਕਿੱਡੇ-ਕਿੱਡੇ ਸੰਸਾਰ ਦੇ ਉਤੇ ਹੋਏ, ਆਪਾਂ ਸ਼ਬਦ ਪੜ੍ਹਿਆ ਹੈ। ਉਨ੍ਹਾਂ ਦੀਆਂ ਉਦਾਹਰਣਾਂ ਸਾਨੂੰ ਸੇਧ ਬਖਸ਼ਿਸ਼ ਕਰਦੀਆਂ ਹਨ ਕਿ ਜਦੋਂ ਐਡੇ ਵੱਡੇ-ਵੱਡੇ ਉਨ੍ਹਾਂ ਕੋਲ ਕੋਈ ਘਾਟ ਨਹੀਂ ਸੀ। ਮੂਰਖਾਂ ਦੀ ਪਦਵੀ ਮਿਲੀ ਉਹਨਾਂ ਨੂੰ -

*ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥*
*ਅੰਗ- ੧੦੧੫*

ਸੋ ਮਨ ਨੂੰ ਮਨਾਓ। ਜੋ ਸਾਨੂੰ ਸਮਾਂ ਮਿਲਿਆ ਹੈ। ਸਤਿਸੰਗ ਉਹ ਹੈ ਜਿਥੇ ਸਾਨੂੰ ਅੰਦਰ ਦਾ ਰਸਤਾ ਲੱਭਦਾ ਹੈ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ- ੨੯੩*

ਜਿਹੜਾ ਪ੍ਰਭੂ ਦਾ ਨਾਮ ਹੈ ਫੇਰ ਮਿੱਠਾ ਲਗਦਾ ਹੈ ਨਹੀਂ ਤਾਂ -

*ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥*
*ਸਾਕਤ ਕੀ ਬਿਧਿ ਨੈਨਹੁ ਡੀਠੀ ॥ ਅੰਗ- ੮੯੨*

ਸੋ ਚਲੋ ਚਲੀ ਦੇ ਮੇਲੇ ਨੇ। ਸਾਥੀ ਤੁਰਦੇ ਜਾਂਦੇ ਨੇ। ਸੋ ਅਸੀਂ ਵੀ ਤਿਆਰੀ ਕਰੀਏ। ਆਖਰੀ ਸਵਾਸ ਦੇ ਉਤੇ ਇਹ ਆਵੇ, ਜਦੋਂ ਅਸੀਂ ਜਾਈਏ। ਫੇਰ ਧੰਨ-ਧੰਨ ਹੁੰਦੀ ਹੈ। ਸੋ ਅੰਦਰ ਨੂੰ ਸਵਾਸ ਜਾਂਦੇ 'ਵਾਹਿ' ਬਾਹਰ ਨੂੰ ਆਉਂਦੇ 'ਗੁਰੂ'। ਅਖੀਰਲੇ ਸਵਾਸ ਵੀ ਜੇ ਇਸ ਤਰ੍ਹਾਂ ਸਵਾਸ ਆ ਜਾਵੇ, ਇਹ ਗੁਰੂ ਦੇ ਲੋਕ ਨੂੰ ਲੈ ਜਾਏਗਾ।

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

## ਮਨ ਬੇਧਿਆ ਦਇਆਲ ਸੇਤੀ ਮੇਰੀ ਮਾਈ

ਬਿਲਾਵਲ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ ਹੈ - ***ਮਨੁ ਮੰਦਰੁ ਤਨੁ ਵੇਸ ਕਲੰਦਰ।*** ਇਸ ਸ਼ਬਦ ਦੀ ਰਹਾਉ ਦੀ ਪੰਕਤੀ ਇਸ ਪ੍ਰਕਾਰ ਹੈ -

*ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥*
*ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਚਿੰਤ ਪਰਾਈ ॥*
*ਅੰਗ - ੭੯੫*

ਜਦੋਂ ਮਨ ਕਿਸੇ ਦੇ ਪਿਆਰ ਵਿਚ ਵਿੰਨ੍ਹਿਆ ਜਾਵੇ ਤਾਂ ਅੰਦਰੋਂ ਇਕ ਕਸਕ ਉਠਦੀ ਹੈ, ਇਕ ਦਰਦ ਉਠਦਾ ਹੈ। ਇਹ ਦਰਦ ਕਿਸ ਨੂੰ ਦਸਿਆ ਜਾਵੇ? ਇਸ ਦੀ ਸਾਂਝ ਹਰੇਕ ਨਾਲ ਨਹੀਂ ਪਾਈ ਜਾ ਸਕਦੀ। ਦੁਖ ਦਰਦ ਦਾ ਪ੍ਰਗਟਾਵਾ ਸਦਾ ਮਾਂ ਪਾਸ ਹੀ ਕੀਤਾ ਜਾਂਦਾ ਹੈ। ਇਸ ਪੰਕਤੀ ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਜੀ 'ਮਾਂ' ਨੂੰ ਸੰਬੋਧਨ ਕਰਦੇ ਆਪਣੇ ਅੰਦਰ ਵਸਦੇ ਪ੍ਰਭੂ ਪਿਆਰ ਦੇ ਵਿਛੋੜੇ ਦਾ ਦਰਦ ਪ੍ਰਗਟਾਉਂਦੇ ਕਹਿੰਦੇ ਹਨ ਕਿ ਹੇ ਮੇਰੀ ਮਾਂ, ਮੇਰਾ ਮਨ ਪ੍ਰਭੂ ਪ੍ਰੀਤਮ ਦੇ ਪਿਆਰ ਵਿਚ ਵਿੰਨਿਆ ਗਿਆ ਹੈ, ਮੇਰਾ ਧਿਆਨ ਉਸ ਦਇਆਲੂ ਪ੍ਰੀਤਮ ਦੇ ਚਰਨਾਂ ਵਿਚ ਜੁੜ ਗਿਆ ਹੈ। ਹੁਣ ਮੈਨੂੰ ਉਸ ਤੋਂ ਬਿਨਾਂ ਕੁਝ ਹੋਰ ਸੁਝਦਾ ਨਹੀਂ, ਨਾ ਕੋਈ ਹੋਰ ਝਾਕ ਰਹੀ ਹੈ, ਨਾ ਕੋਈ ਹੋਰ ਆਸਰਾ। ਅੰਦਰੋਂ ਉਠਦੀ ਪਿਆਰ ਪੀੜਾ ਦੀ ਕਸਕ ਨੂੰ ਵੀ ਪ੍ਰਿਅ-ਪ੍ਰੀਤਮ ਤੋਂ ਬਿਨਾਂ ਕੋਈ ਹੋਰ ਜਾਣ ਨਹੀਂ ਸਕਦਾ।

ਸੁਚੇਤ ਜੀਵ ਆਤਮਾ ਦੀ ਪਰਮ-ਆਤਮਾ ਲਈ ਤੜਪ ਦੀ ਗਾਥਾ ਐਸੀ ਹੀ ਹੈ। ਹਰੇਕ ਜੀਵ-ਰੂਪੀ ਇਸਤ੍ਰੀ ਦੇ ਅੰਦਰ ਪ੍ਰਿਅ-ਪ੍ਰੀਤਮ ਦੇ ਮਿਲਾਪ ਦੀ ਜਗਿਆਸਾ ਹੁੰਦੀ ਹੈ। ਇਹ ਖਿੱਚ ਕੁਦਰਤੀ ਹੈ। ਜਿਸ ਤੋਂ ਵਿਛੁੜੇ ਹਾਂ, ਉਸ ਨਾਲ ਮਿਲਾਪ ਦੀ ਸੰਵੇਦਨਾ ਹਰੇਕ ਪ੍ਰਾਣੀ ਵਿਚ ਹੈ ਪਰ ਕਿਤੇ-ਕਿਤੇ ਜਦੋਂ ਇਸ ਦਾ ਅਹਿਸਾਸ ਤੀਬਰ ਹੋ ਜਾਂਦਾ ਹੈ ਤਾਂ ਇਹ ਪੀੜਾ ਇਕ ਦਰਦ ਦਾ ਰੂਪ ਧਾਰਨ ਕਰ ਲੈਂਦੀ ਹੈ। ਇਹ ਪੀੜਾ ਮਨੁੱਖ ਨੂੰ ਵਿਆਕੁਲ ਕਰ ਦਿੰਦੀ ਹੈ, ਹਿਰਦਾ ਮਿਲਾਪ ਲਈ ਤੜਪ ਉਠਦਾ ਹੈ, ਧੀਰਜ ਟੁੱਟ ਜਾਂਦਾ ਹੈ, ਧੁਰ ਅੰਦਰ ਬਿਰਹਾ, ਬੈਰਾਗ ਉਛਾਲੇ ਮਾਰਦਾ ਹੈ। ਜਿਉਂ-ਜਿਉਂ ਸਮਾਂ ਬੀਤਦਾ ਹੈ, ਇਹ ਦਰਦ ਘਟਣ ਦੀ ਥਾਂ ਹੋਰ ਵਧਦਾ ਹੈ, ਦਿਨ ਰਾਤ ਅੰਦਰੋਂ ਇਕੋ ਪ੍ਰਿਅ, ਪ੍ਰਿਅ ਦੀ ਆਵਾਜ਼ ਹੀ ਨਿਕਲਦੀ ਹੈ। ਨਾ ਦਿਨ ਨੂੰ ਆਰਾਮ ਮਿਲਦਾ ਹੈ, ਨਾ ਹੀ ਰਾਤ ਨੂੰ ਨੀਂਦ ਆਉਂਦੀ ਹੈ। ਸੰਸਾਰਕ ਕਾਰ ਵਿਹਾਰ ਵਾਲੀਆਂ ਇਸਤ੍ਰੀਆਂ ਸਜ ਸਜਾਵਟ, ਹਾਰ ਸ਼ਿੰਗਾਰ ਵਿਚ ਮਸਤ ਹਨ, ਪਰ ਪ੍ਰੀਤਮ ਦੀ ਤੜਪ ਵਾਲੀ ਬਿਰਹਨ ਨੂੰ ਸਜਾਵਟ ਦਾ ਸਾਜੋ ਸਾਮਾਨ ਹਾਰ ਸ਼ਿੰਗਾਰ, ਕੱਜਲ, ਸੁੰਦਰ ਬਸਤਰ ਇਤਿਆਦਿ ਕੁਝ ਵੀ ਚੰਗਾ ਨਹੀਂ ਲਗਦਾ, ਸਗੋਂ ਦੁਖ ਦਾ ਕਾਰਣ ਬਣ ਜਾਂਦਾ ਹੈ ਅਤੇ ਬਿਖੁ ਸਮਾਨ ਹੋ ਜਾਂਦਾ ਹੈ। ਦੁਖ ਭਰੀ ਐਸੀ ਵੇਦਨਾ ਹੀ, ਸ੍ਰੀ ਗੁਰੂ ਨਾਨਕ ਦੇ ਜੀ, ਮਾਂ ਨੂੰ ਸੰਬੋਧਨ ਕਰਦੇ, ਦਸ ਰਹੇ ਹਨ -

*ਮਾਈ ਧੀਰਿ ਰਹੀ ਪ੍ਰਿਅ ਬਹੁਤੁ ਬਿਰਾਗਿਓ ॥*
*ਅਨਿਕ ਭਾਂਤਿ ਆਨੂਪ ਰੰਗ ਰੇ*
*ਤਿਨ੍ ਸਿਉ ਰੁਚੈ ਨ ਲਾਗਿਓ ॥ ੧ ॥ ਰਹਾਉ ॥*
*ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ*
*ਨੀਂਦ ਪਲਕ ਨਹੀ ਜਾਗਿਓ ॥*
*ਹਾਰ ਕਜਰ ਬਸਤ੍ਰ ਅਨਿਕ ਸੀਗਾਰ ਰੇ*
*ਬਿਨੁ ਪਿਰ ਸਭੈ ਬਿਖੁ ਲਾਗਿਓ ॥ ਅੰਗ- ੧੨੦੩*

ਪ੍ਰੀਤਮ ਪਿਆਰ ਦੀ ਤੜਪ ਅਤੇ ਵਿਛੋੜੇ ਦਾ ਦੁਖ ਦਾ ਵਰਣਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਚ ਅਨੇਕ ਵਾਰ ਹੋਇਆ ਹੈ। ਜਦੋਂ ਅਨੁਭਵ ਜਾਗ ਪੈਂਦਾ ਹੈ, ਤਾਂ ਜੀਵ ਰੂਪੀ ਇਸਤ੍ਰੀ ਨੂੰ 'ਇਕੱਲ' ਦਾ ਅਹਿਸਾਸ ਹੁੰਦਾ ਹੈ, ਉਸ ਦਾ ਇਹ ਇਕਲਾਪਾ ਗੰਭੀਰ ਹੋ ਕੇ ਭਿਆਨਕਤਾ ਦਾ ਰੂਪ ਧਾਰਨ ਕਰ ਲੈਂਦਾ ਹੈ। ਉਸ ਦਾ ਧੀਰਜ ਟੁੱਟ ਜਾਂਦਾ ਹੈ, ਉਸ ਦਾ ਅੰਦਰਲਾ ਕੁਰਲਾਅ ਉਠਦਾ ਹੈ, ਕੋਈ ਉਸ ਦੇ ਦਰਦ ਨੂੰ ਸੁਣੇ, ਹੁਣ ਉਸ ਨੂੰ ਪ੍ਰੀਤਮ ਬਿਨਾਂ ਜ਼ਿੰਦਾ ਰਹਿਣਾ ਕਠਿਨ ਹੋ ਗਿਆ ਹੈ, ਵਿਛੋੜੇ ਵਿਚ ਜ਼ਿੰਦਗੀ ਦੀ ਰਾਤ ਕੱਟਣੀ ਅਸੰਭਵ ਹੁੰਦੀ ਜਾ ਰਹੀ ਹੈ, ਨਾ ਭੁੱਖ ਲਗਦੀ ਹੈ, ਨਾ ਨੀਂਦ ਆਉਂਦੀ ਹੈ। 'ਇਕੱਲਤਾ' ਦੀ ਇਸ ਭਿਆਨਕਤਾ ਨੂੰ ਕੋਈ ਨਹੀਂ ਜਾਣ ਸਕਦਾ। ਇਸ ਦੁਖ ਦਰਦ ਨੂੰ ਕਵੇਲ ਪ੍ਰਮੇਸ਼ਵਰ-ਪਤੀ ਹੀ ਜਾਣ

ਸਕਦਾ ਹੈ। ਰਾਗ ਆਸਾਵਰੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਐਸੀ ਵੇਦਨਾ ਦਾ ਹੀ ਪ੍ਰਗਟਾਵਾ ਕਰਦੇ ਫੁਰਮਾਉਂਦੇ ਹਨ -

*ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥*
*ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥*
*ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥*
*ਨਹ ਨੀਦ ਆਵੈ ਪ੍ਰੇਮ ਭਾਵੈ ਸੁਣਿ ਬੇਨੰਤੀ ਮੇਰੀਆ ॥*
*ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥*
*ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥*
*ਅੰਗ- ੨੪੩*

ਸ੍ਰੀ ਗੁਰੂ ਰਾਮਦਾਸ ਜੀ ਐਸੀ ਅਵਸਥਾ ਦਾ ਜ਼ਿਕਰ ਕਰਦਿਆਂ ਦਸਦੇ ਹਨ ਕਿ ਵਿਛੋੜੇ ਦੇ ਅਨੁਭਵ ਪਿਛੋਂ ਮੇਰਾ ਮਨ ਹਰ ਸਮੇਂ ਮਿਲਾਪ ਲਈ ਇੰਝ ਤੜਫਦਾ ਰਹਿੰਦਾ ਹੈ ਜਿਵੇਂ ਅਤਿ ਦੀ ਗਰਮੀ ਵਿਚ ਕੋਈ ਬਹੁਤ ਪਿਆਸਾ ਮਨੁੱਖ ਪਾਣੀ ਲਈ ਬਿਹਬਲ ਹੁੰਦਾ ਹੈ। ਮੇਰਾ ਅੰਦਰ ਪ੍ਰਭੂ ਪਿਆਰ ਦੇ ਤੀਰਾਂ ਨੇ ਵਿੰਨ੍ਹ ਦਿਤਾ ਹੈ, ਮੇਰੇ ਮਨ ਅੰਦਰ ਦੀ ਪੀੜਾ ਨੂੰ ਮੇਰਾ ਮਾਲਕ ਹੀ ਜਾਣ ਸਕਦਾ ਹੈ, ਹੋਰ ਕੋਈ ਇਸ ਦੁੱਖ ਦਾ ਅਹਿਸਾਸ ਨਹੀਂ ਕਰ ਸਕਦਾ।

*ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ*
*ਜਿਉ ਤ੍ਰਿਖਾਵੰਤੁ ਬਿਨੁ ਨੀਰ ॥ ੧ ॥*
*ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥*
*ਹਮਰੀ ਬੇਦਨ ਹਰਿ ਪ੍ਰਭੁ ਜਾਨੈ*
*ਮੇਰੇ ਮਨ ਅੰਤਰ ਕੀ ਪੀਰ ॥ ੧ ॥ ਰਹਾਉ ॥*
*ਅੰਗ- ੮੬੧*

ਇਕ ਹੋਰ ਸ਼ਬਦ ਵਿਚ ਆਪ ਜੀ ਪ੍ਰੀਤਮ ਪਿਆਰ ਦਾ ਪ੍ਰਗਟਾਵਾ ਕਰਦੇ, ਮਾਂ ਨੂੰ ਸੰਬੋਧਨ ਕਰਦੇ ਫੁਰਮਾਉਂਦੇ ਹਨ ਕਿ ਹੁਣ ਉਸ ਪ੍ਰੀਤਮ ਬਿਨਾਂ ਇਕ ਖਿਨ ਪਲ ਬਿਤਾਉਣਾ ਵੀ ਕਠਨ ਹੋ ਗਿਆ ਹੈ। ਮੇਰੀ ਮਾਂ, ਮੈਨੂੰ ਦਸ, ਮੇਰਾ ਪਿਆਰਾ ਰਾਮ ਕਿਥੇ ਹੈ? ਜਿਵੇਂ ਭੌਰਾ ਕੋਲ ਫੁੱਲ ਤੋਂ ਬਿਨਾਂ ਨਹੀਂ ਰਹਿ ਸਕਦਾ, ਤਿਵੇਂ ਮੈਥੋਂ ਵੀ ਤੇਰੇ ਦਰਸ਼ਨਾਂ ਤੋਂ ਬਿਨਾਂ ਰਿਹਾ ਨਹੀਂ ਜਾ ਸਕਦਾ। ਸ਼ਬਦ ਇਸ ਪ੍ਰਕਾਰ ਹੈ-

*ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥*
*ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ*
*ਜੈਸੇ ਕਰਹਲੁ ਬੇਲਿ ਰੀਝਾਈ ॥ ੧ ॥ ਰਹਾਉ ॥*
*ਹਮਰਾ ਮਨੁ ਬੈਰਾਗ ਬਿਰਕਤੁ ਭਇਓ*
*ਹਰਿ ਦਰਸਨ ਮੀਤ ਕੈ ਤਾਈ ॥*
*ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ*
*ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥ ਅੰਗ- ੩੭੦*

ਵਿਛੋੜੇ ਦਾ ਅਨੁਭਵ ਮਿਲਾਪ ਦੀ ਤੜਪ ਪੈਦਾ ਕਰਦਾ ਹੈ ਅਤੇ ਇਸ ਭਾਵਨਾ ਦੇ ਉਤਪੰਨ ਹੋਣ ਉਪਰੰਤ ਮਨੁੱਖ ਰਸਤੇ ਦੀ ਭਾਲ ਕਰਦਾ ਹੈ, ਪੁਛਦਾ ਫਿਰਦਾ ਹੈ ਕਿ ਕੋਈ ਉਸ ਦੀ ਇਸ ਜਗਿਆਸਾ ਦੀ ਪੂਰਤੀ ਵਿਚ ਸਹਾਇਤਾ ਕਰੇ, ਉਸ ਦੇ ਦੇਸ ਦੀ ਸੂਹ ਦੇਵੇ, ਰਾਹ ਦੱਸੇ, ਮਾਰਗ ਦਰਸ਼ਨ ਕਰੇ। ਇਸ ਅਹਿਸਾਨ ਬਦਲੇ ਉਹ ਆਪਣਾ ਸਭ ਕੁਝ ਦੇਣ ਲਈ ਤਿਆਰ ਹੈ। ਉਹ ਤਰਲਾ ਲੈਂਦੀ ਹੈ ਕਿ ਮੈਂ ਆਪਣਾ ਹਿਰਦਾ ਮਨ, ਤਨ ਸਭ ਕੁਝ ਅਰਪਣ ਕਰ ਦਿਆਂ, ਵਿਚੋਲੇ ਦੀ ਇਜ਼ਤ ਮਾਣ ਹਿਤ ਆਪਣਾ ਸੀਸ ਉਸ ਦੇ ਚਰਨਾਂ ਤੇ ਰਖ ਦਿਆਂ। ਜੇ ਕੋਈ ਕ੍ਰਿਪਾ ਕਰ ਕੇ ਮੈਨੂੰ ਮੇਰੇ ਪ੍ਰੀਤਮ ਦਾ ਨਿਮਖ ਦਰਸ ਬਖਸ਼ਿਸ਼ ਕਰਾ ਦੇਵੇ ਤਾਂ ਮੈਂ ਬਿਨਾਂ ਕਿਸੇ ਕੀਮਤ ਉਸ ਦਾ ਗੁਲਾਮ ਬਣਨ ਲਈ ਤਿਆਰ ਹਾਂ -

*ਪੂਛਉ ਪੂਛਉ ਦੀਨ ਭਾਂਤਿ ਕਰਿ*
*ਕੋਊ ਕਹੈ ਪ੍ਰਿਅ ਦੇਸਾਂਗਿਓ ॥*
*ਹੀਂਉ ਦੇਂਉ ਸਭੁ ਮਨੁ ਤਨੁ ਅਰਪਉ*
*ਸੀਸੁ ਚਰਣ ਪਰਿ ਰਾਖਿਓ ॥ ੨ ॥*
*ਚਰਣ ਬੰਦਨਾ ਅਮੋਲ ਦਾਸਰੋ*
*ਦੇਂਉ ਸਾਧਸੰਗਤਿ ਅਰਦਾਗਿਓ ॥*
*ਕਰਹੁ ਕ੍ਰਿਪਾ ਮੋਹਿ ਪ੍ਰਭੂ ਮਿਲਾਵਹੁ*
*ਨਿਮਖ ਦਰਸੁ ਪੇਖਾਗਿਓ ॥ ਅੰਗ- ੧੦੨੩*

ਆਪਣੇ ਬਲਬੋਤੇ ਇਹ ਦਰਸ਼ਨ ਸੰਭਵ ਨਹੀਂ। ਪ੍ਰਭੂ ਪਿਆਰ ਦਾ ਐਸਾ ਹੀ ਵਿਧਾਨ ਹੈ। ਇਸਤ੍ਰੀ ਤਾਂ ਨਿਮਾਣੀ ਨਿਤਾਨੀ ਹੋ ਕੇ ਹੀ ਉਸ ਦੇ ਦਰ ਤੇ ਪੁਜ ਸਕਦੀ ਹੈ, ਹਉ ਆਸਰਿਤ ਇਹ ਮਿਲਾਪ ਸੰਭਵ ਨਹੀਂ ਕਿਉਂਕਿ 'ਹਉ' ਦੀ ਭਾਵਨਾ ਅਰਥਾਤ 'ਹਉਮੈ' ਦਾ ਮੋਤੀਆਬਿੰਦ ਉਤਰਿਆ ਹੋਇਆ ਹੈ ਜਿਸ ਕਾਰਨ ਜੀਵ ਰੂਪੀ ਇਸਤ੍ਰੀ ਦੁਜਾਇਗੀ ਦੀ ਭਾਵਨਾ ਵਿਚ ਖੁਆਰ ਹੁੰਦੀ ਹੈ, ਮਾਇਆ ਦੇ ਮੋਹ ਵਿਚ ਪ੍ਰੀਤਮ ਪਿਆਰ ਨੂੰ ਭੁਲੀ ਫਿਰਦੀ ਹੈ, ਕੂੜ ਦੀ ਦੁਨੀਆਂ ਵਿਚ ਬਰਬਾਦ ਹੋ ਰਹੀ ਹੈ। ਇਸ ਲਈ ਪਤੀ ਨੇ ਉਸ ਨੂੰ ਛੱਡ ਦਿਤਾ ਹੈ। ਇਹ ਮੁੱਖ ਕਾਰਨ ਹੈ ਵਿਛੜਨ ਦਾ ਜਿਸ ਦਾ ਜ਼ਿਕਰ ਸ੍ਰੀ ਗੁਰੂ ਅਮਰਦਾਸ ਜੀ ਕਰਦੇ ਹਨ -

*ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥*
*ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ ॥*
*ਬਿਨੁ ਸਬਦ ਪਿਆਰੇ ਕਉਣੁ ਦੁਤਰੁ ਤਾਰੇ*
*ਮਾਇਆ ਮੋਹਿ ਖੁਆਈ ॥*
*ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ ॥*
*ਅੰਗ- ੨੪੪*

'ਦੂਜੇ ਭਾਇ' ਵਿਚ ਜਾਂ 'ਮਾਇਆ ਮੋਹਿ' ਵਿਚ 'ਕੂੜ ਵਿਗੁਤੀ' ਨੇ ਪਤੀ ਦਾ ਪਿਆਰ ਗਵਾ ਲਿਆ। ਪਤੀ ਦੂਰ ਨਹੀਂ, ਅੰਦਰ ਹੀ ਵਸਦਾ ਹੈ। ਪ੍ਰਮਾਤਮਾ ਆਤਮਾ ਨਾਲੋਂ ਅੱਡ ਨਹੀਂ, ਜੀਵ ਇਸਤ੍ਰੀ ਪ੍ਰਿਅ ਪ੍ਰੀਤਮ ਸੰਗ ਹੀ ਵਸਦੀ ਹੈ ਪਰ ਆਪਣੀ ਭੁੱਲ ਕਾਰਨ ਜੀਵ ਇਸਤ੍ਰੀ ਨੇ ਪ੍ਰਭੂ ਅਤੇ ਆਪਣੇ ਆਪੇ ਵਿਚਕਾਰ ਹਉਮੈ ਦੀ ਦੀਵਾਰ ਖੜ੍ਹੀ ਕਰ ਲਈ ਹੈ। ਦੋਵੇਂ ਇਕ ਥਾਂ ਵਸਦੇ ਹਨ ਪਰ ਦੂਰ-ਦੂਰ ਹਨ, ਮਿਲਦੇ ਨਹੀ-

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥* *ਅੰਗ- ੧੨੬੩*

'ਹਉਮੈ' ਦੀ ਇਹ ਕਰੜੀ ਦੀਵਾਰ ਤੋੜਨ ਲਈ ਮਨ ਦੀ ਅਵਸਥਾ ਬਦਲਣੀ ਪੈਂਦੀ ਹੈ। ਜਿਨ੍ਹਾਂ ਪ੍ਰਾਪਤ ਪਦਾਰਥਾਂ ਤੇ ਜੀਵ-ਰੂਪੀ ਇਸਤ੍ਰੀ ਮਾਣ ਕਰਦੀ ਹੈ ਉਨ੍ਹਾਂ ਦੀ ਨਿਸ਼ਾਨ-ਦੇਹੀ ਕਰਨੀ ਹੋਵੇਗੀ। ਜਿਵੇਂ ਸੁੰਦਰ ਰੂਪ, ਸ੍ਰੇਸ਼ਠ ਬੁੱਧੀ, ਬਲ, ਧਨ, ਜੋਬਨ, ਦੁਨਿਆਵੀ ਆਸਰੇ ਇਨ੍ਹਾਂ ਸਭਨਾਂ ਦਾ ਮਾਣ ਹੁੰਦਾ ਹੈ। ਇਨ੍ਹਾਂ ਸਭ ਪ੍ਰਾਪਤੀਆਂ ਦਾ ਮਾਣ ਤਿਆਗ ਕੇ ਨਿੰਮਰ ਭਾਵਨਾ ਵਿਚ, ਅਨਾਥ ਬਿਰਤੀ ਵਿਚ, ਬੈਰਾਗਣ ਹੋ ਕੇ, ਪ੍ਰੀਤਮ ਨੂੰ ਦਇਆਲੂ ਅਤੇ ਕ੍ਰਿਪਾਲੂ ਪ੍ਰਭੂ ਮੰਨ ਕੇ ਮਿਲਾਪ ਲਈ ਤਰਲਾ ਕਰਨ ਦੀ ਲੋੜ ਹੈ ਜਿਸ ਦੀ ਜਾਚ ਸ੍ਰੀ ਗੁਰੂ ਅਰਜਨ ਦੇਵ ਜੀ ਸਿਖਾਂਦੇ ਫੁਰਮਾਨ ਕਰਦੇ ਹਨ -

*ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥੧॥ ਰਹਾਉ ॥*
*ਰੂਪ ਹੀਨ ਬੁਧਿ ਬਲ ਹੀਨੀ*
*ਮੋਹਿ ਪਰਦੇਸਨਿ ਦੂਰ ਤੇ ਆਈ ॥ ੧ ॥*
*ਨਾਹਿਨ ਦਰਬੁ ਨ ਜੋਬਨ ਮਾਤੀ*
*ਮੋਹਿ ਅਨਾਥ ਕੀ ਕਰਹੁ ਸਮਾਈ ॥ ੨ ॥*
*ਖੋਜਤ ਖੋਜਤ ਭਈ ਬੈਰਾਗਨਿ*
*ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥ ੩ ॥*
*ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ*
*ਸਾਧਸੰਗਿ ਮੇਰੀ ਜਲਨਿ ਬੁਝਾਈ ॥* *ਅੰਗ- ੨੦੪*

ਮਿਲਾਪ ਕਿਵੇਂ ਸੰਭਵ ਹੋਵੇ? ਇਸ ਦੀ ਅਗਵਾਈ ਕਰਦੇ ਸ੍ਰੀ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਸਹੁ ਦੀ ਪ੍ਰਾਪਤੀ ਦਾ ਤਰੀਕਾ ਤਾਂ ਕਿਸੇ ਸੁਹਾਗਣ ਤੋਂ ਪੁਛਣਾ ਚਾਹੀਦਾ ਹੈ। ਇਹ ਪੁਛੋ ਕਿ ਉਸ ਨੇ ਪ੍ਰਭੂ ਪਿਆਰ ਕਿਵੇਂ ਪ੍ਰਾਪਤ ਕੀਤਾ। ਜਦੋਂ ਜਗਿਆਸੂ ਸੁਹਾਗਣ ਤੋਂ ਐਸੀ ਬਾਤ ਪੁਛਦਾ ਹੈ ਤਾਂ ਉਤਰ ਵਿਚ ਸੁਹਾਗਣ ਦਸਦੀ ਹੈ ਕਿ ਪ੍ਰਭੂ ਪ੍ਰਾਪਤੀ ਦਾ ਮਾਰਗ ਤਿਆਗ ਕੇ ਉਸ ਦੇ 'ਹੁਕਮ' ਵਿਚ ਰਜ਼ਾ ਵਿਚ ਚਲਣਾ ਸਿਖੀਏ। ਇਹ ਪ੍ਰੇਮ ਦਾ ਮਾਰਗ ਹੈ। 'ਜਿਨ ਪ੍ਰੇਮ ਕੀਉ, ਤਿਨ ਹੀ ਪ੍ਰਭੁ ਪਾਇਓ।' ਜਿਸ ਨਾਲ ਪਿਆਰ ਹੈ ਹਰ ਸਮੇਂ ਉਸ ਦੇ ਚਰਨਾਂ ਵਿਚ ਧਿਆਨ ਜੁੜਿਆ ਰਹੇ।

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ- ੯੧੮*

ਆਦੇਸ਼ ਅਨੁਸਾਰ ਪੂਰਨ ਤਿਆਗ ਅਤੇ ਸਮਰਪਣ ਦੀ ਬਿਰਤੀ ਧਾਰਨ ਕੀਤੀ ਜਾਵੇ, ਇਸਤ੍ਰੀ ਪ੍ਰਭੂ-ਪਤੀ ਦੇ ਹੁਕਮ ਦੀ ਪਾਲਣਾ ਨੂੰ ਆਪਣਾ ਸ਼ਿੰਗਾਰ ਬਣਾਵੇ। ਐਸਾ ਹੀ ਗੁਰੂ ਜੀ ਦਾ ਆਦੇਸ਼ ਹੈ -

*ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥*
*ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ*
*ਹਿਕਮਤਿ ਹੁਕਮੁ ਚੁਕਾਈਐ ॥*
*ਜਾ ਕੈ ਪ੍ਰੇਮਿ ਪਦਾਰਥੁ ਪਾਈਐ*
*ਤਉ ਚਰਣੀ ਚਿਤੁ ਲਾਈਐ ॥*
*ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ*
*ਐਸਾ ਪਰਮਲੁ ਲਾਈਐ ॥* *ਅੰਗ- ੭੨੨*

ਅਗਲਾ ਪ੍ਰਸ਼ਨ ਇਹ ਹੈ ਕਿ ਕੀ ਔਗੁਣ ਤਿਆਗ ਕੇ ਗੁਣ ਗ੍ਰਹਿਣ ਕਰਨ ਅਤੇ ਆਪਾ ਸਮਰਪਣ ਕਰਨ ਉਪਰੰਤ ਸਹੁ ਦੀ ਪ੍ਰਾਪਤੀ ਆਵਸ਼ੱਕ ਹੈ? ਭਾਵੇਂ ਇਹ ਗੱਲ ਹੈਰਾਨੀ ਜਨਕ ਲੱਗੇ ਪਰ ਉਤਰ ਨਹੀਂ ਵਿਚ ਹੈ, ਕਿਉਂਕਿ ਪ੍ਰਾਪਤੀ ਦੀ ਆਖਰੀ ਮੰਜ਼ਿਲ ਨਦਰ ਦੀ ਮੰਜ਼ਿਲ ਹੈ -

*ਜਿਨ ਕਉ ਨਦਰਿ ਕਰਮੁ ਤਿਨ ਕਾਰ ॥*
*ਨਾਨਕ ਨਦਰੀ ਨਦਰਿ ਨਿਹਾਲ ॥* *ਅੰਗ- ੮*

ਜੀਵ ਰੂਪ ਇਸਤ੍ਰੀ ਨੂੰ ਪਤੀ ਪ੍ਰਾਪਤੀ ਗੁਣਾਂ ਦੇ ਸ਼ਿੰਗਾਰ ਕਰ ਕੇ ਨਹੀਂ, ਸਗੋਂ ਨਦਰ ਕਰਕੇ ਹੋਣੀ ਹੈ, ਸੋਹਾਗਣ ਉਹ ਹੈ, ਸਭਰਾਈ ਉਹ ਹੈ ਜੋ ਉਸ ਦੀ ਨਦਰ ਦੀ ਪਾਤਰ ਹੋ ਗਈ। ਇਸ ਲਈ ਜੀਵ-ਰੂਪੀ ਇਸਤ੍ਰੀ ਨੇ ਗੁਰੂ ਦਰਸਾਏ ਮਾਰਗ ਨੂੰ ਧਾਰਨ ਕਰਦਿਆਂ ਟੇਕ ਨਦਰ ਤੇ ਰਖਣੀ ਹੈ -

*ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ*
*ਕਾਮਣਿ ਨਉ ਨਿਧਿ ਪਾਈ ॥*
*ਆਪਣੇ ਕੰਤ ਪਿਆਰੀ ਸਾ ਸੋਹਾਗਣਿ*
*ਨਾਨਕ ਸਾ ਸਭਰਾਈ ॥* *ਅੰਗ- ੭੨੨*

ਚੰਗੇ ਭਾਗਾਂ ਕਾਰਨ ਹੀ ਪ੍ਰਭੂ ਦੀ ਨਦਰ ਦਾ ਪਾਤਰ ਬਣੀਦਾ ਹੈ। ਜੇ ਮਸਤਕ ਦੇ ਭਾਗ ਚੰਗੇ ਹੋਣ ਤਾਂ ਹੀ ਜੀਵ ਰੂਪ ਇਸਤ੍ਰੀ ਨਿੰਮ੍ਰਤਾ ਭਾਵਨਾ ਵਿਚ ਆ ਕੇ ਆਪਾ ਸਮਰਪਨ ਕਰਦੀ ਹੈ ਤੇ ਜਦੋਂ ਸਹੁ ਦੀ ਮਿਹਰ ਦੀ ਨਦਰ ਹੋ ਜਾਵੇ ਤਾਂ ਸ਼ਹੁ-ਪਤੀ

*(ਬਾਕੀ ਪੰਨਾ 55 'ਤੇ)*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-52)*

**ਸਿਰੀਰਾਗੁ ਮਹਲਾ ੩ ॥**
**ਸਹਜੈ ਨੋ ਸਭ ਲੋਚਦੀ**
**ਬਿਨੁ ਗੁਰ ਪਾਇਆ ਨ ਜਾਇ ॥**

ਸਹਜੈ=ਗਿਆਨ ਨੂੰ ਸਾਰੀ ਦੁਨੀਆਂ ਲੋਚਦੀ=ਚਾਹੁੰਦੀ ਹੈ। ਸਤਿਗੁਰਾਂ ਤੋਂ ਬਿਨੁ=ਬਗੈਰ ਬ੍ਰਹਮ ਗਿਆਨ ਪਾਇਆ ਨਹੀਂ ਜਾਂਦਾ। ਜਿਸ ਪ੍ਰਕਾਰ ਜਿਵੇਂ ਬਬੀਹਾ ਬੱਦਲ ਦੇ ਰਾਹੀਂ ਸਵਾਂਤੀ ਬੂੰਦ ਪ੍ਰਾਪਤ ਕਰ ਸਕਦਾ ਹੈ ਭਾਵੇਂ ਕਿਤਨੇ ਸਮੁੰਦਰ ਕਿਤਨੇ ਦਰਿਆ ਪਾਣੀ ਨਾਲ ਭਰੇ ਹੋਣ, ਪਰ ਬਬੀਹੇ ਨੂੰ ਉਹਨਾਂ ਦਾ ਕੋਈ ਲਾਭ ਨਹੀਂ ਹੈ। ਬਬੀਹਾ ਜੇ ਮੂੰਹ ਰਾਹੀਂ ਪਾਣੀ ਪੀਵੇ ਤਾਂ ਕੰਠ ਰਾਹੀਂ ਨਿਕਲ ਜਾਂਦਾ ਹੈ। ਇਸੇ ਪ੍ਰਕਾਰ ਜਿੰਨੇ ਵੇਦ ਸ਼ਾਸਤਰ ਹਨ, ਸਾਰੇ ਸਮੁੰਦਰ ਦੀ ਨਿਆਈਂ ਗਿਆਨ ਦੇ ਭਰੇ ਹੋਏ ਹਨ। ਪਰ ਨਿਰਾ ਅਧਿਕਾਰੀ ਹਣ ਨਾਲ ਦਿਲ ਵਿਚ ਨਹੀਂ ਵਸਦਾ। ਗੁਰੂ ਸਾਹਿਬ ਜੀ ਬੱਦਲ ਦੀ ਨਿਆਈਂ ਹੋ ਕੇ ਉਪਦੇਸ਼ ਰੂਪ ਗਿਆਨ ਦੀ ਸਵਾਂਤੀ ਬੂੰਦ ਦਾ ਮੀਂਹ ਵਰਸਾਉਂਦੇ ਹਨ ਤਾਂ ਸਿੱਖ ਗਿਆਨ ਪ੍ਰਾਪਤ ਕਰਕੇ ਨਿਹਾਲ ਹੋ ਜਾਂਦਾ ਹੈ। ਇਸੇ ਕਰਕੇ ਗੁਰੂ ਜੀ ਕਹਿੰਦੇ ਹਨ ਕਿ ਸਾਰੀ ਦੁਨੀਆਂ ਹੀ ਗਿਆਨ ਨੂੰ ਲੋਚਦੀ=ਚਾਹੁੰਦੀ ਹੈ ਜੋ ਬਿਨਾਂ ਸਤਿਗੁਰਾਂ ਤੋਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ -

**ਪੜਿ ਪੜਿ ਪੰਡਿਤ ਜੋਤਕੀ ਥਕੇ**
**ਭੇਖੀ ਭਰਮਿ ਭੁਲਾਏ ॥**

ਪੜ੍ਹ-ਪੜ੍ਹ ਕੇ ਪੰਡਿਤ=ਵਿਦਵਾਨ ਵੀ ਥੱਕ ਗਏ। ਜੋਤਕੀ=ਜੋਤਸ਼ੀ, ਜੋਤਸ਼ ਲਾ-ਲਾ ਕੇ ਸਮੇਂ ਦਾ ਗਿਆਨ ਕਿ ਕਿਸ ਸਮੇਂ ਹਨ੍ਹੇਰੀ ਆਵੇਗੀ, ਤੂਫਾਨ ਆਵੇਗਾ, ਬੱਦਲ ਆਵੇਗਾ, ਕਾਲ ਪਵੇਗਾ। ਇਉਂ ਕਹਿ-ਕਹਿ ਕੇ ਥੱਕ ਚੁੱਕੇ ਹਨ। ਭੇਖੀ ਭਰਮ ਵਿਚ ਭੁੱਲੇ ਹੋਏ ਹਨ ਕਿ ਅਸੀਂ ਭੇਖਾਂ ਨਾਲ ਹੀ ਵੱਡੇ ਬਣ ਜਾਵਾਂਗੇ। ਇਉਂ ਭਰਮ ਵਿਚ ਭੁੱਲਣੇ ਕਰਕੇ ਥੱਕ ਚੁੱਕੇ ਹਨ। ਚਾਰ ਧਾਮਾਂ ਦੇ ਦਰਸ਼ਨ ਕਰਕੇ, ਤੀਰਥਾਂ 'ਤੇ ਵਿਚਰਦੇ ਹੋਏ ਭਰਮ ਕਰਕੇ ਥੱਕ ਚੁੱਕੇ ਹਨ।

**ਗੁਰ ਭੇਟੇ ਸਹਜੁ ਪਾਇਆ**
**ਆਪਣੀ ਕਿਰਪਾ ਕਰੇ ਰਜਾਇ ॥੧॥**

ਸਤਿਗੁਰੂ ਜੀ ਜਿਨ੍ਹਾਂ ਨੂੰ ਭੇਟੇ=ਮਿਲੇ ਹਨ, ਉਨ੍ਹਾਂ ਨੇ ਸਹਜੁ=ਗਿਆਨ ਨੂੰ ਪਾਇਆ ਹੈ। ਜਿਨ੍ਹਾਂ 'ਤੇ ਪਰਮੇਸ਼ਰ ਹੁਕਮ ਚਲਾਉਣ ਵਾਲਾ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਉਹੋ ਹੀ ਵਾਹਿਗੁਰੂ ਦੀ ਰਜਾਇ=ਆਗਿਆ ਵਿਚ ਚਲਦੇ ਹਨ।

**ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥**

ਰੇ-ਹੇ ਭਾਈ! ਸਤਿਗੁਰੂ ਸਾਹਿਬ ਜੀ ਦੀ ਕ੍ਰਿਪਾ ਤੋਂ ਬਿਨੁ=ਬਿਨਾਂ ਕਿਸੇ ਨੂੰ ਸਹਜੁ=ਗਿਆਨ ਪ੍ਰਾਪਤ ਨਹੀਂ ਹੋ ਸਕਦਾ।

**ਸਬਦੈ ਹੀ ਤੇ ਸਹਜੁ ਊਪਜੈ**
**ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥**

ਸਤਿਗੁਰੂ ਸਾਹਿਬ ਜੀ ਦੇ ਸਬਦੈ=ਉਪਦੇਸ਼ ਤੇ=ਤੋਂ ਹੀ ਸਹਜੁ=ਗਿਆਨ ਉਪਜੈ=ਪੈਦਾ ਹੁੰਦਾ ਹੈ। ਜਿਹਨਾਂ ਨੂੰ ਗਿਆਨ ਪ੍ਰਾਪਤ ਹੁੰਦਾ ਹੈ, ਉਹਨਾਂ ਨੇ ਸੱਚੇ ਹਰਿ=ਅਕਾਲ ਪੁਰਖ ਵਾਹਿਗੁਰੂ ਨੂੰ ਪਾਇਆ ਹੈ ਅਤੇ ਸੋਇ=ਉਹ ਉਲਟ ਕੇ ਪਰਮੇਸ਼ਰ ਦਾ ਰੂਪ ਹੀ ਹੋ ਗਏ ਹਨ।

**ਸਹਜੇ ਗਾਵਿਆ ਥਾਇ ਪਵੈ**
**ਬਿਨੁ ਸਹਜੈ ਕਥਨੀ ਬਾਦਿ ॥**

ਜਦੋਂ ਸਹਜੇ=ਗਿਆਨ ਹੋਵੇ ਤਾਂ ਹੀ ਪਰਮੇਸ਼ਰ ਦਾ ਜੱਸ ਗਾਵਿਆ=ਗਾਇਆ ਹੋਇਆ, ਪ੍ਰਮੇਸ਼ਰ ਦੀ ਦਰਗਾਹ ਵਿਚ ਥਾਇ=ਥਾਂ ਪਵੈ=ਪੈਂਦਾ ਹੈ ਭਾਵ ਕਬੂਲ ਹੁੰਦਾ ਹੈ। ਬਿਨੁ=ਬਿਨਾਂ ਸਹਜੈ=ਗਿਆਨ ਤੋਂ ਕਥਨੀ=ਕਥਾ ਕਰਨੀ ਇਹ ਵੀ ਇਕ ਬਾਦਿ=ਝਗੜਾ ਹੀ ਹੈ ਅਥਵਾ ਜਿਸ ਨੂੰ ਆਪ ਸਰੂਪ ਦਾ ਸਹਜੈ=ਗਿਆਨ ਨਹੀਂ ਹੋਇਆ, ਉਹਨਾਂ ਦਾ ਕਥਨੀ=ਕਥਨ ਕਰਨਾ ਬਾਦਿ=ਬੇਅਰਥ ਹੀ ਹੈ।

**ਸਹਜੇ ਹੀ ਭਗਤਿ ਊਪਜੈ**
**ਸਹਜਿ ਪਿਆਰਿ ਬੈਰਾਗਿ ॥**

ਸਹਜੇ= ਸਹਿਜ ਵਿਚ ਪ੍ਰਾਪਤ ਗਿਆਨ ਕਰਕੇ ਹੀ ਪਰਮੇਸ਼ਰ ਦੀ ਭਗਤਿ=ਭਗਤੀ ਉਪਜੈ=ਪੈਦਾ ਹੁੰਦੀ ਹੈ ਭਾਵ ਪਰਮੇਸ਼ਰ ਦੀ ਭਗਤੀ ਤਪ ਸਾਧਨਾ ਨਹੀਂ,

ਪਿਆਰ ਸਾਧਨਾ ਹੈ ਜੋ ਜੀਵਨ ਮੁਕਤੀ ਵਾਸਤੇ ਕਰੀਦੀ ਹੈ। ਪਰਮੇਸ਼ਰ ਦਾ ਸਹਜਿ=ਗਿਆਨ ਕਰਕੇ ਹੀ ਪਿਆਰ ਪੈਦਾ ਹੁੰਦਾ ਹੈ ਤੇ ਗਿਆਨ ਕਰਕੇ ਹੀ ਪਦਾਰਥਾਂ ਵਲੋਂ ਵੈਰਾਗ ਹੁੰਦਾ ਹੈ। ਜਿਵੇਂ ਮਨੁੱਖ ਦਾ ਗੁਣ ਜਾਂ ਰੂਪ ਪਹਿਲਾਂ ਜਾਣਿਆ ਜਾਵੇ ਤਾਂ ਉਸ ਵਿਚ ਪ੍ਰੀਤੀ ਹੁੰਦੀ ਹੈ, ਉਸੇ ਤਰ੍ਹਾਂ ਪਰਮੇਸ਼ਰ ਦੇ ਗੁਣਾਂ ਦਾ ਪਹਿਲਾਂ ਗਿਆਨ ਹੋਵੇ ਤਾਂ ਉਸ ਦੀ ਭਗਤੀ ਹੁੰਦੀ ਹੈ।

ਸਹਜੈ ਹੀ ਤੇ ਸੁਖ ਸਾਤਿ ਹੋਇ
ਬਿਨੁ ਸਹਜੈ ਜੀਵਣੁ ਬਾਦਿ ॥ ੨ ॥

ਸਹਜੈ=ਅਪਰੋਖ ਗਿਆਨ ਕਰਕੇ ਹੀ ਆਤਮਾਨੰਦ ਸੁਖ ਦੀ ਪ੍ਰਾਪਤੀ ਹੁੰਦੀ ਹੈ। ਸਾਰਿਆਂ ਵਿਸ਼ੇ-ਵਿਕਾਰਾਂ ਦੀਆਂ ਵਾਸ਼ਨਾਵਾਂ ਨਾਸ਼ ਹੋ ਜਾਂਦੀਆਂ ਹਨ ਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਬਿਨਾਂ ਸਹਜੈ=ਗਿਆਨ ਤੋਂ ਜੀਵਨ ਬਾਦਿ=ਵਿਅਰਥ ਹੀ ਹੈ।

ਸਹਜਿ ਸਾਲਾਹੀ ਸਦਾ ਸਦਾ
ਸਹਜਿ ਸਮਾਧਿ ਲਗਾਇ ॥

ਗੁਰਮੁਖ ਜਨ ਸਹਜਿ=ਗਿਆਨ ਕਰਕੇ ਹੀ ਸਦਾ=ਨਿਤ ਰੂਪ ਪਰਮੇਸ਼ਰ ਨੂੰ ਸਦਾ=ਹਮੇਸ਼ਾ ਸਾਲਾਹੀ=ਸਲਾਹੁਣਾ ਕਰਦੇ ਹਨ ਅਤੇ ਸਹਜਿ=ਗਿਆਨ ਕਰਕੇ ਨਿਰਵਿਕਲਪ ਸਮਾਧਿ=ਸਮਾਧੀ ਲਗਾਇ=ਲਾਉਂਦੇ ਹਨ ਭਾਵ ਬਿਰਤੀ ਨੂੰ ਟਿਕਾਉਂਦੇ ਹਨ।

ਸਹਜੇ ਹੀ ਗੁਣ ਊਚਰੈ
ਭਗਤਿ ਕਰੇ ਲਿਵ ਲਾਇ ॥

ਸਹਜੇ=ਗਿਆਨ ਕਰਕੇ ਹੀ ਰਸਨਾ ਦੁਆਰਾ ਪ੍ਰਮੇਸ਼ਰ ਦੇ ਗੁਣਾਂ ਨੂੰ ਉਚਰੈ=ਉਚਾਰਨ ਕਰਦੇ ਹਨ ਅਤੇ ਵਿਦੇਹ ਮੁਕਤੀ ਵਾਸਤੇ ਮਨ ਦੀ ਲਿਵ=ਬਿਰਤੀ ਲਾਇ=ਲਵਾ ਕੇ ਪਰਮੇਸ਼ਰ ਦੀ ਭਗਤਿ=ਭਗਤੀ ਕਰੇ=ਕਰਦੇ ਹਨ।

ਸਬਦੇ ਹੀ ਹਰਿ ਮਨਿ ਵਸੈ
ਰਸਨਾ ਹਰਿ ਰਸੁ ਖਾਇ ॥ ੩ ॥

ਗੁਰੂ ਸਾਹਿਬ ਜੀ ਦੇ ਸਬਦੇ=ਉਪਦੇਸ਼ ਕਰਕੇ ਹੀ ਹਰਿ=ਪਰਮੇਸ਼ਰ ਮਨ ਵਿਚ ਵਸੈ=ਵਸਦਾ ਹੈ। ਉਹਨਾਂ ਦੀ ਰਸਨਾ ਵੀ ਹਰਿ ਰਸੁ=ਹਰੀ ਦੇ ਨਾਲ ਰਸ ਨੂੰ ਖਾਇ=ਖਾਂਦੀ ਭਾਵ ਧਾਰਨ ਕਰਦੀ ਹੈ।

ਸਹਜੇ ਕਾਲੁ ਵਿਡਾਰਿਆ
ਸਚ ਸਰਣਾਈ ਪਾਇ ॥

ਸੱਚੇ ਅਕਾਲ ਪੁਰਖ ਦੀ ਸਰਣਾਈ=ਸ਼ਰਨ ਵਿਚ ਆਪਣੇ ਆਪ ਨੂੰ ਪਾ ਕੇ ਭਾਵ ਸਹਜੇ=ਗਿਆਨ ਕਰਕੇ ਹੀ ਕਾਲ ਨੂੰ ਵਿਡਾਰਿਆ=ਮੇਟਿਆ ਹੈ ਭਾਵ ਕੱਟਿਆ ਹੈ।

ਸਹਜੇ ਹਰਿ ਨਾਮੁ ਮਨਿ ਵਸਿਆ
ਸਚੀ ਕਾਰ ਕਮਾਇ ॥

ਪਰਮੇਸ਼ਰ ਦਾ ਨਾਮ ਸਹਜੇ=ਗਿਆਨ ਕਰਕੇ ਹੀ ਮਨ ਵਿਚ ਵਸਿਆ=ਵਸਦਾ ਹੈ। ਉਹਨਾਂ ਗੁਰਮੁਖਾਂ ਨੇ ਸੱਚੀ ਪਰਮੇਸ਼ਰ ਦੀ ਕਾਰ ਨਾਮ ਜਪਣਾ ਤੇ ਜਪਾਉਣਾ ਰੂਪ ਕਮਾਇ=ਕਮਾਉਣਾ ਕੀਤੀ ਹੈ।

ਸੇ ਵਡਭਾਗੀ ਜਿਨੀ ਪਾਇਆ
ਸਹਜੇ ਰਹੇ ਸਮਾਇ ॥ ੪ ॥

ਸੇ=ਉਹ ਵਡਭਾਗੀ=ਵੱਡਿਆ ਭਾਗਾਂ ਵਾਲੇ ਹਨ, ਜਿਨੀ=ਜਿਨ੍ਹਾਂ ਨੇ ਪ੍ਰਭੂ ਅਕਾਲ ਪੁਰਖ ਨੂੰ ਪਾਇਆ=ਪਾ ਲਿਆ ਹੈ। ਉਹ ਹਰ ਵਕਤ ਸਹਜੇ=ਸੁਤੇ-ਸਿੱਧ ਪਰਮੇਸ਼ਰ ਨਾਲ ਸਮਾਇ=ਸਮਾਏ ਰਹੇ=ਰਹਿੰਦੇ ਹਨ ਭਾਵ ਮਿਲੇ ਹੋਏ ਹਨ।

ਮਾਇਆ ਵਿਚਿ ਸਹਜੁ ਨ ਊਪਜੈ
ਮਾਇਆ ਦੂਜੈ ਭਾਇ ॥

ਜਿੰਨਾ ਚਿਰ ਮਾਇਆ ਵਿਚ ਚਿੱਤ ਲੱਗਿਆ ਹੋਇਆ ਹੈ, ਉਤਨਾ ਚਿਰ ਸਹਜੁ=ਗਿਆਨ ਨ=ਨਹੀਂ ਉਪਜੈ=ਪੈਦਾ ਹੋ ਸਕਦਾ। ਮਾਇਆ ਕਰਕੇ ਹੀ ਦੂਜੈ ਭਾਇ=ਦਵੈਤ ਭਾਵ ਵਿਚ ਚਿੱਤ ਲੱਗਾ ਹੋਇਆ ਹੈ। ਦੂਜੀਆਂ ਚੀਜ਼ਾਂ ਵਿਚ ਹੀ ਪ੍ਰੇਮ ਕਰਦਾ ਹੈ।

ਮਨਮੁਖ ਕਰਮ ਕਮਾਵਣੇ
ਹਉਮੈ ਜਲੈ ਜਲਾਇ ॥

ਮਨਮੁਖ ਲੋਕ ਨਿੱਤ, ਨਮਿੱਤ, ਪ੍ਰਾਸ਼ਚਿੱਤ, ਨਿਖੇਧ ਕਰਮਾਂ ਨੂੰ ਕਮਾਉਂਦੇ ਹਨ। ਉਹ ਆਪ ਹਉਮੈ=ਹੰਗਤਾ ਦੀ ਅਗਨੀ ਵਿਚ ਜਲੈ=ਸੜਦੇ ਹਨ ਤੇ ਹੋਰਨਾਂ ਨੂੰ ਵੀ ਤਰਕਾਂ ਮਾਰਨ ਰੂਪ ਜਲਾਇ=ਸਾੜਦੇ ਹਨ।

ਜੰਮਣੁ ਮਰਣੁ ਨ ਚੂਕਈ
ਫਿਰਿ ਫਿਰਿ ਆਵੈ ਜਾਇ ॥ ੫ ॥

ਐਸੇ ਪੁਰਖਾਂ ਦਾ ਜੰਮਣ ਮਰਨ ਸਿਰ ਤੋਂ ਚੂਕਈ=ਚੁੱਕਿਆ ਨਹੀਂ ਜਾਂਦਾ। ਚਉਰਾਸੀ ਦੇ ਫੇਰਿਆਂ ਵਿਚ ਹਲਟ ਦੀਆਂ ਟਿੰਡਾਂ ਦੀ ਤਰ੍ਹਾਂ ਫਿਰਿ-ਫਿਰਿ=ਮੁੜ-ਮੁੜ ਕੇ ਆਵੈ=ਆਉਂਦੇ ਜਾਇ=ਜਾਂਦੇ ਰਹਿੰਦੇ ਹਨ।

ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ
ਤ੍ਰੈ ਗੁਣ ਭਰਮਿ ਭੁਲਾਇ ॥

ਤ੍ਰਿਹੁ=ਤਿੰਨ ਗੁਣਾਂ (ਰਾਜਸੀ, ਤਾਮਸੀ, ਸਾਤਕੀ) ਵਿਚ ਰਹਿਣ ਕਰਕੇ ਤੁਰੀਆ ਪਦ ਰੂਪੀ ਸਹਜੁ=ਗਿਆਨ ਨ=ਨਹੀਂ ਪਾਈਐ=ਪਾਈਦਾ, ਤ੍ਰੈ ਗੁਣ=ਤਿੰਨ ਗੁਣਾਂ ਦੀ ਉਪਾਸ਼ਨਾ ਕਰਨ ਵਾਲੇ ਜੀਵ ਭਰਮ ਵਿਚ ਭੁਲਾਇ=ਭੁੱਲੇ ਫਿਰਦੇ ਹਨ।

ਪੜੀਐ ਗੁਣੀਐ ਕਿਆ ਕਥੀਐ
ਜਾ ਮੁੰਢਹੁ ਘੁਥਾ ਜਾਇ ॥

ਉਹ ਉਤਨਾ ਚਿਰ ਵੇਦਾਂ ਨੂੰ ਪੜੀਐ=ਪੜ੍ਹ ਕੇ ਅਰਥਾਂ ਨੂੰ ਗੁਣੀਥੈ=ਵਿਚਾਰ ਕੇ ਤੇ ਹੋਰਨਾਂ ਨੂੰ ਕਥਾ ਕਰਨ ਵਾਲੇ ਹੋ ਕੇ ਕਿਆ=ਕੀ ਕਥੀਐ=ਕਥਨ ਕਰਨਗੇ, ਜਾ=ਜਿਹੜੇ ਮੁੰਢਹੁ=ਮੁੱਢ ਤੋਂ ਭਾਵ ਜਨਮ ਤੋਂ ਹੀ ਪਰਮੇਸ਼ਰ ਨੂੰ ਘੁਥਾ=ਭੁੱਲ ਜਾਇ=ਜਾਂਦੇ ਹਨ ਵਾ: ਮੂਲ ਰੂਪ ਜੋ ਪਰਮੇਸ਼ਰ ਹੈ ਉਸ ਤੋਂ ਘੁਥਾ=ਭੁੱਲੇ ਹੋਇਆਂ ਦਾ ਜੀਵਨ ਜਾਇ=ਜਾ ਰਿਹਾ ਹੈ।

ਚਉਥੇ ਪਦ ਮਹਿ ਸਹਜੁ ਹੈ
ਗੁਰਮੁਖਿ ਪਲੈ ਪਾਇ ॥ ੬ ॥

ਜੋ ਚਉਥੇ ਪਦ=ਤੁਰੀਆ ਪਦ ਸਾਖੀ ਰੂਪ ਹੈ, ਉਸ ਦੇ ਮਹਿ=ਵਿਚ ਪਰਮੇਸ਼ਰ ਦੇ ਸਰੂਪ ਦਾ ਸਹਜੁ=ਗਿਆਨ ਹੈ। ਗੁਰੂ ਸਾਹਿਬ ਜੀ ਦੀ ਕ੍ਰਿਪਾ ਦੁਆਰਾ ਗੁਰਮੁਖਾਂ ਦੇ ਹਿਰਦੇ ਰੂਪ ਪੱਲੇ ਵਿਚ ਪਾਇ=ਪੈਂਦਾ ਹੈ ਭਾਵ ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ।

ਨਿਰਗੁਣ ਨਾਮੁ ਨਿਧਾਨੁ ਹੈ
ਸਹਜੇ ਸੋਝੀ ਹੋਇ ॥

ਹੇ ਨਿਰਗੁਣ=ਗੁਣਾਂ ਤੋਂ ਰਹਿਤ ਜੀਵ! ਪਰਮੇਸ਼ਰ ਦਾ ਨਾਮ ਹੀ ਅਸਲੀ ਨਿਧਾਨੁ=ਖਜ਼ਾਨਾ ਹੈ ਵਾ: ਨਿਰਗੁਣ=ਤਿੰਨਾਂ ਗੁਣਾਂ ਤੋਂ ਅਤੀਤ ਨਿਰਾਕਾਰ ਸਰੂਪ ਪਰਮੇਸ਼ਰ ਦਾ ਨਾਮ ਸਭ ਨਿਧੀਆਂ ਤੇ ਸੁਖਾਂ ਦਾ ਖਜ਼ਾਨਾ ਹੈ ਪਰ ਸਹਜੇ=ਗਿਆਨ ਦੁਆਰਾ ਹੀ ਉਸ ਦੀ ਸੋਝੀ=ਸਮਝ ਹੋਇ=ਹੁੰਦੀ ਹੈ।

ਗੁਣਵੰਤੀ ਸਾਲਾਹਿਆ
ਸਚੇ ਸਚੀ ਸੋਇ ॥

ਜਿਹੜੇ ਗੁਣਵੰਤੀ=ਗੁਣਾਂ ਦੇ ਸਹਿਤ ਮਹਾਤਮਾ ਜਨ ਹਨ, ਉਨ੍ਹਾਂ ਨੇ ਹੀ ਪਰਮੇਸ਼ਰ ਦੇ ਨਾਮ ਦੀ ਸਾਲਾਹਿਆ=ਸਿਫ਼ਤ ਕੀਤੀ ਹੈ, ਜਿਸ ਨਾਲ ਉਨ੍ਹਾ ਸੱਚੇ ਸਤਿਪੁਰਸ਼ਾਂ ਦੀ ਲੋਕ ਪਰਲੋਕ ਵਿਚ ਸੱਚੀ ਸੋਇ=ਸ਼ੋਭਾ ਹੁੰਦੀ ਹੈ।

ਭੁਲਿਆ ਸਹਜਿ ਮਿਲਾਇਸੀ
ਸਬਦਿ ਮਿਲਾਵਾ ਹੋਇ ॥ ੭ ॥

ਜਿਹੜੇ ਜੀਵ ਅਗਿਆਨ ਕਰਕੇ ਭਰਮ ਵਿਚ ਭੁੱਲੇ ਹੋਏ ਹਨ, ਗੁਰੂ ਸਾਹਿਬ ਉਨ੍ਹਾਂ ਨੂੰ ਸਹਜਿ=ਗਿਆਨ ਦੁਆਰਾ ਸ਼ਾਂਤੀ ਦੇ ਕੇ ਆਪਣੇ ਨਿਜ ਸਰੂਪ ਵਿਚ ਪਹਿਲਾਂ ਵੀ ਮਿਲਾਇਸੀ=ਮਿਲਾਉਂਦੇ ਸੀ, ਹੁਣ ਵੀ ਮਿਲਾ ਰਹੇ ਹਨ ਅਤੇ ਅੱਗੇ ਨੂੰ ਵੀ ਮਿਲਾਉਂਦੇ ਰਹਿਣਗੇ ਜਿਸ ਕਰਕੇ ਸਤਿਗੁਰੂ ਦੇ ਸਬਦਿ=ਉਪਦੇਸ਼ ਦੁਆਰਾ ਵਾਹਿਗੁਰੂ ਦੇ ਸਰੂਪ ਵਿਚ ਮਿਲਾਵਾ=ਮਿਲਾਪ ਭਾਵ ਅਭੇਦਤਾ ਹੋ ਜਾਂਦੀ ਹੈ।

ਬਿਨੁ ਸਹਜੈ ਸਭੁ ਅੰਧੁ ਹੈ
ਮਾਇਆ ਮੋਹੁ ਗੁਬਾਰੁ ॥

ਸਹਜੈ=ਗਿਆਨ ਤੋਂ ਬਿਨੁ=ਬਗੈਰ ਸਭੁ=ਸਾਰੇ ਮਨ ਬੁੱਧ ਰੂਪ ਨੇਤਰਾਂ ਤੋਂ ਬਿਨਾਂ ਵੀਚਾਰ ਰੂਪੀ ਨਿਗ੍ਹਾ ਤੋਂ ਹੀਣੇ ਅੰਧੁ=ਅੰਨ੍ਹੇ ਹੀ ਹਨ ਅਤੇ ਮਾਇਆ ਦੇ ਮੋਹ ਕਾਰਨ ਅਗਿਆਨ ਦੇ ਗੁਬਾਰੁ=ਗੂੜ੍ਹੇ ਹਨ੍ਹੇਰੇ ਵਿਚ ਪਏ ਹੋਏ ਹਨ।

ਸਹਜੇ ਹੀ ਸੋਝੀ ਪਈ
ਸਚੈ ਸਬਦਿ ਅਪਾਰਿ ॥

ਜਿਨ੍ਹਾਂ ਦੇ ਹਿਰਦੇ ਅੰਦਰ ਸਹਜੇ=ਗਿਆਨ ਹੈ, ਉਨ੍ਹਾਂ ਨੂੰ ਹੀ ਪਰਮੇਸ਼ਰ ਦੇ ਸਰੂਪ ਦੀ ਸੋਝੀ=ਸਮਝ ਪਈ=ਪੈਂਦੀ ਹੈ, ਐਸੇ ਜੀਵ ਹੀ ਸਚੈ=ਸੱਚੇ ਤੇ ਅਪਾਰਿ=ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੇ ਸਬਦਿ=ਉਪਦੇਸ਼ ਦੀ ਕਮਾਈ ਕਰਦੇ ਹਨ।

ਆਪੇ ਬਖਸਿ ਮਿਲਾਇਅਨੁ
ਪੂਰੇ ਗੁਰ ਕਰਤਾਰਿ ॥ ੮ ॥

ਉਨ੍ਹਾਂ ਨੂੰ ਪੂਰੇ ਸਤਿਗੁਰੂ ਦੁਆਰਾ ਕਰਤਾਰਿ=ਪਰਮੇਸ਼ਰ ਵਾਹਿਗੁਰੂ ਨੇ ਆਪ ਹੀ ਬਖਸਿ=ਮਿਹਰ ਕਰ ਕੇ ਆਪਣੇ ਸਰੂਪ ਵਿਚ ਮਿਲਾਇਅਨੁ=ਅਭੇਦ ਕਰ ਲੈਣਾ ਕੀਤਾ ਹੈ।

ਸਹਜੇ ਅਦਿਸਟੁ ਪਛਾਣੀਐ
ਨਿਰਭਉ ਜੋਤਿ ਨਿਰੰਕਾਰੁ ॥

ਅਦਿਸਟੁ=ਜੋ ਦਿਸਣ ਤੋਂ ਰਹਿਤ ਬ੍ਰਹਮ ਹੈ, ਉਸ ਨੂੰ ਸਹਜੇ=ਸਹਿਜ ਵਿਚ ਗਿਆਨ ਦੁਆਰਾ ਹੀ ਪਛਾਣੀਦਾ ਹੈ। ਉਹ ਪਰਮੇਸ਼ਰ ਨਿਰਭਉ=ਡਰ ਤੋਂ ਰਹਿਤ ਸਰੂਪ ਹੈ। ਨਿਰੰਕਾਰੁ=ਮਾਇਕੀ ਆਕਾਰਾਂ ਤੋਂ ਵੀ ਰਹਿਤ ਹੈ ਅਤੇ ਜੋਤਿ=ਪ੍ਰਕਾਸ਼ ਸਰੂਪ ਹੈ ਅਥਵਾ ਉਸ ਦਾ ਸਾਰਿਆਂ ਉਤੇ ਜੋਤਿ=ਪ੍ਰਕਾਸ਼ ਹੈ। ਅੰਤਹਕਰਨ ਵਿਚ, ਨੇਤਰਾਂ, ਚੰਦ ਸੂਰਜ, ਬਿਰਤੀ,

ਪ੍ਰਕਿਰਤੀ, ਮਾਇਆ, ਸਾਰੇ ਖੰਡਾਂ ਬ੍ਰਹਿਮੰਡਾਂ ਆਦਿ ਵਿਚ ਵੀ ਉਸ ਦਾ ਹੀ ਪ੍ਰਕਾਸ਼ ਹੈ ਵਾ: ਉਹ ਆਪ ਸ੍ਵਯੰ ਪ੍ਰਕਾਸ਼ ਸਰੂਪ ਹੈ।

ਸਭਨਾ ਜੀਆ ਕਾ ਇਕੁ ਦਾਤਾ
ਜੋਤੀ ਜੋਤਿ ਮਿਲਾਵਣਹਾਰੁ ॥

ਉਹ ਸਭਨਾ=ਸਾਰਿਆਂ ਜੀਵਾਂ ਕਾ=ਦਾ ਦਾਤਾ=ਦਾਤਾਂ ਦੇਣ ਵਾਲਾ ਇਕੁ=ਅਦੁੱਤੀ ਸਰੂਪ ਪਰਮੇਸ਼ਰ ਹੈ ਤੇ ਉਹ ਜੋਤੀ ਅਦ੍ਵੈਤ ਸਰੂਪ ਪਰਮੇਸ਼ਰ ਜੀਵਾਂ ਦੀ ਪ੍ਰਤਖ ਜੋਤ ਨੂੰ ਆਪਣੇ ਸਰੂਪ ਵਿਚ ਮਿਲਾਉਣ ਵਾਲਾ ਹੈ।

ਪੂਰੈ ਸਬਦਿ ਸਲਾਹੀਐ
ਜਿਸ ਦਾ ਅੰਤੁ ਨ ਪਾਰਾਵਾਰੁ ॥ ੯ ॥

ਪੂਰੇ ਸਤਿਗੁਰੂ ਜੀ ਦੇ ਸਬਦਿ=ਉਪਦੇਸ਼ ਦੁਆਰਾ ਹੀ ਉਸ ਦੀ ਸਲਾਹੀਐ= ਸਿਫਤ ਕੀਤੀ ਜਾਂਦੀ ਹੈ, ਜਿਸ ਪਰਮੇਸ਼ਰ ਦਾ ਲੋਕ-ਪਰਲੋਕ ਵਿਚ ਆਰ ਪਾਰ ਕਰਕੇ ਅੰਤ ਨਹੀਂ ਪਾਇਆ ਜਾ ਸਕਦਾ।

ਗਿਆਨੀਆ ਕਾ ਧਨੁ ਨਾਮੁ ਹੈ
ਸਹਜਿ ਕਰਹਿ ਵਾਪਾਰੁ ॥

ਗਿਆਨੀਆ=ਗਿਆਨਵਾਨ ਪੁਰਸ਼ਾਂ ਦਾ ਧਨੁ=ਦੌਲਤ ਖਜ਼ਾਨਾ ਕੇਵਲ ਪਰਮੇਸ਼ਰ ਦਾ ਨਾਮ ਹੀ ਹੈ। ਉਹ ਸਹਜਿ=ਗਿਆਨ ਦੁਆਰਾ ਸ਼ਾਂਤੀ ਪੂਰਬਕ ਰਹਿ ਕੇ ਪਰਮੇਸ਼ਰ ਦੇ ਨਾਮ ਨੂੰ ਜਪਣ ਅਤੇ ਜਪਾਉਣ ਰੂਪ ਵਾਪਾਰੁ=ਵਣਜ ਕਰਦੇ ਹਨ।

ਅਨਦਿਨੁ ਲਾਹਾ ਹਰਿ ਨਾਮੁ ਲੈਨਿ
ਅਖੁਟ ਭਰੇ ਭੰਡਾਰ ॥

ਉਹ ਅਨਦਿਨੁ=ਦਿਨ ਰਾਤ ਹੀ ਹਰਿ=ਹਰੀ ਪਰਮੇਸ਼ਰ ਦੇ ਨਾਮ ਦਾ ਲਾਹਾ=ਲਾਭ ਲੈਂਦੇ ਹਨ। ਪਰਮੇਸ਼ਰ ਨੇ ਉਨ੍ਹਾਂ ਦੇ ਹਿਰਦੇ ਰੂਪੀ ਭੰਡਾਰ=ਖਜ਼ਾਨੇ ਵਿਚ ਅਖੁੱਟ=ਕਦੇ ਵੀ ਨਾ ਖ਼ਤਮ ਹੋਣ ਵਾਲੇ ਸ਼ੁਭ ਗੁਣ ਭਰ ਦਿਤੇ ਹਨ।

ਨਾਨਕ ਤੋਟਿ ਨ ਆਵਈ
ਦੀਏ ਦੇਵਣਹਾਰਿ ॥ ੧੦ ॥ ੬ ॥ ੨੩ ॥

ਸਤਿਗੁਰੂ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਕਰਕੇ ਵੀ ਤੋਟਿ=ਘਾਟਾ ਨਹੀਂ ਆਉਂਦਾ, ਜਿਨ੍ਹਾਂ ਨੂੰ ਦੇਵਣਹਾਰਿ=ਦਾਤਾਂ ਦੇਣ ਵਾਲੇ ਪਰਮੇਸ਼ਰ ਨੇ ਬਖਸ਼ਿਸ਼ ਕਰ ਕੇ ਸ਼ੁਭ ਗੁਣਾਂ ਦੀਆ ਦਾਤਾਂ ਦੇਣੀਆਂ ਕੀਤੀਆਂ ਹਨ।

*'ਚਲਦਾ..........।'*

*(ਪੰਨਾ 51 ਦੀ ਬਾਕੀ)*

ਸਾਰੇ ਗੁਣ ਅਉਗਣ ਦੀ ਵਿਚਾਰ ਛੱਡ ਕੇ ਬਾਂਹ ਤੋਂ ਪਕੜ ਕੇ ਆਪਣੇ ਨਿਕਟ ਬੁਲਾ ਲੈਂਦਾ ਹੈ, ਆਪਣੇ ਕਲਾਵੇ ਵਿਚ ਲੈ ਲੈਂਦਾ ਹੈ -

*ਲਾਲਨੁ ਤੈ ਪਾਇਆ ਆਪੁ ਗਵਾਇਆ*
*ਜੈ ਧਨ ਭਾਗ ਮਥਾਣੇ ॥*
*ਬਾਂਹ ਪਕੜਿ ਠਾਕੁਰਿ ਹਉ ਘਿਧੀ*
*ਗੁਣ ਅਵਗਣ ਨ ਪਛਾਣੇ ॥* *ਅੰਗ- ੭੦੪*

ਇਸ ਵਿਚ ਕੋਈ ਸੰਦੇਹ ਨਹੀਂ ਕਿ ਸਭਨਾ ਜੀਆ ਦਾ ਇਕੋ ਦਾਤਾ ਹੈ, ਸਭਨਾ ਜੀਵ ਰੂਪ ਇਸਤ੍ਰੀਆਂ ਦਾ ਪਤੀ ਵੀ ਇਕੋ ਪ੍ਰਮੇਸ਼ਵਰ ਹੈ, 'ਏਕਾ ਪੁਰਖੁ ਸਬਾਈ ਨਾਰੁ' ਪਰ ਇਸ ਤਰ੍ਹਾਂ ਕਹਿਣ ਮਾਤਰ ਨਾਲ ਤਾਂ ਸਭ ਜੀਵ ਰੂਪੀ ਇਸਤ੍ਰੀਆਂ ਸੁਹਾਗਣਾਂ ਨਹੀਂ ਹੋ ਜਾਂਦੀਆਂ। ਜੋ ਨਦਰ ਦੀਆਂ ਪਾਤਰ ਬਣਦੀਆਂ ਹਨ, ਉਹ ਹੀ ਅਸਲ ਸੁਹਾਗਣਾਂ ਹੁੰਦੀਆਂ ਹਨ, ਗੁਰਵਾਕ ਹੈ -

*ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥*
*ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥*
*ਅੰਗ- ੩੫੧*

ਸੋਹਾਗਣ ਬਣਨ ਲਈ ਸਭ ਤੋਂ ਪਹਿਲਾਂ ਮਨੁੱਖ ਨੂੰ ਆਪੇ ਦੀ ਪਛਾਣ ਹੋਵੇ, ਆਪੇ ਦੀ ਸੋਝੀ ਹੋਵੇ, ਇਹ ਗਿਆਨ ਹਾਸਲ ਹੋਵੇ ਕਿ ਉਹ ਕੌਣ ਹੈ? ਕਿਥੋਂ ਆਇਆ ਹੈ ਅਤੇ ਕਿਥੇ ਜਾਣਾ ਹੈ? ਇਹ ਜਾਣੇ ਕਿ ਮਨੁੱਖ ਕੇਵਲ ਸਰੀਰ, ਮਨ, ਬੁੱਧੀ, ਚਿੱਤ ਹੀ ਨਹੀਂ, ਸਗੋਂ ਇਸ ਦਾ ਅਸਲਾ ਇਸ ਅੰਦਰ ਵਸਦੀ ਆਤਮਾ ਹੈ, ਜੋ ਪਰਮ-ਆਤਮਾ ਦੀ ਅੰਸ਼ ਹੈ, ਜੋਤਿ ਹੈ। ਦੋਹਾਂ ਦਾ ਸਰੂਪ ਅਤੇ ਅਸਲੀਅਤ ਇਕੋ ਹੈ। ਦ੍ਵੈਤ ਭਾਵ ਕਾਰਨ ਇਹ ਸੋਝੀ ਨਹੀਂ ਹੁੰਦੀ, ਸਰੀਰਕ ਲੋੜ ਤਕ ਤਿੰਨ ਗੁਣਾਂ - ਰਜੋ, ਸਤੋ, ਤਮੋ ਵਿਚ ਜ਼ਿੰਦਗੀ ਸੀਮਤ ਹੋ ਕੇ ਰਹਿ ਜਾਂਦੀ ਹੈ। ਜਦੋਂ ਕਿਸੇ ਅਨੁਭਵੀ ਪੁਰਸ਼ ਰਾਹੀਂ, ਗੁਰੂ ਰਾਹੀਂ ਜਾਂ ਗੁਰਬਾਣੀ ਰਾਹੀਂ ਇਹ ਸੋਝੀ ਮਿਲਦੀ ਹੈ ਤਾਂ ਮਨੁੱਖ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਸੁਚੇਤ ਹੋ ਜਾਂਦਾ ਹੈ, ਕਿਰਿਆਸ਼ੀਲ ਹੋ ਜਾਂਦਾ ਹੈ, ਨਾਮ ਬਾਣੀ ਵਲ ਪ੍ਰੇਰਤ ਹੋ ਜਾਂਦਾ ਹੈ, ਅੰਦਰ ਦੀ ਸੂਝ ਜਾਗਦੀ ਹੈ, ਜਿਉਂ-ਜਿਉਂ ਆਤਮਕ ਰਸ ਆਉਣ ਲਗਦਾ ਹੈ ਤਿਉਂ-ਤਿਉਂ ਪ੍ਰਭੂ ਮਿਲਾਪ ਲਈ ਤੜਪ ਵਧਦੀ ਜਾਂਦੀ ਹੈ, ਹੌਲੀ-ਹੌਲੀ ਤੜਪ ਇਕ ਦਰਦ ਬਣ ਜਾਂਦੀ ਹੈ ਤਾ ਪ੍ਰਿਅ ਵਿਛੁਨੀ ਆਤਮਾ ਆਪਣੀ ਵੇਦਨਾ ਪ੍ਰਗਟ ਕਰਦੀ ਪੁਕਾਰ ਉਠਦੀ ਹੈ -

*ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥*
*ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਚਿੰਤ ਪਰਾਈ ॥*
*ਅੰਗ- ੭੯੫*

# ਜ਼ਰੂਰੀ ਸੂਚਨਾ

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ ਸ੍ਰੀ ਮਾਨ
ਸੰਤ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ
(ਨਿਊ ਚੰਡੀਗੜ੍ਹ)

FASTWAY

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**
**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**
**ਵੈਸਾਖਿ ਸੰਗਰਾਂਦ - 13 ਅਪ੍ਰੈਲ, ਦਿਨ ਸਨਿੱਚਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ - 13 ਅਪ੍ਰੈਲ, ਵਿਸਾਖੀ ਨੂੰ 11.00 ਵਜੇ ਸਵੇਰੇ।**
**ਵਿਸ਼ੇਸ਼ ਵਿਸਾਖੀ ਸਮਾਗਮ - ਸਵੇਰੇ 10.30 ਵਜੇ ਤੋਂ 3.30 ਵਜੇ ਤੱਕ।**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20 Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: **+91 98889 10777** 'ਤੇ **sms** ਕੀਤਾ ਜਾਵੇ।

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

### Germany

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

### Italy

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

### United Kingdom

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

### United States

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor’s ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 200/– | 70/– |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 25/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 4 0/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 440/– | |
| 35. | ਮਾਰਗ ਚੋਣ | 60/– | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 37. | ਆਤਮ ਗਿਆਨ ਭਾਗ – 1 | 120/– | |
| 38. | ਜਨਮ ਪਦਾਰਥੁ ਸਫਲੁ ਹੋਇ | 120/– | |
| 39. | ਜਨ ਪਰਉਪਕਾਰੀ ਆਏ (ਭਾਗ –1) | 65/– | |
| 40. | ਜਨ ਪਰਉਪਕਾਰੀ ਆਏ (ਭਾਗ –2) | 65/– | |
| 41. | ਗੁਰ ਅੰਗਦ ਅਮਰ ਨਿਧਾਨ | 10/– | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/– |
| 44. | ਮੰਝ ਗੁਰੂ ਕਾ ਬੋਹਿਥਾ | 30/– |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 46. | ਗੁਰੂ ਗ੍ਰੰਥ ਜੀ ਮਾਨਿਉ | 10/– |
| 47. | ਬਾਬਾ ਬੰਦਾ ਸਿੰਘ ਬਹਾਦਰ | 10/– |
| 48. | ਤ੍ਰੈ ਸ਼ਤਾਬਦੀ | 20/– |
| 49. | ਆਤਮ ਗਿਆਨ ਭਾਗ – 2 | 120/– |
| 50. | ਆਤਮ ਗਿਆਨ ਭਾਗ – 3 | 120/– |
| 51. | ਭਗਵਤ ਗੀਤਾ ਦੀ ਚਿਰ ਸਥਾਈ... | |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੂਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ – 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ – 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ – 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ – 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ – 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861100000008**

**RTGS/IFSC Code - PSIB0021286, Branch Code - C1286**

**Our Address: Gurdwara Ishar Parkash,**
**Ratwara Sahib,**
**(Near New Chandigarh) P.o. Mullanpur Garibdas,**
**Teh. Kharar, Distt. S.A.S Nagar (Mohali)**
**140901, Pb. India**

# Avinashi Jot - 1
# (Discourse - I)

*(Continued from P. 72, issue Mar. 2024)*

**Our temperaments are shaped by them. In temperaments are mingled our deeds of millions of births which move and regulate the engine of life. All call the *'swanti boond'* (raindrops fallen in the light half of the Lunar month of *Haar* – Mid May to mid June) as pure. The 'raindrop' itself is pure but falling at different places, it creates different effects.**

*'The 'Swanti boond' (auspicious raindrop) falls equally in all directions and places.*
*Falling in water, it mingles with water.*
*Falling on the earth, it mingles with it.'*
*ਸਮਸਰਿ ਵਰਸੈ ਸ੍ਵਾਂਤ ਬੂੰਦ ਜਿਉ ਸਭਨੀ ਥਾਈ॥*
*ਜਲ ਅੰਦਰਿ ਜਲੁ ਹੋਇ ਮਿਲੈ ਧਰਤੀ ਬਹੁ ਭਾਈ॥*
*ਭਾਈ ਗੁਰਦਾਸ ਜੀ, ਵਾਰ 2/5*

*'Falling on crops, trees, flowers and fruit, both bitter and sweet, it fills them with juice.'*
*ਕਿਰਖ ਬਿਰਖ ਰਸ ਕਸ ਘਣੇ ਫਲੁ ਫੁਲੁ ਸੁਹਾਈ॥*
*ਭਾਈ ਗੁਰਦਾਸ ਜੀ, ਵਾਰ 2/5*

**When it falls on the fruit, it increases the juice in them –**

*'Falling on coal, it creates cooling and soothing camphor.'*
*ਕੇਲੇ ਵਿਚਿ ਕਪੂਰੁ ਹੋਇ ਸੀਤਲੁ ਸੁਖਦਾਈ॥*
*ਭਾਈ ਗੁਰਦਾਸ ਜੀ, ਵਾਰ 2/5*

*'Falling into a sea-shell mouth, it is transformed into a precious pearl.'*
*ਮੋਤੀ ਹੋਵੈ ਸਿਪ ਮੁਹਿ ਬਹੁ ਮੋਲ ਮੁਲਾਈ॥*
*ਭਾਈ ਗੁਰਦਾਸ ਜੀ, ਵਾਰ 2/5*

**When this raindrop falls into the mouth of a sea-shell, it becomes a pearl which is very precious. But if it falls into the mouth of a snake it becomes poison. Then that snake moves about hissing –**

*'It becomes poison when it falls into the mouth of a snake that is ever intent on doing evil.'*
*ਬਿਸੀਅਰ ਦੇ ਮੁਹਿ ਕਾਲਕੂਟ ਚਿਤਵੈ ਬੁਰਿਆਈ॥*
*ਭਾਈ ਗੁਰਦਾਸ ਜੀ, ਵਾਰ 2/5*

**The snake is always seeking to do evil by biting.**

*'God Himself works in all, but the company holy, He adorns naturally.'*
*ਆਪੇ ਆਪਿ ਵਰਤਦਾ ਸਤਿਸੰਗਿ ਸੁਭਾਈ॥*
*ਭਾਈ ਗੁਰਦਾਸ ਜੀ, ਵਾਰ 2/5*

**It is like the Sun which shines equally in all vessels. Countless vessels are lying filled with water. In each one is its image, but if you place a mirror, it shines very brightly. It shines in water too. Similarly, he whose innermost consciousness or conscience is clear and free from dross, God illumines with full intensity. 'Light' is not at fault. In light, virtuous men do noble deeds. In lesser light, thieves commit thefts. It is in light that murders are committed, evil persons do evil deeds, take bribes, practise deceit and do black marketing. 'Light' only illumines. So, in this way, the fault is of bad company. God pervades everywhere and works in the entire creation.**

*Refrain: God Himself works in His creation,*
*In His creation ...*
*ਧਾਰਨਾ - ਆਪੇ ਹੀ ਵਰਤਦਾ, ਆਪਣੀ ਰਚਨਾ ਅੰਦਰ -2, 2.*
*ਆਪਣੀ ਰਚਨਾ ਅੰਦਰ -2, 2.*
*ਆਪੇ ਹੀ ਵਰਤਦਾ........- 2.*

*'Feeling hungry, God Himself goes to the kitchen.*
*He Himself cooks the food and in its relish is He Himself present.*
*Partaking of it, He Himself praises it and feels sated.*

*God Himself is the Enjoyer, the Savour and the tongue's relish.*
*He is both the Giver and the Enjoyer and imbues all body organs.*
*God Himself is pervading everywhere.*
*Only the Guruwards experience the joy of this realization.'*

***ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।***
***ਭੋਜਨ ਆਪਿ ਬਣਾਇਦਾ ਰਸ ਵਿਚਿ ਰਸ ਗੋਈ।***
***ਆਪੇ ਖਾਇ ਸਲਾਹਿਕੈ ਹੋਇ ਤ੍ਰਿਪਤਿ ਸਮੋਈ।***
***ਆਪੇ ਰਸੀਆ, ਆਪਿ ਰਸ, ਰਸੁ ਰਸਨਾ ਭੋਈ।***
***ਦਾਤਾ ਭੁਗਤਾ ਆਪਿ ਹੈ, ਸਰਬੰਗ ਸਮੋਈ।***
***ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਹੋਈ।।***

***ਭਾਈ ਗੁਰਦਾਸ ਜੀ, ਵਾਰ 2/3***

**Those persons who by practising God's worship and meditation have destroyed the three flaws of dross, anxiety and ignorance, see God present in the entire creation. They see Him clearly like a man whose cataract has been removed. This is because their inner self has been illumined. The Guru (Holy Preceptor) has removed the darkness of ignorance -**

*'The collyrium of knowledge has the Master to me imparted.*
*Thus, has my darkness of ignorance been eradicated.*
*By the Lord's grace have I met the Guru (master), says Nanak.*
*Thus has my mind been illuminated.'*

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***

***ਅੰਗ - 293***

**Once Saint Namdev Ji was baking loaves. He baked loaves and put them in a napkin. He went inside to bring 'ghee' (clarified butter) for greasing them. When he looked back, he saw a dog coming suddenly and running away with the loaves in the napkin. At that time, Namdev was in such a state of feeling God's omnipresence –**

*'Feeling hungry God Himself goes to the kitchen.'*

***ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।***

***ਭਾਈ ਗੁਰਦਾਸ ਜੀ, ਵਾਰ 2/3***

**He ran behind the dog calling out – 'O God, don't eat the loaves unbuttered'. One man says so out of sham pretention. He gains nothing. Namdev Ji truly saw God present everywhere, and nothing but God. For three to four miles he kept running after the dog. He was making only one utterance: 'O God, don't eat unbuttered loaves. I made a mistake that I did not grease the loaves immediately after baking.' There the dog stopped and put down the loaves. He started greasing the loaves and putting them on the napkin. When he looked up, he saw God sitting before him smiling.**

**He said, "Namdev! you recognized me even in the dog?'**

**Namdev Said, "O God! tell me where you are not present. You are present everywhere.'**

*'Feeling hungry, God Himself goes to the kitchen.*
*He Himself cooks the food and in its relish is He Himself present.*
*Partaking of it, He Himself praises it and feels sated.*
*God Himself is the Enjoyer, the Savour and the tongue's relish.*
*He is both the Giver and the Enjoyer and imbues all body organs.*
*God Himself is pervading everywhere.*
*Only the Guruwards experience the joy of this realization.'*

***ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।***
***ਭੋਜਨ ਆਪਿ ਬਣਾਇਦਾ ਰਸ ਵਿਚਿ ਰਸ ਗੋਈ।***
***ਆਪੇ ਖਾਇ ਸਲਾਹਿਕੈ ਹੋਇ ਤ੍ਰਿਪਤਿ ਸਮੋਈ।***
***ਆਪੇ ਰਸੀਆ, ਆਪਿ ਰਸ, ਰਸੁ ਰਸਨਾ ਭੋਈ।***
***ਦਾਤਾ ਭੁਗਤਾ ਆਪਿ ਹੈ, ਸਰਬੰਗ ਸਮੋਈ।***
***ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਹੋਈ।***

***ਭਾਈ ਗੁਰਦਾਸ ਜੀ, ਵਾਰ 2/3***

**So, he said, "O God! is there any place where you are not present?" At that moment, he uttered the following hymn from his experience –**

*Refrain: It is God who speaks in all body-vessels ...*

ਧਾਰਨਾ - ਰਾਮ ਬੋਲੇ, ਰਾਮ ਬੋਲੇ, ਰਾਮ ਬੋਲਦੈ,
ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ-2, 2.

*'Within all the hearts the Lord speaks, the omnipresent Lord speaks.*
*Save the Lord, who is it that speaks?*
*The same clay is in the elephant, the ant and the many varieties of vessels.'*

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ਰਾਮ ਬਿਨਾ ਕੋ ਬੋਲੈ ਰੇ॥
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥

ਅੰਗ - 988

**All that exists in the world is made of clay – whether it is an elephant or an ant. In all pervades one and the same God. Holy congregation! it is very easy to say this. Some persons start making this utterance in imitation of others. But it is very difficult to believe. As is easier to make this utterance, so is it harder to practise. It will become clear with the following example.**

**At a distance of 4-5 miles from our farm at a place called Caimree in U.P. lived a holy man. Once dacoits came to his place. They beat him severely. An attendant of the holy man used to come to us for paddy and wheat. He used to request me – 'Sometime come to our place.' The holy man lived nearby, but I had never met him. When I learnt that dacoits had raided his place and given him a beating, I went to enquire about him.**

**I said, "Holy man! how did it happen?"**

**He replied, "God had come."**

**I said, "How did He look like?"**

**He replied, "He was in the form of what you call a dacoit. He looked rather cruel and merciless." He said to me, "O holy man! give me whatever you have." I said, "O God! this body of mine too belongs to you. My breath is also yours. Whatever is here belongs to you. You can inspect the place. You may take whatever you like. I haven't put lock anywhere. In fact, I don't put any lock. But my attendants saw dacoits and so ran away. But I had seen only God in them. I said, "Today God has come in another form." At this he started beating me. He beat me a lot. God's hands touched me."**

**I said, "What happened then?"**

**He said, "Nothing happened. He took away whatever things were lying here."**

**I asked, "Then, didn't you report the matter to the Police?"**

**He replied, "What Police? We are talking about God. It was God who had come to afford me His glimpse. He comes in different guises."**

**In the meanwhile, when I got up to go in to find out from where the dacoits had entered, he said, "God is resting inside. Go in with a little care."**

**I said, "Which God?"**

**He said, "It is snake God."**

**I saw a snake lying inside. In the same hut, where lived the holy man, the snake also abided.**

**I asked, "When you sleep, does it go out?"**

**He replied, "I sleep outside here in the verandah. Sometimes, God in His free will sleeps on me and sometimes beside me."**

**I asked, "What when it is time for you to get up in the morning?"**

**He replied, "Then I pray to God – O God! now it is time to get up. Please allow**

me to get up. Then He leaves."

Holy congregation! cultivating this attitude of mind is not easy. It is very difficult. This attitude suits only those souls who have realized God. Mere talking is not enough. That is why, Guru Sahib's edict is –

*'In words we are good, but in deeds bad.*
*Within mind are we impure and black, but white from without.*
*We emulate those who stand and serve at the Lord's door.'*
*ਗਲੀਂ ਅਸੀਂ ਚੰਗੀਆਂ -2, 2.*
*ਆਚਾਰੀਂ ਬੁਰੀਆਂ -2, 2.*
*ਮਨਹੁ ਕਸੁਧਾਂ ਕਾਲੀਆਂ -2, 2*
*ਬਾਹਰ ਚਿਟਵੀਆਂ -2, 2.*
*ਰੀਸਾਂ ਕਰੇ ਤਿਨਾੜੀਆਂ -2, 2.*
*ਜੋ ਸੇਵਹਿ ਦਰਿ ਖੜੀਆਂ -2, 2.*

On hearing of this experience and conduct of the holy man, if we try to act like him, it will not succeed with us because we lack firm faith within us. Until God is revealed to us in manifest form, it is very difficult to act upon this –

*'Sharper than a two-edged sword and fine than hair-breadth is this way to traverse.'*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥*
*ਅੰਗ - 918*

